
ਸਿਰਜਣਾ
ਨਿਗਰਾਨ
ਰਘਬੀਰ ਸਿੰਘ
ਮੁਲ
ਡੇਢ ਰੁਪਿਆ

# ਸਿ ਰ ਜ ਣਾ

[ਸਾਹਿੱਤਕ ਤ੍ਰੈਮਾਸਕ]

ਜਿਲਦ 5

ਜਲੰਧਰ

ਅੰਕ 2

**ਚੰਦਾ ਦਸ** : ਪੰਜ ਰੁਪਏ
**ਪ੍ਰਦੇਸ** : ਦਸ ਸ਼ਲਿੰਗ

ਨਿਗਰਾਨ : **ਰਘਬੀਰ ਸਿੰਘ**

ਇਕ ਕਾਪੀ : ਡੇਢ ਰੁਪਈਆ

SIRJANA is approved by DPI Punjab for all Schools, Colleges and Social Education Centres vide his letter No 5/6—66 B (EP) dated 26.9.1966.

ਅਪਰੈਲ—ਜੂਨ 1969

# ਇਸ ਅੰਕ ਵਿਚ


| | | |
|---|---|---|
| **ਕਹਾਣੀ** | ਰੰਗੀਨ ਫਾਈਲਾਂ | ਜਸਵੰਤ ਸਿੰਘ ਵਿਰਦੀ, |
| | ਪੰਕਚਰ | ਗੁਲਜ਼ਾਰ ਸਿੰਘ ਸੰਧੂ |
| | ਰੇਤੜ | ਤਰਸੇਮ ਸਿੰਘ |
| | ਮਸ਼ੀਨਾਂ ਤੇ ਆਤਮਹੀਣ ਹੁੰਦੇ ਵਿਅਕਤੀ | ਰਵਿੰਦਰ ਰਵੀ |
| **ਕਵਿਤਾ** | | ਜਗਤਾਰ, ਗੁਰਚਰਨ ਰਾਮਪੁਰੀ. ਹਰਭਜਨ ਸਿੰਘ ਹੁੰਦਲ, ਫਤਿਹਜੀਤ, ਤ੍ਰੈਲੋਚਨ, ਸੁਹੇਲ ਸਿੰਘ, ਪ੍ਰੀਤਮ ਸਿੰਘ, ਕੁਮਾਰ ਵਿਕਲ, |
| | ਪਾਕਿਸਤਾਨੀ ਕਵਿਤਾ | ਅਹਿਮਦ ਸਲੀਮ |
| | ਵੀਅਤਨਾਮੀ ਕਵਿਤਾ | ਹੋ ਚੀ ਮਿੰਨ੍ਹ |
| **ਨਿਬਧ** | ਲਿਖਤੁਮ ਕੁਲਵੰਤ ਸਿੰਘ ਵਿਰਕ | ਪ੍ਰੇਮ ਪ੍ਰਕਾਸ਼ |
| | ਕਵੀ ਸਿਪਾਹੀ | ਰਘੁਬੀਰ ਢੰਡ |
| | ਸਾਹਿਤ ਦਾ ਪਸਾਰ | ਤ. ਰ. ਵਿਨੋਦ |
| | ਕ੍ਰਾਂਤੀਸ਼ੀਲ ਆਧੁਨਿਕਤਾ | ਤੇਜਵੰਤ ਸਿੰਘ ਗਿੱਲ |
| | ਲੈਨਿਨ ਤੇ ਤਾਲਸਤਾਏ | ਅਨਾਤੋਲੀ ਵਿਰਤੀਤਸਕੀ |
| **ਗੋਸ਼ਟ** | ਪੰਜਾਬੀ ਭਾਸ਼ਾ ਦੀ ਸਮਸਿਆ | ਸੰਤ ਸਿੰਘ ਸੇਖੋਂ, ਹਰਕਿਸ਼ਨ ਸਿੰਘ ਸੁਰਜੀਤ |
| **ਤੁਸਾਂ ਲਿਖਿਆ** | ਸਾਹਿਤ ਤੇ ਸ਼੍ਰੇਣੀ ਘੋਲ | ਪ੍ਰੀਤਮ ਸਿੰਘ |
| | ਕ੍ਰਾਂਤੀਸ਼ੀਲ ਆਧੁਨਿਕਤਾ | ਰਵਿੰਦਰ ਰਵੀ ਤੇ ਅਜਾਇਬ ਕਮਲ ਅਹਿਮਦ ਸਲੀਮ, ਤ੍ਰੈਲੋਚਨ, ਮੋਹਨਜੀਤ, ਆਦਿ |


ਮੁਖ ਚਿੱਤਰ : **ਹੁਮਦਮ**

## ਨਿਆਂਸ਼ਾਲਾ ਵਿਚ ਲਿਆਂਦਾ ਗਿਆ ਦੋਸ਼ੀ/ ਜਗਤਾਰ

ਜੀ ਮੇਰੇ ਕੋਲੋਂ ਬਦਬੂ
ਹਾਲੇ ਵੀ ਆਉਂਦੀ ਹੋਵੇਗੀ।
ਮੈਂ ਮੰਨਦਾ ਹਾਂ !

ਪਰ ਏਥੇ ਲਿਆਵਣ ਤੋਂ ਪਹਿਲਾਂ
ਮੇਰਾ ਹਰ ਉਹ ਕਪੜਾ,
ਸਾੜ ਸੁੱਟਿਆ ਸੀ ਜਿਸ ਵਿਚੋਂ
ਮੇਰੇ ਅੰਦਰ ਪਲੇ ਹੋਏ
ਵਿਦਰੋਹ ਦੀ ਬੂ ਆਉਂਦੀ ਸੀ।

ਮੇਰੀਆਂ ਅੱਖਾਂ ਕੰਨ ਤੇ ਜ਼ਿਹਨ ਤਲਾਸ਼ੀ ਵੇਲੇ
ਬਖਸ਼ੀਖਾਨੇ ਅੰਦਰ ਜਮਾਂ ਕਰ ਦਿੱਤੇ ਸਨ।

ਇਹ ਕੰਨ, ਜ਼ਿਹਨ ਤੇ ਅੱਖਾਂ ?
ਜੀ ਇਹ ਤਾਂ ਨਵੀਂ ਫੁੱਟੀਆਂ ਨੇ।

ਮੇਰੇ ਕੋਲੋਂ ਹਾਲੇ ਵੀ
ਬਦਬੂ ਆਉਂਦੀ ਹੋਵੇਗੀ ।
ਕਿਉਂਕਿ ਉਸ ਬਸਤੀ ਦੀ ਮਿੱਟੀ
ਮੇਰੇ ਅੰਗਾਂ ਅੰਦਰ ਲੁਕਕੇ
ਮੇਰੇ ਨਾਲ ਚਲੀ ਆਈ ਹੈ।

ਪਰ ਇਹ ਬੂ,
'ਕੱਲੇ ਵਿਦਰੋਹ ਦੀ ਨਹੀਂ
ਇਸ ਵਿਚ ਮੇਰੇ ਅੰਗਾਂ ਅੰਦਰ
ਲੁਕ ਕੇ ਆਈ ਮਿੱਟੀ ਦੀ
ਤੇ ਭੁੱਖਾਂ ਦੀ ਘੁਟਨ 'ਚ ਰਹਿਕੇ
ਮੇਰੇ ਅੰਦਰ ਮਰੇ ਹੋਏ
ਖਰਗੋਸ਼ ਦੀ ਬੂ ਵੀ ਸ਼ਾਮਿਲ ਹੈ।

ਜੀ ਹਾਂ,
ਮੈਂ ਉਹਨਾਂ ਦਾ ਸਾਥੀ ਹਾਂ
ਜੋ ਅੱਗਾਂ ਦੇ ਫੁੱਲ ਬੀਜਣ ਦੀ
ਗੱਲ ਕਰਦੇ ਨੇ ।
ਗਰਭਵਤੀ ਧਰਤੀ ਦਾ
ਗਰਭਪਾਤ ਰੋਕਣ ਲਈ
ਦਿਨ ਰਾਤੀਂ ਪੀੜਾਂ ਜਰਦੇ ਨੇ ।

ਜੀ ਹਾਂ,
ਅਸੀਂ ਵੀ ਆਮ ਮਨੁੱਖਾਂ ਵਾਂਗੂੰ ਹੀ
ਅੰਦਰੋਂ ਤਾਂ ਟੁੱਟੇ ਭੱਜੇ ਹਾਂ !
ਪਰ ਸਾਡੇ 'ਚੋਂ ਕੋਈ ਵੀ
ਹਮਦਰਦੀ ਦੀਆਂ ਬਸਾਖੀਆਂ ਨਾਲ ਨਹੀਂ ਹੈ ਤੁਰਦਾ
ਹਮਦਰਦੀ ਦਾ ਅੱਖਰ ਸਾਡੇ ਲਈ
ਦਾਦੇ ਦੀ ਟੁੱਟੀ ਹੋਈ ਜੁੱਤੀ ਵਰਗਾ ਹੈ ।

ਇਹ ਵੀ ਠੀਕ ਹੈ
ਅਸੀਂ ਛਿਣਾਂ ਦੇ ਈਸਾ ਹਾਂ
ਸਾਡੇ ਹੱਥਾਂ ਪੈਰਾਂ ਵਿਚ
ਕਿੱਲ ਗੱਡੇ ਹੋਏ ਨੇ ।
ਮੱਥੇ ਤੇ ਤ੍ਰਿਸ਼ੂਲ ਦਾ ਚਿੰਨ੍ਹ ਹੈ
ਤੇ ਜਿਸਮਾਂ ਤੇ ਸੂਲਾਂ ਉੱਗੀਆਂ ਹੋਈਆਂ ।

ਜੀ ਹਾਂ,
ਸਾਡੇ ਹਰ ਇਕ ਦੀ ਹੀ ਜੇਬ 'ਚ
'ਜ਼ਰਦੀ' ਨੂੰ ਮਾਰਨ ਵਾਲੀ
ਇਕ 'ਸੁਰਖੀ' ਹੈ !
ਤੇਲ, ਮਸ਼ਾਲਾਂ, ਤੀਲਾਂ ਦੀ ਡੱਬੀ
ਬੱਦਲਾਂ ਦੇ ਟੁਕੜੇ
ਸ਼ਬਦਾਂ ਦੇ ਪਰਚਮ
ਤੇ ਪਹਿਚਾਨਣ ਲਈ
ਕੁਰਸੀ ਤੇ ਬੈਠੇ ਉਠਾਂ ਦੇ
ਫੋਟੋ ਹਨ !

ਜੀ ਹਾਂ
ਇਹ ਸਭ ਕੁਝ ਹੀ

ਮੈਨੂੰ ਫੜਨ ਸਮੇਂ
ਮੇਰੀਆਂ ਜੇਬਾਂ 'ਚੋਂ ਮਿਲਿਆ ਸੀ,

ਜੀ ਮੇਰਾ ਨਾਂ ?
ਜੀ ਮੇਰਾ ਨਾਂ 'ਸੂਰਜ' ਹੈ।
ਜੀ ਮੇਰਾ ਪਿਉ ?
ਜੀ ਮੇਰਾ ਪਿਉ ਕੋਈ ਵੀ ਨਹੀਂ ।
ਜਦੋਂ ਕਦੇ ਨੇਰ੍ਹੇ ਦੇ ਜਾਲ 'ਚ ਫਸਕੇ
ਕੋਈ ਕੁਆਰੀ ਕਿਧਰੇ ਮਾਂ ਬਣਦੀ ਹੈ
ਮੇਰੇ ਜਹੇ ਬਾਗੀ ਜਣਦੀ ਹੈ ।

ਜੀ ਮੇਰਾ ਕੋਈ ਸ਼ਹਿਰ ਨਹੀਂ
ਜੀ ਮੇਰਾ ਕੋਈ ਦੇਸ਼ ਨਹੀਂ
ਜਿਸਨੂੰ ਬੜੀ ਦੇਰ ਮੈਂ ਆਪਣਾ ਦੇਸ਼ ਸਮਝਿਆ
ਇਸ ਵਿਚ ਮੇਰੇ ਨਾਲ ਬਦੇਸ਼ੀਆਂ ਵਰਗਾ

ਵਰਤਾਰਾ ਹੋਇਆ ਹੈ ।
ਜੀ ਮੈਂ ਕੋਈ ਸ਼ਹਾਦਤ
ਕੋਈ ਸਫਾਈ ਅਪਣੇ ਹੱਕ ਵਿਚ ਦੇ ਕੇ
ਸੱਪ ਦੇ ਕੰਨ ਸਾਬਤ ਕਰ ਸੱਕਾਂ
ਸੰਭਵ ਨਹੀਂ ਹੈ !

ਜੀ ਮੇਰੇ ਅੰਗਾਂ ਵਿਚ
ਲੁਕ ਕੇ ਆਈ ਮਿੱਟੀ
ਤੁਹਾਡੇ ਨਿਆਂ ਨੂੰ
ਮਰੇ ਹੋਏ ਬਦਬੂ ਮਾਰਦੇ
ਚੂਹੇ ਵਾਂਗ ਬੇਅਰਥਾ ਅੱਖਰ ਸਮਝ ਰਹੀ ਹੈ !
ਮੈਨੂੰ ਛੇਤੀ ਨਿਆਂਸ਼ਾਲਾ 'ਚੋਂ
ਮਕਤਲ ਵਿਚ ਲੈ ਚੱਲੋ
ਤਾਕਿ ਮੇਰਾ ਲਹੂ ਆਪਣੇ ਗਰਭ 'ਚ ਲੈਕੇ
ਮਿੱਟੀ ਗਰਭਵਤੀ ਹੋ ਜਾਏ ।
ਤੇ ਕੋਈ ਇਬਨਿ-ਮਰੀਅਮ
ਕੰਡਿਆਂ ਦਾ ਸਿਰ ਤਾਜ ਪਹਿਨਕੇ
ਇਸ ਮਿੱਟੀ ਨੂੰ
ਸਜਦਾ ਕਰਨ ਲਈ ਫਿਰ ਆਏ !

———

## ਤ੍ਰਿਸ਼ੰਕੂ/ ਗੁਰਚਰਨ ਰਾਮਪੁਰੀ

ਕਿਰਨ ਕਦੇ ਚਹਿਕਾਰ ਜਗਾਉਂਦੀ ਹੈ ਮੈਨੂੰ
ਮੈਂ ਫਿਰ ਮੂੰਹ ਤੇ ਲੋਈ ਲੈ ਕੇ ਸੌਂ ਜਾਨਾਂ।
ਕਿਸੇ ਕਵੀ ਦੀ ਕਵਿਤਾ ਮੈਨੂੰ ਧੋਂਦੀ ਹੈ
ਮੈਂ ਦੂਜੇ ਪਲ ਮੁੜਕੇ ਮੈਲਾ ਹੋ ਜਾਨਾਂ!

ਬੁਣਿਆ ਜਾਲ ਮੈਂ ਆਪ ਦੁਆਲੇ ਅਪਣੇ ਹੀ
ਹਥੀਂ ਵੱਟੀਆਂ ਡੋਰਾਂ, ਮੋਹ ਕਦ ਮਰਦਾ ਹੈ?
ਕੱਚ ਸੱਚ ਦੀਆਂ ਲਹਿਰਾਂ 'ਤੇ ਮਨ ਡੋਲ ਰਿਹਾ
ਦੋ ਧਾਰੀ ਦੀ ਚੋਭ ਜਿਊੜਾ ਜਰਦਾ ਹੈ।

ਹੁਣੇ ਤ੍ਰੇਲੀ ਵਾ ਦਾ ਡੂੰਘਾ ਸਾਹ ਭਰਿਆ
ਕੰਧਾਂ ਵਿਚ ਜਾ ਘਿਰਨ ਨੂੰ ਕਿਉਂ ਦਿਲ ਕਰਦਾ ਹੈ?
ਮੂੰਹ ਆਖੇ ਕਿ ਆਸ਼ਕ ਹੈ ਦਿਲ ਬੇਲੇ ਦਾ
ਅਮਲ ਕਹੇ ਕਿ ਕੀੜਾ ਨ੍ਹੇਰੇ ਘਰ ਦਾ ਹੈ।

ਨਜ਼ਰ ਪਰਬਤਾਂ ਦੀ ਟੀਸੀ ਤੇ ਟਿਕਦੀ ਹੈ
ਬਲ ਤੇ ਜਿਗਰਾ ਅਸਲੋਂ ਕਦ ਅਜ਼ਮਾਇਆ ਹੈ?
ਅੰਬਰ ਦੀ ਚੌੜਾਈ ਖਿੱਚਾਂ ਪਾਉਂਦੀ ਹੈ
ਪਰ ਮਿੱਟੀ ਤੋਂ ਪੱਲਾ ਕਦੋਂ ਛੁਡਾਇਆ ਹੈ?

ਪੁੱਛੇ ਪ੍ਰਸ਼ਨ ਅਨੇਕਾਂ ਜੀਵਨ ਤੋਂ, ਮਨ ਤੋਂ,
ਪਰ ਕਿੰਨਿਆਂ ਦਾ ਉੱਤਰ ਲਭਿਆ : ਪਾਇਆ ਹੈ?
ਲੋਚਾ, ਨੂਰ, ਸੁਹੱਪਣ ਸ਼ੇਅਰ, ਉਡਾਰੀ ਦੇ
ਹਰ ਪਰ ਹੇਠਾਂ ਪੱਥਰ ਆਪ ਬੰਨ੍ਹਿਆਇਆ ਹੈ।

— — —

## ਆਕਾਸ਼ ਦੇਸ਼ ਦਾ ਨਾਟਕ/ ਸੁਹੇਲ ਸਿੰਘ

**ਸ. ਸ. ਮੀਸ਼ਾ ਦੇ ਨਾਂ**

ਚੌਰਾਹਿਆਂ ਵਿਚ ਭਟਕ ਭਟਕ ਕੇ
ਗਲੀ ਗਲੀ ਦਾ ਚੱਕਰ ਲਾ ਕੇ
ਦਰ ਦਰ 'ਤੇ ਮੈਂ ਦਸਤਕ ਦਿੱਤੀ
ਹਰ ਦੁਖੀਏ ਦਾ ਦੁਖ ਵੰਡਾਇਆ ।

ਫੁੱਲਾਂ ਦੀ ਮੈਂ ਭਾਲ 'ਚ ਤੁਰਿਆ
ਪਰ ਕੰਡਿਆਂ ਨੇ ਪੱਲਾ ਫੜਿਆ
ਹਰ ਭਖਦੀ ਹਿੱਕ ਠੰਡੀ ਕੀਤੀ
ਪਰ ਦੁਨੀਆਂ ਨੇ ਮੋਹ ਨਾ ਪਾਇਆ ।
ਵੈਰ ਕਮਾਇਆ !

ਹਰ ਵਾਦ ਦਾ ਅਧਿਅਨ ਕਰਕੇ
ਹਰ ਖੇਤਰ ਦਾ ਧੰਦਾ ਕਰਕੇ
ਮੈਂ ਚੁਰਸਤੇ ਵਿਚ ਆ ਖੜਿਆ
ਅਕਲ ਹੋਸ਼ ਨੂੰ ਜੰਦਰੇ ਲਾ ਕੇ
ਪਿਛਲੇ ਉਤੇ ਮਿੱਟੀ ਪਾ ਕੇ
ਹੌਸਲਾ ਕਰਕੇ ਅੱਗੇ ਵਧਿਆ ।
ਗਾਂਧੀਵਾਦ ਦਾ ਪੱਲਾ ਫੜਿਆ !

ਬਾਪੂ ਗਾਂਧੀ ਕਿੰਨਾ ਚੰਗਾ
ਘਰ ਵਿਚ ਮੇਰੇ ਆ ਗਈ ਗੰਗਾ
ਹਰ ਪਾਸੇ ਹਰਿਆਵਲ ਜਾਪੇ
ਊਚ ਨੀਚ ਦਾ ਭੇਦ ਮਿਟ ਗਿਆ
ਨਾ ਕੋਈ ਭੁੱਖਾ ਨਾ ਕੋਈ ਨੰਗਾ ।

ਆਕਾਸ਼ ਦੇਸ਼ ਦਾ ਮੈਂ ਹਾਂ ਰਾਜਾ
ਰਾਣੀਆਂ ਮੈਨੂੰ ਝੁਰਮਟ ਪਾਇਆ
ਮੇਰਾ ਲੂੰ ਲੂੰ ਨਸ਼ਿਆਇਆ ।
ਮੈਂ ਕਿਸ ਧਰਤੀ ਦੇ ਵਿਚ ਆਇਆ !

ਉਚੀ ਕੁਰਸੀ ਉਤੋਂ ਉਠਕੇ
ਭਰੇ ਜਾਮ ਨੂੰ ਖਾਲੀ ਕਰਕੇ
ਮਹਿਮਾਨਾਂ ਨਾਲ ਅੱਖ ਲੜਾਕੇ
ਮੇਜ਼ 'ਤੇ ਜਦ ਮੈਂ ਥੱਪੜ ਲਾਇਆ
ਰਾਣੀਆਂ ਤਾਲ 'ਚ ਤਾਲ ਮਿਲਾਕੇ
ਤਿੱਤਲੀਆਂ ਬਣਕੇ ਝੁੰਮਰ ਪਾਇਆ
ਹਾਲੀਵੁਡ ਭੁਲਾਇਆ !

ਦੋਸਤ ਮੇਰੇ ਖੁਸ਼ੀ 'ਚ ਨੱਚੇ
'ਸ਼ਾਮੇ ਗ਼ਾਲਿਬ' ਸੁਬਹ ਬਣੀ ਤਾਂ
ਇਕ ਦੂਜੇ ਤੋਂ ਹੱਥ ਛੁਡਾਇਆ
ਕਿੰਨਾ ਵਡਾ ਸੂਰਜ ਆਇਆ !

— — —

## ਮੁਕਤੀ-ਇੱਛਕ ਅਪਰਾਧੀ/ ਤ੍ਰੈਲੋਚਨ

ਮੇਰਾ ਸਿਰ ਕੱਟਕੇ ਹਥੇਲੀ ਤੇ ਰੱਖ ਦਿਓ
ਤੇ ਨੰਗਾ ਕਰ ਜਿਸਮ ਇਸ ਵੀਰਾਨ ਜੰਗਲ 'ਚ ਛੱਡ ਦਿਓ।

ਮੇਰਾ ਧੜ ਜੋ ਕਿਸੇ ਆਦਿ-ਵਾਸੀ ਦੀ ਹੈ
ਮੇਰਾ ਸਿਰ ਜੋ ਮੇਰਾ ਨਹੀਂ ਰਿਹਾ
ਜਿਸ 'ਤੇ ਜੰਮੀਂ ਗਿਆਨ ਦੀ ਜਿਲ੍ਹਣ
ਕਨਜ਼ੀਊਮ ਕਰ ਬੈਠੀ ਹੈ ਰੌਸ਼ਨੀ ਨੂੰ
ਜੋ ਇਕ ਨੈਤਿਕ ਭੁੱਲ ਹੈ
ਤੇ ਵਿਧਾਨਕ ਤੌਰ ਤੇ ਵੀ
ਵਰਜਿਤ ਕਰਾਰ ਦਿੱਤੀ ਜਾ ਰਹੀ ਹੈ ਮੇਰੇ ਦੇਸ਼ 'ਚ !

ਪਰ ਇਹ ਅਪਰਾਧ ਸਜ਼ਾ ਮੈਂ
ਪਾਰਲੀਮੈਂਟ ਦੀਆਂ ਕੁਰਸੀਆਂ 'ਤੇ
ਸ਼ਸ਼ੋਭਿਤ ਇਜੜ ਦੇ ਆਦੇਸ਼ਾਂ ਰਾਹੀਂ
ਬੁੱਢੇ ਲੂੰਬੜ ਤੋਂ ਨਹੀਂ ਸੁਨਣੀ ਚਾਹੁੰਦਾ—
—ਤੁਸੀਂ ਜੋ ਸੁਆਰਥ ਜਾਂ ਭੈ ਕਾਰਨ
ਇਸ ਇਜੜ ਨੂੰ ਹਿੱਕਕੇ ਪਾਰਲੀਮੈਂਟ 'ਚ
ਛੱਡ ਆਏ ਹੋ......ਤੁਹਾਥੋਂ ਮੰਗਦਾ ਹਾਂ !

ਇਹ ਇਜੜ ਇਨਸਾਫ ਨਹੀਂ ਕਰੇਗਾ
ਮੈਨੂੰ ਪਤਾ ਹੈ......
......ਇਹ ਸਜ਼ਾ ਮੇਰੀ ਥਾਂ ਮੇਰੇ ਬਾਪ ਨੂੰ ਦੇਵੇਗਾ
ਤੇ ਮੇਰੀ ਮਾਂ ਦੀ ਅੰਡ ਕੋਸ਼ ਨੂੰ ਛਾਲਣੀ ਕਰ ਦੇਵੇਗਾ ਬਾਰੂਦ ਨਾਲ
ਤਾਂ ਕਿ ਉਹ ਮੇਰੇ ਜਿਹੇ ਕਿਸੇ ਹੋਰ
ਅਪਰਾਧੀ ਨੂੰ ਨਾਂਹ ਜਨਮ ਦੇ ਸਕੇ
ਤੇ ਮੈਨੂੰ ਮਾਰਨ ਦੀ ਸਾਜ਼ਸ਼ 'ਚ
ਕਿਸੇ ਵਸੀਲੇ ਮੇਰੀ ਪਤਨੀ ਹੱਥੋਂ
ਮੈਨੂੰ ਜ਼ਹਿਰ ਦਿਵਾਏਗਾ—

ਤੇ ਉਸ ਨੂੰ ਮੇਰੀ ਮੌਤ ਦੇ ਅਪਰਾਧ 'ਚ
ਫਾਂਸੀ ਦਾ ਕਰੜਾ ਹੁਕਮ ਸੁਣਾਏਗਾ
ਇੰਜ ਖਤਰਨਾਕ ਸਰਬੰਸ ਮਿਟ ਜਾਏਗਾ
ਦੇਸ਼ ਦਾ ਅਦਾਲਤੀ ਕਾਨੂੰਨ ਵੀ ਬਚ ਜਾਏਗਾ

ਇਸੇ ਲਈ ਮੈਂ ਜੋ ਇਸ ਸੱਚ ਨੂੰ ਜਾਣਦਾ ਹਾਂ
ਤੁਹਾਨੂੰ ਕਹਿੰਦਾ ਹਾਂ ਕਿ
ਇਜੜ ਜੋ ਤੁਹਾਡਾ ਵਫਾਦਾਰ ਹੈ
ਉਸ ਦੀ ਥਾਂ ਤੁਸੀਂ ਜੋ ਇਜੜ ਦੇ ਪਾਲਕ ਹੋ
ਮੈਨੂੰ ਸਜ਼ਾ ਦਿਓ—
—ਮੇਰਾ ਸਿਰ ਕੱਟਕੇ ਹਥੇਲੀ ਤੇ ਰੱਖ ਦਿਓ
ਜਾਂ ਅਜਾਇਬ ਘਰ 'ਚ ਟਿਕਾ ਦਿਓ !

ਮੇਰੀ ਧੜ ਜੋ ਕਿਸੇ ਆਦਿ-ਵਾਸੀ ਦੀ ਹੈ
ਮੇਰਾ ਸਿਰ ਜੋ ਮੇਰੀ ਧੜ ਦੇ ਕਾਬਲ ਨਹੀਂ ਰਿਹਾ
ਇਨ੍ਹਾਂ ਨੂੰ ਖੰਡਿਤ ਕਰ ਦਿਓ
ਮੁਕਤ ਕਰ ਦਿਓ ਮੈਨੂੰ
ਹੇ ਮੇਰੇ ਦੇਸ਼ ਵਾਸੀਓ ?

— — — —

## ਸਾਥ / ਫਤਿਹਜੀਤ

ਵਿਚ ਬਾਜ਼ਾਰਾਂ
ਰੌਣਕ ਬਣ ਬਣ ਤੁਰਦੀਆਂ ਕੁੜੀਆਂ
ਮੱਛੀਆਂ ਵਾਂਗੂੰ
ਹਰ ਮਹਿਫਲ ਵਿਚ ਤਰਦੀਆਂ ਕੁੜੀਆਂ
ਜਦ ਲੰਘਣ
ਆਵਾਜ਼ਾਂ ਦਿੰਦੀਆਂ ਜਾਵਣ,
ਜੇ ਕੋਈ—
ਏਹਨਾਂ ਨਾਲ ਤੁਰਨ ਦੀ ਸੋਚੇ
ਅਗਲੇ ਸਾਥ ਛੁਪਾਕੇ ਹੱਸਣ
ਸੱਚੀਆਂ ਬਣਨ ਤੇ ਹੰਝੂ ਕੇਰਨ
ਕਣੀਆਂ ਵਾਂਗੂੰ ਵੱਸਣ
ਇਕ ਨਾਇਲਨ ਦੇ ਪਰਦੇ ਵਰਗਾ ਪਰਦਾ
ਸੱਚ ਤੇ ਪਾਵਣ
ਸੁੱਚੀਆਂ ਬਣਨ ਤੇ ਝੂਠ ਛੁਪਾਵਣ।
ਪਰ, ਜਦ ਥੋੜਾ ਅਗੇ ਜਾਕੇ
ਪਿਛਾਂਹ ਮੁੜਕੇ ਤਕੋ—
ਪਹਿਲਾ ਸਾਥ ਨਜ਼ਰ ਨਾ ਆਏ।
ਦੂਜਾ ਹੱਥ ਵਧਾਏ !

———

## ਕਿਥੇ ਗਏ ਮੇਰੇ ਰਾਮ ਜੀਓ/ ਪ੍ਰੀਤਮ ਸਿੰਘ

ਘੁਗ ਵਸਦੇ ਸ਼ਹਿਰ ਅੰਦਰ
ਗਾਟੀ ਮੇਰੀ ਪੈਰ ਧਰਕੇ ਲੋਕ ਲੰਘਣ
ਗਿਰਝਾਂ ਮੇਰਾ ਮਾਸ ਨੋਚਣ
ਕੁੱਤੇ ਮੇਰੇ ਖੰਭ ਖੋਹਣ
ਆਨੇ ਟੱਡੀ ਵੇਖਦਾ ਹਾਂ
ਕਦੋਂ ਮੇਰਾ ਰਾਮ ਆਵੇ
ਸੀਤਾ ਹਰਨ ਦੀ ਬਾਤ ਪਾਵੇ
ਆਪ ਬੀਤੀ ਦੱਸ ਦਿਆਂ
ਆਸੀਸ ਮੰਗਾਂ
ਤੇ ਦਮ ਤੋੜ ਦੇਵਾਂ

ਘੁਗ ਵਸਦੇ ਸ਼ਹਿਰ ਅੰਦਰ
ਚਿਟੇ ਚਾਨਣ
ਹਰ ਰੋਜ਼ ਸੀਤਾ ਹਰਦੀਆਂ
ਚੌਹੀਂ ਪਾਸੀਂ ਕੰਨ ਲਾਏ
ਰਾਮ ਰਾਮ ਦੀ ਨਾ ਕੂਕ ਆਏ
ਜੇਰਾ ਕਰਕੇ ਚੀਕ ਮਾਰੀ
ਖਬਰਦਾਰ !
ਲੋਕ ਸਾਰੇ ਹੱਸ ਪਏ
ਬੇਸੁਧ ਹੋਕੇ ਢੈ ਪਿਆ ਮੈਂ
ਤੇ ਹੁਣ ਚੋਰ ਅੱਖੀਂ ਵੇਖਦਾ ਹਾਂ
ਕਦੋਂ ਮੇਰਾ ਰਾਮ ਆਵੇ
ਸੀਤਾ ਹਰਨ ਦੀ ਬਾਤ ਪਾਵੇ
ਆਸੀਸ ਦੇਵੇ
ਦੰਮ ਤੋੜਾਂ ।

———

## ਬਦਲਦੇ ਮੁਖੌਟੇ/ ਹਰਭਜਨ ਸਿੰਘ ਹੁੰਦਲ

ਫਰਕ ਬੱਸ ਏਨਾ ਪਿਆ
ਤੂੰ ਮੁਖੌਟਾ ਬਦਲਿਆ ।

ਤੇਰੇ ਵਰਗੇ
ਵਕਤ ਦੀ ਰਫਤਾਰ ਨੂੰ ਤਾਂ
ਸਮਝਦੇ ।

ਮਹਾਰਾਜੇ ਨਾਲ ਤੇਰਾ ਨੇੜ ਸੀ ।

ਤੇ ਭਰੇ ਦਰਬਾਰ ਤੇਰੀ
ਗੱਲ ਨਾ ਕੋਈ ਮੋੜਦਾ ਸੀ ।

ਨਿੱਕੀਆਂ ਇੱਟਾਂ ਦੀ ਬਣੀ
ਇਹ ਤੇਰੀ ਉਚੀ ਹਵੇਲੀ
ਪਿੰਡ ਉਤੇ ਛਾਈ ਦਿਸਦੀ ।

ਤੇਰੀ ਇਛਾ ਤੋਂ ਬਿਨਾਂ
ਚਿੜੀ ਦਾ ਇਕ ਖੰਭ ਵੀ ਨਾ
ਫੜਕਦਾ ਸੀ ।

ਰੁੱਤ ਬਦਲੀ
ਤੂੰ ਮੁਖੌਟਾ ਬਦਲਿਆ ।

ਘਰ ਦੇ ਕੱਤੇ ਸੂਤ ਦੀ ਤੂੰ
ਇਕ ਨਵੀਂ ਜੈਕਟ ਸੰਵਾਈ ।

ਤੋੜ ਦਿੱਲੀ ਤੀਕ
ਤੇਰੀ ਚਲਦੀ ਸੀ
ਤੇ ਹਵਾਵਾਂ
ਰੋਜ਼ ਤੈਨੂੰ ਪੁਛ ਕੇ ਹੀ ਤੁਰਦੀਆਂ ਸੀ।

ਫਿਰ ਜਦੋਂ ਕੁਝ ਸਾਲ ਪਿਛੋਂ
ਏਸ ਖੱਦਰ ਨੇ ਜ਼ਰਾ ਬਦਬੂ ਮਾਰੀ
ਤੂੰ ਮੁਖੌਟਾ ਬਦਲਿਆ।

ਇਕ ਨਵੀਂ ਦਸਤਾਰ
ਨੀਲੇ ਰੰਗ ਦੀ
ਸਿਰ 'ਤੇ ਸਜਾਈ।
ਤਿੰਨ-ਫੁੱਟੀ
ਗਲ ਵਿਚ ਕਿਰਪਾਨ ਪਾਈ।

———

# ਛੋਟੀ ਜਿਹੀ ਲੜਾਈ/ ਕੁਮਾਰ ਵਿਕਲ

ਮੈਂ ਲੜਨੀ ਹੈ ਇਕ ਛੋਟੀ ਜਿਹੀ ਲੜਾਈ
ਇਕ ਝੂਠੀ ਲੜਾਈ 'ਚ ਮੈਂ ਇਤਨਾ ਥੱਕ ਗਿਆ ਹਾਂ
ਕਿ ਹੁਣ ਕਿਸੇ ਵੱਡੀ ਲੜਾਈ ਦੇ ਕਾਬਿਲ ਨਹੀਂ ਰਿਹਾ।

ਮੈਂ ਲੜਨਾ ਨਹੀਂ ਹੁਣ ਕਿਸੇ ਛੋਟੇ ਕੱਦ ਵਾਲੇ ਆਦਮੀ ਦੇ ਇਸ਼ਾਰੇ 'ਤੇ
ਜੋ ਆਪਣਾ ਕੱਦ ਲੰਬਾ ਕਰਨ ਲਈ
ਸਾਰੇ ਦੇਸ਼ ਨੂੰ ਯੁੱਧ 'ਚ ਝੋਂਕ ਦਿੰਦਾ ਹੈ
ਮੈਂ ਲੜਨਾ ਨਹੀਂ ਕਿਸੇ ਪ੍ਰਤੀਕ ਦੇ ਲਈ
ਕਿਸੇ ਨਾਮ ਲਈ ਜਾਂ ਕਿਸੇ ਵੱਡੇ ਪਰੋਗਰਾਮ ਲਈ
ਮੈਂ ਲੜਨੀ ਹੈ ਇਕ ਛੋਟੀ ਜਿਹੀ ਲੜਾਈ
ਛੋਟੇ ਲੋਕਾਂ ਦੇ ਵਾਸਤੇ, ਛੋਟੀਆਂ ਗੱਲਾਂ ਦੇ ਵਾਸਤੇ
ਮੈਂ ਲੜਨਾ ਹੈ ਇਕ ਮਾਮੂਲੀ ਕਲਰਕ ਦੇ ਲਈ
ਜਿਹੜਾ ਬਿਨਾ ਚਾਰਜਸ਼ੀਟ ਦੇ ਮੁਅਤਿਲ ਹੋ ਜਾਂਦਾ ਹੈ
ਤੇ ਆਂਦਰਾਂ ਵਿਚ ਅਲਸਰ ਦਾ ਦਰਦ ਲੈ ਕੇ
ਅੱਖਾਂ 'ਚ ਆਤਮ ਘਾਤ ਦੀ ਛਾਇਆ—
ਜੇਬਾਂ 'ਚ ਇਨਸਾਫ ਦੀ ਅਰਜ਼ੀ ਦੀਆਂ ਨਕਲਾਂ ਲੈ ਕੇ
ਨੌਕਰਸ਼ਾਹੀ ਦੇ ਫੌਲਾਦੀ ਦਰਵਾਜ਼ੇ
ਆਪਣੇ ਕਮਜ਼ੋਰ ਹੱਥਾਂ ਨਾਲ ਖਟਖਟਾਂਦਾ ਹੈ
ਮੈਂ ਲੜਨਾ ਹੈ ਗੈਂਡਾ-ਨੁਮਾ ਲੋਕਾਂ ਦੇ ਪ੍ਰਬੰਧ ਦੇ ਖਿਲਾਫ
ਜਿਸ ਨਾਲ ਜੂਝਦਾ ਹੋਇਆ ਇਕ ਆਮ ਆਦਮੀ ਟੁੱਟ ਜਾਂਦਾ ਹੈ
ਅਤੇ ਮੈਂ ਲੜਨਾ ਹੈ
ਆਪਣੀਆਂ ਕਵਿਤਾਵਾਂ ਦੇ ਬਿੰਬਾਂ ਦੇ ਖਿਲਾਫ
ਜਿਨ੍ਹਾਂ ਦੇ ਹਨੇਰੇ 'ਚ ਮੈਥੋਂ
ਜ਼ਿੰਦਗੀ ਦਾ ਉਜਾਲਾ ਛੁੱਟ ਜਾਂਦਾ ਹੈ।

———

# ਤਿੰਨ ਗੌਣ-ਦੋ ਨਜ਼ਮਾਂ/ ਅਹਿਮਦ ਸਲੀਮ

## 1. ਪ੍ਰਕਾਸ਼ ਕੌਰ ਸੁਰਿੰਦਰ ਕੌਰ

ਸੁੰਝੀਆਂ ਰਾਹਵਾਂ ਉਤੇ
ਤੁਰਦੇ ਤੁਰਦੇ
ਮੈਨੂੰ ਗੀਤਾਂ ਦੀ ਇਕ ਮਾਲਾ ਲੱਭੀ
ਫਿਰ ਸੁੰਝੀਆਂ ਰਾਹਵਾਂ ਸੁੰਝੀਆਂ ਨਾ ਰਹੀਆਂ
ਫਿਰ ਅੱਖਾਂ ਦੇ ਮੋਤੀ
ਚਾਨਣ ਦੇ ਫੁਲ ਬਣ ਗਏ
ਫਿਰ ਇਕ ਨਾਰ ਦੀ ਸੂਹੀ ਚੁੰਨੀ
ਹੰਝੂਆਂ ਦੇ ਸਾਗਰ ਵਿਚ ਤਰਦੀ ਤਰਦੀ
ਆਪਣੇ ਹੱਕ ਲਈ ਉਠੀਆਂ ਬਾਹਵਾਂ ਸੰਗ ਲਹਿਰਾਈ
ਗੀਤਾਂ ਦੀ ਇਹ ਸੁੰਦਰ ਮਾਲਾ
ਮੇਰੇ ਸਾਰੇ ਦੁਖੜੇ ਵੰਡੇ
ਵੇਖ ਨਾ ਸਕੇ ਮੇਰੇ ਪੈਰੀਂ ਕੰਡੇ
ਜੀਕਣ ਮਾਂ ਦੀ ਮਮਤਾ
ਆਪਣੇ ਹੱਕ ਲਈ ਉਠੀਆਂ ਬਾਹਵਾਂ ਹੋਰ ਵੀ ਉਚੀਆਂ ਹੋ ਗਈਆਂ ਨੇ ।

## 2. ਲਤਾ ਮੰਗੇਸ਼ਕਰ

ਸੱਧਰਾਂ ਦੇ ਸਾਗਰ ਵਿਚ ਡੁੱਬੇ
ਨੈਣ ਵਿਰਾਗੇ ।
ਅੱਜ—
ਸਾਡੇ ਗੀਤਾਂ ਦੇ ਭਾਗ ਵੀ ਜਾਗੇ
ਗੀਤ ਅਸਾਡੀ ਧਰਤੀ ਮਾਂ ਦੇ ਬੱਚੜੇ
ਹੋਠ ਅਸਾਡੇ ਨਹੀਂ
ਫੇਰ ਵੀ ਸਾਡੇ ਆਪਣੇ
ਗੀਤਾਂ ਤੇ ਹੋਠਾਂ ਦੀ ਸਾਂਝ ਪੁਰਾਣੀ ।

———

## ਰੰਗੀਨ ਫਾਈਲਾਂ / ਜਸਵੰਤ ਸਿੰਘ ਵਿਰਦੀ

ਦਫਤਰਾਂ ਦੀ ਭਰਪੂਰ ਦੁਨੀਆ ਵਿਚ ਜਿਹੜੀ ਚੀਜ਼ ਮੈਨੂੰ ਸਖਤ ਨਾ ਪਸੰਦ ਹੈ, ਉਹ ਹਨ ਫਾਈਲਾਂ। ਦਫਤਰ ਵਿਚ ਰਹਿਕੇ ਫਾਈਲਾਂ ਨੂੰ ਨਾ ਪਸੰਦ ਕਰਨਾ ਇਵੇਂ ਹੀ ਹੈ ਜਿਵੇਂ ਦਰਿਆ ਵਿਚ ਰਹਿਕੇ ਮਗਰਮੱਛ ਨਾਲ ਵੈਰ ਰਖਿਆ ਜਾਵੇ। (ਕਹਾਵਤ ਬੜੀ ਪੁਰਾਣੀ ਹੈ।)... ਪਰ ਇਸ ਦਿਲ ਨੂੰ ਕੌਣ ਸਮਝਾਵੇ।

ਆਪਣੀ ਕੁਰਸੀ ਤੇ ਬੈਠਾ ਜਦੋਂ ਮੈਂ ਫਾਈਲਾਂ ਨਾਲ ਉਲਝਿਆ ਹੋਇਆ ਹੁੰਦਾ ਹਾਂ, ਤਾਂ ਉਸ ਵੇਲੇ ਫਾਈਲਾਂ ਦਾ ਢੇਰ ਮੇਰੇ ਨਾਲੋਂ ਉੱਚਾ ਤੇ ਮੇਰੀ ਕੁਰਸੀ ਉਹਨਾਂ ਦੇ ਸਾਹਮਣੇ ਨਾ ਚੀਜ਼ ਜਾਪਦੀ ਹੈ। ਉਤਾਂਹ ਹੋਣ ਲਈ ਕੁਰਸੀ 'ਚੋਂ ਉਛਲਦਾ ਹਾਂ ਤਾਂ ਉਹ ਹੋਰ ਵੀ ਉੱਚੀਆਂ ਹੋ ਗਈਆਂ ਮਹਿਸੂਸ ਹੁੰਦੀਆਂ ਨੇ।

ਬਾਹਰੋਂ ਮਿਲਣ ਆਉਣ ਵਾਲਾ ਕੋਈ ਯਾਰ-ਦੋਸਤ ਮੈਨੂੰ ਇਸ ਪੁਜ਼ੀਸ਼ਨ (?) ਵਿਚ ਵੇਖਕੇ ਕਹਿੰਦਾ ਹੈ—"ਤੇਰੀ ਜਵਾਨੀ ਤਾਂ ਫਾਈਲਾਂ ਦੇ ਖੰਡਰਾਂ ਵਿਚ ਉਲਝ ਕੇ ਰਹਿ ਗਈ।"

"ਹੁਣ ਮੈਂ ਆਪਣੀ ਜਵਾਨੀ ਦੇ ਖੰਡਰਾਂ 'ਚ ਫਾਈਲਾਂ ਨੂੰ ਉਲਝਾ ਰਿਹਾ ਹਾਂ...ਹੀ...ਹੀ..."

ਉਸ ਵੇਲੇ ਫਾਈਲਾਂ ਮੈਨੂੰ ਸਾਹ ਲੈਂਦੀਆਂ ਮਹਿਸੂਸ ਹੁੰਦੀਆਂ ਹਨ ਤੇ ਮੈਂ ਡਰ ਜਾਂਦਾ ਹਾਂ। ਉਹ ਸਾਹ ਗਰਮ ਹੁੰਦੇ ਹਨ ਤੇ ਮੈਂ ਜਿਵੇਂ ਤੱਤੀ ਤਵੀ ਤੇ ਬੈਠ ਗਿਆ ਹੋਵਾਂ।...ਬਚਾਉ ਦਾ ਸਾਧਨ ਏਹੋ ਹੀ ਹੈ ਕਿ ਮੈਂ ਹਰ ਇਕ ਫਾਈਲ ਤੇ ਨੋਟਿੰਗ ਕਰਕੇ ਡਿਸਪੋਜ਼ ਆਫ ਕਰੀ ਜਾਵਾਂ। ਪਰ ਮੈਂ ਅਜਿਹਾ ਕੁਝ ਨਹੀਂ ਕਰਦਾ। (ਜੇਕਰ ਮੈਂ ਨੋਟਿੰਗ ਸ਼ੁਰੂ ਦਿਤੀ ਤਾਂ ਜਲਦੀ ਹੀ ਥੱਕ ਜਾਵਾਂਗਾ।) ਸਗੋਂ ਮੈਂ ਟੈਲੀਫੋਨ ਨਾਲ ਛੇੜਛਾੜ ਸ਼ੁਰੂ ਕਰ ਦੇਂਦਾ ਹਾਂ। (ਦਫਤਰ ਵਿਚ ਟੈਲੀਫੋਨ ਨੂੰ ਹਰ ਬੰਦਾ ਆਪਣੀ ਮਹਿਬੂਬਾ ਸਮਝਦਾ ਹੈ।) ..ਦੂਸਰੇ ਪਾਸਿਉਂ ਮਹਿਬੂਬਾ ਦੀ ਨਹੀਂ, ਬੀਵੀ ਦੀ ਆਵਾਜ਼ ਆਉਂਦੀ ਹੈ—"ਕੀ ਕਰ ਰਹੇ ਹੋ?"

"ਚੋਹਲ ਕਰ ਰਿਹਾ ਹਾਂ!"

"ਕਿਸ ਨਾਲ?" ਉਹ ਕੰਬਦੀ ਹੋਈ ਪੁਛਦੀ ਹੈ।

"ਫਾਈਲ ਨਾਲ!"

"ਇਸ ਫਾਈਲ ਨੇ ਤੁਹਾਡਾ ਪਿੱਛਾ ਨਾ ਛਡਿਆ!"

"ਤੂੰ ਇਹਨੂੰ ਸੌਂਕਣ ਕਿਉਂ ਸਮਝਣ ਲਗ ਪਈ ਏਂ?"

"ਸੌਂਕਣ ਹੋਰ ਕਿਸ ਨੂੰ ਕਹਿੰਦੇ ਨੇ?"

"...ਚੰਗਾ—ਛੱਡ ਇਸ ਗੱਲ ਨੂੰ ..ਕੀ ਕਰ ਰਹੀ ਏਂ?"

"ਕੀ ਕਰ ਰਹੀ ਹਾਂ?"

"ਹਾਂ, ਕੀ ਕਰ ਰਹੀ ਏਂ ?"

'ਕਪੜੇ ਸਿਉਂ ਰਹੀ ਹਾਂ..."

ਅਤੇ ਉਹਨੇ ਮਸ਼ੀਨ ਦੀ ਘਿਰ-ਘਿਰ ਦਾ ਕੁਨੈਕਸ਼ਨ ਟੈਲੀਫੋਨ ਨਾਲ ਜੋੜ ਦਿਤਾ। ਉਸ ਘਿਰ-ਘਿਰ ਨਾਲ ਮੈਂ ਹੀ ਨਹੀਂ ਫਾਈਲਾਂ ਵੀ ਪਰੇਸ਼ਾਨ ਹੋਣ ਲਗੀਆਂ। ਮੈਨੂੰ ਮਸ਼ੀਨ ਦੀ ਇਸ ਘਿਰ-ਘਿਰ ਨਾਲ ਸਖਤ ਨਫਰਤ ਹੈ ਤੇ ਜੇਕਰ ਦਰਜ਼ੀਆਂ ਨੂੰ ਮੇਰੀ ਇਸ ਨਫਰਤ ਦਾ ਅਹਿਸਾਸ ਹੋ ਜਾਵੇ ਤਾਂ ਉਹ ਸਾਰੇ ਸ਼ਹਿਰ ਵਿਚ ਮੇਰੇ ਵਿਰੁਧ ਜਲੂਸ ਕਢਣ, ਜਲਸੇ ਕਰਨ ਤੇ ਮੇਰੇ ਘਰ ਦੁਆਲੇ ਘਿਰਾਉ ਕਰ ਦੇਣ...।

ਮੇਰੀ ਬੀਵੀ ਨੂੰ ਮੇਰੀ ਇਸ ਕਮਜ਼ੋਰੀ ਦਾ ਬੜੀ ਸ਼ਿੱਦਤ ਨਾਲ ਅਹਿਸਾਸ ਹੈ, ਇਸ ਲਈ ਜਦੋਂ ਵੀ ਘਰ ਵਿਚ ਮੈਂ ਪੜ੍ਹਣ ਲਿਖਣ ਲਗਦਾ ਹਾਂ, ਤਾਂ ਉਹ ਕਪੜੇ ਸੀਣੇ ਸ਼ੁਰੂ ਕਰ ਦੇਂਦੀ ਹੈ। ਕਪੜੇ ਸੀਣ ਵਾਲੇ ਨਾ ਹੋਣ ਤਾਂ ਨਵਿਆਂ ਨੂੰ ਤੰਗ ਕਰਨਾ ਸ਼ੁਰੂ ਕਰ ਦੇਂਦੀ ਹੈ—ਜਾਂ ਪੁਰਾਣਿਆਂ ਨੂੰ ਖੁਲ੍ਹਾ ਕਰਨਾ। ਪਰ ਅਕਸਰ ਤੰਗ ਹੀ ਕਰਦੀ ਰਹਿੰਦੀ ਹੈ।

ਇਹ ਔਰਤ ਵੀ ਅਜੀਬ ਸ਼ੈ ਹੈ। ਜ਼ਿੰਦਗੀ ਨੂੰ ਤੰਗ ਕਰਨ 'ਚ ਹੀ ਇਹਦੀ ਜਵਾਨੀ ਸੌਂਪ ਜਾਂਦੀ ਹੈ।

ਮਸ਼ੀਨ ਦੀ ਘਿਰ-ਘਿਰ ਨਾਲ ਫਾਈਲਾਂ ਕਾਫੀ ਪਰੇਸ਼ਾਨ ਹੋ ਗਈਆਂ ਸਨ, ਇਸ ਲਈ ਮੈਂ ਟੈਲੀਫੋਨ ਦੀ ਸੰਘੀ ਘੁਟ ਦਿਤੀ। (ਸੰਪਾਦਕ ਹੋਣ ਦੇ ਨਾਤੇ ਮੇਰੇ ਭਰਾ ਨੇ ਫੋਨ ਤਾਂ ਲਗਵਾ ਲਿਆ ਸੀ, ਪਰ ਇਹਨੇ ਘਰ ਦੀ ਜ਼ਿੰਦਗੀ ਨੂੰ ਬਾਜ਼ਾਰ ਬਣਾ ਦਿਤਾ ਸੀ।)

ਫਾਈਲਾਂ ਏਨੀਆਂ ਵਧ ਸਨ, ਜੇਕਰ ਹਰੇਕ ਨੂੰ ਪੜ੍ਹਕੇ ਨੋਟਿੰਗ ਕਰਨ ਬਾਰੇ ਸੋਚਦਾ ਤਾਂ ਕਈ ਯੁਗ ਬੀਤ ਜਾਂਦੇ...। ਪਰ ਮੈਂ ਏਨਾ ਸਾਬਰ ਨਹੀਂ ਸਾਂ। ਇਸ ਲਈ ਬੜੇ ਆਰਾਮ ਨਾਲ ਵਿਚਕਾਰੋਂ ਇਕ ਫਾਈਲ ਕਢਕੇ ਸਾਹਮਣੇ ਰਖੀ ਹੀ ਸੀ ਕਿ ਸਾਹਿਬ ਦਾ ਬੁਲਾਵਾ ਆ ਗਿਆ। ਮਨ ਬੜਾ ਦੁਖੀ ਹੋਇਆ। ਸਾਹਿਬ ਨੂੰ ਮਿਲਣ ਲਈ ਮੈਂ ਇਸ ਤਰ੍ਹਾਂ ਉਠਿਆ ਜਿਵੇਂ ਸਾਹਿਬ ਮੈਨੂੰ ਮਿਲਣ ਲਈ ਉਠਿਆ ਹੋਵੇ।

ਟੈਲੀਫੋਨ ਰਸੀਵਰ ਉਹਦੇ ਹੱਥ ਵਿਚ ਸੀ ਤੇ ਉਹ ਇਕ ਗੱਲ ਕਹਿਕੇ ਰੁਕ ਗਿਆ। ਰਸੀਵਰ ਵਲੋਂ ਮੂੰਹ ਮੋੜ ਕੇ ਮੇਰੇ ਵਲ ਹੋਇਆ—"ਤੁਹਾਡੇ ਖਿਲਾਫ ਇਕ ਸ਼ਕਾਇਤ ਆਈ ਹੈ।"

"ਉਹ ਤਾਂ ਆਵੇਗੀ ਹੀ..."

"ਕਿਉਂ ?"

"ਕਿਉਂਕਿ ਮੈਂ ਲੋਕਾਂ ਦੀਆਂ ਸ਼ਕਾਇਤਾਂ 'ਡੀਲ' ਕਰਨ ਤੇ ਜੁ ਲਗਾ ਹੋਇਆ ਹਾਂ।"

"ਇਹ ਗੱਲ ਨਹੀਂ..."

"ਫੇਰ ਕੀ ਗੱਲ ਹੈ ਹਜ਼ੂਰ ?"

"ਸ਼ਕਾਇਤ ਇਹ ਹੈ ਕਿ ਤੁਸਾਂ ਕਲ੍ਹ ਕਿਸੇ ਵੀ ਸ਼ਕਾਇਤ ਨੂੰ ਦੂਰ ਨਹੀਂ ਕੀਤਾ..."

"ਹਜ਼ੂਰ ਕਲ੍ਹ ਤਾਂ ਮੈਂ ਵੱਡੇ ਸਾਹਿਬ ਦੇ ਖੇਤਾਂ 'ਚੋਂ ਟਮਾਟਰ ਮੰਡੀ ਪੁਚਾਂਦਾ

ਰਿਹਾ ਸਾਂ...''

' ਚਲੋ, ਉਹ ਤਾਂ ਇਕ ਦਿਨ ਦਾ ਕੰਮ ਹੋਇਆ.....''

''ਪਰਸੋਂ ਤੁਸਾਂ ਮੈਨੂੰ ਛੋਟੀ ਬੇਟੀ ਨੂੰ ਕਾਲਜ 'ਚ ਦਾਖਲ ਕਰਵਾਣ ਲਈ ਭੇਜ ਦਿਤਾ ਸੀ......''

''ਇਹ ਕੰਮ ਵੀ ਮੈਂ ਤੈਨੂੰ ਵਰ੍ਹੇ ਬਾਦ ਕਿਹਾ ਸੀ...''

''ਿ ਛਲੇ ਹਫਤੇ ਤੁਸੀਂ ਮੈਨੂੰ ਬੀਬੀ ਜੀ ਲਈ ਉੱਨ ਲੈਣ ਲਈ ਭੇਜ ਦਿਤਾ ਸੀ......।''

''ਉਸ ਤੋਂ ਪਿਛਲੇ ਹਫਤੇ ?''

''ਉਦੋਂ ਮੈਂ ਵੱਡੇ ਸਾਹਿਬ ਸਾਹਨੀ ਸਾਬ੍ਹ ਲਈ ਮੈੱਸ ਲੈਣ ਗਿਆ ਹੋਇਆ ਸਾਂ...।''

''ਪਰ ਅੱਜ ਤਾਂ ਤੁਸੀਂ ਕਾਫੀ ਕੁਝ ਕਰ ਸਕਦੇ ਸਉ...''

''ਮੈਂ ਇਕ ਫਾਈਲ ਕੱਢੀ ਹੀ ਸੀ ਜਦੋਂ ਹਜ਼ੂਰ ਨੇ ਬੁਲਾ ਲਿਆ...''

''ਸਵੇਰ ਦੇ ਕੀ ਕਰਦੇ ਸਉ...?''

''ਕਲ੍ਹ ਘਰ ਨਹੀਂ ਸਾਂ ਗਿਆ ਇਸ ਲਈ ਸਵੇਰੇ ਬੀਵੀ ਦਾ ਫੋਨ ਆ ਗਿਆ...''

ਉਸ ਵੇਲੇ ਸਾਹਿਬ ਨੂੰ ਬੀਬੀ ਜੀ ਨੇ ਟੈਲੀਫੋਨ ਤੇ ਘਰ ਬੁਲਾ ਲਿਆ। ਵੱਡੀ ਬੇਬੀ ਨੂੰ ਵੇਖਣ ਵਾਲੇ ਆਏ ਹੋਏ ਸਨ...। ਉਨ੍ਹਾਂ ਨੇ ਮੈਨੂੰ ਅੱਜ ਹੀ ਸਾਰਾ ਕੰਮ ਮੁਕਾ ਦੇਣ ਦਾ ਆਦੇਸ਼ ਦਿਤਾ ਤੇ ਨਾਲ ਹੀ ਕਾਰ ਸਟਾਰਟ ਕਰਕੇ ਘਰ ਵੱਲ ਸਰਕ ਗਏ।

ਆਪਣੀ ਸੀਟ ਤੇ ਵ ਪਸ ਆ ਕੇ ਮੈਂ ਬਹੁਤ ਗੰਭੀਰਤਾ ਨਾਲ ਸੋਚਿਆ ਕਿ ਮੇਰੀ ਡਿਊਟੀ ਲੋਕਾਂ ਦੀਆਂ ਸ਼ਕਾਇਤਾਂ ਸੁਣਨਾ ਤੇ ਉਨ੍ਹਾਂ ਬਾਰੇ ਨੋਟਿੰਗ ਕਰਨਾ ਹੈ, ਨਾ ਕਿ ਵੱਡੇ ਅਫਸਰਾਂ ਦੇ ਕੰਮਾਂ ਵਿਚ ਦਖਲ ਦੇਣਾ।

ਉਸ ਵੇਲੇ ਮੈਨੂੰ ਸ਼ਕਾਇਤ ਕਰਨ ਵਾਲੇ ਲੋਕਾਂ ਤੇ ਬੜਾ ਤਰਸ ਆਇਆ। ਵਿਚਾਰੇ ਕਿੰਨੇ ਘੁਮੰਡ ਤੇ ਹਉਮੈ ਨਾਲ ਸ਼ਿਕਾਇਤ ਲਿਖਕੇ ਭੇਜਦੇ ਹੋਣਗੇ ਕਿ ਪੜ੍ਹਦਿਆਂ ਸਾਰ ਹੀ ਸਾਰੀ ਸਰਕਾਰੀ ਤੇ ਗੈਰਸਰਕਾਰੀ ਮਸ਼ੀਨਰੀ ਹਰਕਤ ਵਿਚ ਆ ਜਾਵੇਗੀ ਪਰ ਏਥੇ ਮੇਰੇ ਕੋਲ ਸ਼ਕਾਇਤਾਂ ਪੜ੍ਹਣ ਜੋਗਾ ਵੀ ਸਮਾਂ ਨਹੀਂ ਸੀ ...ਫੇਰ ਮੈਨੂੰ ਰਾਤ ਦੇ ਸੁਪਨੇ ਦੀ ਯਾਦ ਆਈ। ਸੁਪਨੇ ਵਿਚ ਮੈਂ ਵੇਖਿਆ ਸੀ ਕਿ ਸ਼ਕਾਇਤਾਂ ਕਰਨ ਵਾਲੇ ਲੋਕਾਂ ਨੇ ਸਾਡੇ ਦਫਤਰ ਦਾ ਘਿਰਾਉ ਕਰ ਲਿਆ ਹੈ ਤੇ ਖਿੜਕੀਆਂ ਵਿਚੀਂ ਕੁਦ ਕੇ ਉਹ ਲੋਕ ਅੰਦਰ ਆ ਰਹੇ ਨੇ। ਉਸ ਤੋਂ ਬਾਅਦ ਮੈਨੂੰ ਨੀਂਦ ਨਹੀਂ ਸੀ ਆਈ। ਦਫਤਰ 'ਚ ਆ ਕੇ ਵੱਡੇ ਬਾਬੂ ਨਾਲ ਗੱਲ ਕੀਤੀ ਤਾਂ ਉਹਨੇ ਕਿਹਾ ਕਿ ਦਫਤਰ ਦੀ ਇਮਾਰਤ ਦੇ ਬਾਹਰਵਾਰ ਕੰਡਿਆਲੀਆਂ ਤਾਰਾਂ ਦਾ ਜੰਗਲਾ ਹੈ। ਫੁੱਲ ਬੂਟੇ ਹਨ... ਚਪੜਾਸੀ ਹਨ ..। ਫੇਰ ਖਿੜਕੀਆਂ ਕਿੰਨੀਆਂ ਉੱਚੀਆਂ ਨੇ। ਉਹ ਲੋਕ ਅੰਦਰ ਕਿਵੇਂ ਆ ਸਕਦੇ ਹਨ ?...ਫੇਰ ਵੀ ਮੈਂ ਡਰ ਗਿਆ ਸਾਂ...। ਤੇ, ਮੈਂ ਚਾਹੁੰਦਾ ਸਾਂ ਕਿ ਅੱਜ ਇਕ ਫਾਈਲ ਤਾਂ ਜ਼ਰੂਰ ਡਿਸਪੋਜ਼ ਆਫ ਕਰ ਦਿਆਂ। ਇਸੇ ਖਿਆਲ ਨਾਲ ਮੈਂ ਉਸ ਫਾਈਲ ਨੂੰ ਝਾੜਿਆ। ਸਾਫ ਕੀਤਾ ਤੇ ਨਾਲ ਹੀ ਘੰਟੀ ਵਜਾ ਕੇ ਚਪੜਾਸੀ ਨੂੰ ਬੁਲਾਇਆ ਤੇ ਕਿਹਾ ਕਿ ਉਹ ਵੱਡੇ ਸਾਹਨੀ ਸਾਬ੍ਹ

ਨੂੰ ਵੇਖਕੇ ਆਵੇ ਕਿ ਅੰਦਰ ਹੀ ਹਨ ਜਾਂ ਕਿ ਉਹ ਵੀ ਵੱਡੀ ਬੇਬੀ ਨੂੰ ਵਿਖਾਣ ਲਈ...

ਚਪੜਾਸੀ ਹਾਲੇ ਤਕ ਵੀ ਖਲੋਤਾ ਸੀ। ਉਹਦਾ ਮਤਲਬ ਸੀ ਕਿ ਹਾਲੇ ਤਾਂ ਮੈਂ ਫਾਈਲ ਨੂੰ ਪੜ੍ਹਕੇ ਨੋਟਿੰਗ ਕਰਨੀ ਹੈ ਤੇ ਫੇਰ ਸਾਹਿਬ ਕੋਲ ਦਸਤਖਤ ਵਾਸਤੇ ਜਾਵੇਗੀ...

"ਹਾਲੇ ਤਾਂ ਤੂੰ ਸਾਬ੍ਹ ਨੂੰ ਵੇਖ ਹੀ ਆ ਕਿ ਉਨ੍ਹਾਂ ਕੋਲ ਵਿਹਲ ਹੈ ਕਿ ਨਹੀਂ...?" ਮੈਂ ਅੱਖਾਂ ਨਾਲ ਹੀ ਕਿਹਾ।

ਪਰ ਉਹ ਨਹੀਂ ਗਿਆ। ਉਹਦਾ ਮਤਲਬ ਸਾਫ ਸੀ ਕਿ ਜੇ ਕਰ ਕੋਈ ਕੰਮ ਹੋਵੇ ਤਾਂ ਉਹ ਸਾਹਿਬ ਕੋਲ ਜਾਵੇ...ਐਵੇਂ ਹੀ ਚਲਾ ਗਿਆ ਤਾਂ ਸਾਹਿਬ ਉਹਨੂੰ ਜ਼ਰੂਰ ਕਿਸੇ ਕੰਮ ਭੇਜ ਦੇਵੇਗਾ। ਹੋਰ ਨਹੀਂ ਤਾਂ ਮੰਡੀ 'ਚੋਂ ਆਲੂਆਂ ਦਾ ਭਾਅ ਪੁਛਣ ਲਈ ਹੀ ਭੇਜ ਸਕਦਾ ਹੈ...ਜਾਂ ਗੱਡੀ ਸਾਫ ਕਰਨ ਲਈ ਹੀ......।

ਫਾਈਲਾਂ ਦੇ ਵਿਚਕਾਰ ਬੈਠਾ ਮੈਂ ਇਵੇਂ ਹੀ ਘਬਰਾ ਰਿਹਾ ਸਾਂ ਜਿਵੇਂ ਕੋਈ ਨਵਾਂ ਵਿਆਹਿਆ ਨੌਜਵਾਨ ਸੁਸਰਾਲ 'ਚ ਕੁੜੀਆਂ ਦੇ ਇਕੱਠ ਵਿਚਕਾਰ......।

ਅਗਲੇ ਪਲ ਤਾਂ ਮੇਰਾ ਵੀ ਸਾਹ ਘੁਟਣ ਲੱਗਾ। ਚਪੜਾਸੀ ਨੂੰ ਬੁਲਾ ਕੇ ਕੋਈ ਕੰਮ ਕਹਿਣਾ ਫਜ਼ੂਲ ਸੀ। ਇਸ ਲਈ ਮੈਂ ਝੱਟ ਸੀਟ ਤੋਂ ਉਠਿਆ ਤੇ ਖੁਲ੍ਹੀ ਖਿੜਕੀ ਕੋਲ ਖਲੋਕੇ ਠੰਡੀ-ਮਿੱਠੀ ਹਵਾ 'ਚ ਸਾਹ ਲੈਣ ਲੱਗਾ। ਉਸ ਵੇਲੇ ਮੈਨੂੰ ਇਸ ਗੱਲ ਦੀ ਪ੍ਰਵਾਹ ਬਿਲਕੁਲ ਨਹੀਂ ਸੀ ਕਿ ਇਸ ਹਵਾ ਨਾਲ ਜ਼ੁਕਾਮ ਵੀ ਹੋ ਸਕਦਾ ਹੈ। ਵੈਸੇ ਜ਼ੁਕਾਮ ਤਾਂ ਮੈਨੂੰ ਹਰ ਵੇਲੇ ਹੋਇਆ ਹੀ ਰਹਿੰਦਾ ਸੀ। ਪਤਾ ਨਹੀਂ ਇਹ ਫਾਈਲਾਂ ਦੀ ਘੁਟਣ ਕਾਰਣ ਸੀ, (ਜਾਂ ਕਿ ਉਨ੍ਹਾਂ ਦੇ ਸਰਾਪ ਕਾਰਣ...) ਮੇਰਾ ਹਰ ਵੇਲੇ ਨੱਕ 'ਚ ਦਮ ਰਹਿੰਦਾ ਸੀ...।

ਬਾਹਰ, ਸੜਕ ਤੇ ਚੁਰਾਹੇ ਵਿਚ ਆਟੋਮੈਟਿਕ ਲਾਲ ਤੇ ਹਰੀਆਂ ਬੱਤੀਆਂ ਸਨ। ਲਾਲ ਬੱਤੀ ਦੀ ਚਮਕ ਨਾਲ ਉਸ ਦਿਸ਼ਾ ਵੱਲ ਦਾ ਟਰੈਫਿਕ 'ਜਾਮ' ਹੋ ਜਾਂਦਾ ਤੇ ਵਿਰੋਧੀ ਦਿਸ਼ਾ ਦਾ ਹਜੂਮ ਸਪੀਡ ਫੜ ਲੈਂਦਾ...। ਅਗਲੇ ਦੋ ਪਲਾਂ ਤੋਂ ਬਾਅਦ ਦੂਸਰੇ ਪਾਸੇ ਲਾਲ ਬੱਤੀ ਚਮਕਦੀ ਤੇ ਹਰੀ ਬੱਤੀ ਲੋਕਾਂ ਨੂੰ ਦੌੜਣ ਦਾ ਸੁਨੇਹਾ ਦਿੰਦੀ। ਇਹ ਦ੍ਰਿਸ਼ ਬੜਾ ਮਜ਼ੇਦਾਰ ਸੀ। ਮੈਨੂੰ ਹੋਰ ਸਭ ਕੁਝ ਹੀ ਭੁਲ ਗਿਆ। ਬਲਕਿ ਤਾਂ ਮੈਂ ਹੈਰਾਨ ਹੋਣ ਲੱਗਾ ਕਿ ਮੈਂ ਅੱਗੇ ਕਦੀ ਵੀ ਇਸ ਖਿੜਕੀ ਸਾਹਮਣੇ ਖਲੋਕੇ ਠੰਡੀ ਮਿੱਠੀ ਹਵਾ 'ਚ ਸਾਹ ਕਿਉਂ ਨਹੀਂ ਸੀ ਲਿਆ?

ਚੁਰਾਹੇ ਦੀ ਉਸ ਦੌੜਦੀ ਜ਼ਿੰਦਗੀ ਦੇ ਮੁਕਾਬਲੇ 'ਚ ਦਫਤਰ ਦੀ ਸਥਿਰ ਜ਼ਿੰਦਗੀ 'ਚ ਲਾਲ ਬੱਤੀ ਸਥਿਰ ਹੋ ਗਈ ਹੈ ਤੇ ਕੇਵਲ ਵਿਰੋਧੀ ਦਿਸ਼ਾ ਦਾ ਹੀ ਟਰੈਫਿਕ ਦੌੜ ਰਿਹਾ ਹੈ।

ਹਾਲੇ ਮੈਂ ਗੰਭੀਰਤਾ ਨਾਲ ਆਪਣੇ ਬਾਰੇ ਕੁਝ ਸੋਚਣ ਹੀ ਲੱਗਾਂ ਸਾਂ ਜਦੋਂ ਕਿ ਟੈਲੀਫੋਨ ਫੇਰ ਖੜਕ ਉਠਿਆ। ਬਲਕਿ ਤਾਂ ਉਹ ਉਛਲ ਕੇ ਮੇਰੇ ਬਰਾਬਰ ਆ ਖਲੋਤਾ। ਮੇਰਾ ਇਕ ਮਿੱਤਰ ਕਹਿ ਰਿਹਾ ਸੀ—"ਉਸ ਦਿਨ ਤੂੰ ਫਾਈਲਾਂ ਦੀ ਗੱਲ ਕੀਤੀ ਸੀ?"

"ਹਾਂ··ਹਾਂ ਕੀਤੀ ਸੀ ਕੀ ਕੋਈ ਸ਼ਕਾਇਤ ਹੈ?"

"ਨਹੀਂ!"

"ਫ਼ੇਰ?"

"ਮੈਂ ਅੱਜ ਤੇਰੇ ਕੋਲ ਇਕ ਫਾਈਲ ਭੇਜ ਰਿਹਾ ਹਾਂ...ਨੋਟਿੰਗ ਕਰ ਦੇਵੀਂ..."

"ਮੈਂ ਬਹੁਤ ਥੱਕ ਗਿਆ ਹਾਂ"

"ਕੋਈ ਨਹੀਂ...ਅਸੀਂ ਜੋ ਫਾਈਲਾਂ 'ਚ ਘਿਰੇ ਗਏ ਹਾਂ, ਸਾਨੂੰ ਤਾਜ਼ਾ ਦਮ ਕਰਨ ਲਈ ਵੀ ਫਾਈਲਾਂ ਹੀ..."

"ਚੰਗਾ...ਚੰਗਾ ਭੇਜ ਦੇ...ਵੈਸੇ ਮੈਂ ਅੱਜ ਤਕ ਕਿਸੇ ਵੀ ਫਾਈਲ ਤੇ ਨੋਟਿੰਗ ਨਹੀਂ ਕੀਤੀ..."

"ਤੂੰ ਬੜਾ ਖੁਸ਼ਕਿਸਮਤ ਏਂ...ਪਰ ਅੱਜ ਕੁਤਾਹੀ ਨਾ ਕਰੀਂ।" ਮਨ ਕੁਝ ਖੁਸ਼ ਹੋਇਆ। ਪਰ ਸੀਟ ਤੇ ਬੈਠਾ ਤਾਂ ਸਾਰੀਆਂ ਹੀ ਫਾਈਲਾਂ ਇਕ ਜ਼ਬਾਨ ਹੋਕੇ ਬੋਲ ਉਠੀਆਂ।

"ਸਾਡਾ ਕੀ ਕਸੂਰ ਹੈ ?

"ਕੋਈ ਕਸੂਰ ਨਹੀਂ !"

"ਫੇਰ ਸਾਡੀ ਜਵਾਨੀ ਕਿਉਂ ਰੋਲ ਰਹੇ ਹੋ ?"

'ਨਹੀਂ ਤਾਂ !"

"ਨਹੀਂ ਤਾਂ ਕੀ ?...ਜ਼ਰਾ ਸਾਡੇ ਵੱਲ ਵੀ ਧਿਆਨ ਦਿਉ ...। ਇਹ ਵੀ ਇਕ ਜ਼ਿੰਦਗੀ ਹੈ...।"

"ਮੈਂ ਤਾਂ ਇਕੋ ਜ਼ਿੰਦਗੀ ਤੋਂ ਦੁਖੀ ਹਾਂ..."

"ਕਿਉਂਕਿ ਤੁਸੀਂ ਇਕੋ ਜ਼ਿੰਦਗੀ ਹੀ ਭੋਗ ਰਹੇ ਹੋ..."

ਫਾਈਲਾਂ ਦੇ ਇਹ ਢੇਰ, ਜਿਹੜੇ ਅਣਪੜ੍ਹੇ ਹੀ ਪਏ ਸਨ, ਮੇਰੇ ਲਈ ਇਕ ਰਹੱਸ ਤੋਂ ਘੱਟ ਨਹੀਂ ਸਨ। ਬਲਕਿ ਤਾਂ ਇਹ ਪੂਰਾ ਇਤਿਹਾਸ ਸਨ। ਹਰ ਅਫਸਰ ਆਪਣੇ ਅਹਿਦ ਵਿਚ ਆਪਣੀ ਮਰਜ਼ੀ ਅਨੁਸਾਰ ਨੋਟਿੰਗ ਕਰਵਾਂਦਾ ਤੇ ਉਸ ਦੇ ਬਦਲਣ ਤੋਂ ਬਾਅਦ ਨਵੇਂ ਅਫਸਰ ਦਾ ਵਤੀਰਾ ਬਿਲਕੁਲ ਹੀ ਪਹਿਲੇ ਅਫਸਰ ਦੇ ਉਲਟ ਹੁੰਦਾ ਹੈ। ਹੁਣ ਤਾਂ ਏਨੇ ਅਫਸਰ ਬਦਲ ਗਏ ਸਨ ਕਿ ਫਾਈਲਾਂ ਹੀ ਇਕ ਦੂਸਰੇ ਦੇ ਵਿਰੁਧ ਗਵਾਹੀ ਦੇਣ ਲੱਗ ਪਈਆਂ ਸਨ। ਸਾਰਾ ਸਿਲ-ਸਿਲਾ ਹੀ ਆਤਮ ਵਿਰੋਧੀ ਸੀ।...ਹੁਣ ਮੌਕੇ ਦੇ ਹਾਕਮ ਤਾਂ ਏਹੋ ਹੀ ਠੀਕ ਸਮਝਦੇ ਸਨ ਕਿ ਜੇਕਰ ਕੋਈ ਨਵੀਂ ਸ਼ਕਾਇਤ ਆਵੇ ਤਾਂ ਉਹਦੇ ਨਾਲ ਡੀਲ ਕਰੋ, ਨਹੀਂ ਤਾਂ ਲਾਲ ਟਮਾਟਰ ਤੇ ਮੰਡੀ... ਵੱਡੀ ਬੀਬੀ ਦੀ ਸਗਾਈ ਤੇ ਆਲੂਆਂ ਦੇ ਭਾਅ...ਪਾਰਟੀਆਂ।

ਮੈਂ ਚਾਹੁੰਦਾ ਸਾਂ ਕਿ ਕੁਝ ਸੋਚਾਂ...ਪਰ ਸ਼ਾਇਦ ਮੇਰਾ ਕੰਮ ਸੋਚਣਾ ਨਹੀਂ, ਕੇਵਲ ਨੋਟਿੰਗ ਕਰਨਾ ਸੀ...ਜੇਕਰ ਕਦੀ ਮੈਂ ਵੀ ਸੋਚਦਾ ਹੁੰਦਾ ਤਾਂ...? (ਵੈਸੇ ਕਾਲਜ ਦੇ ਦਿਨਾਂ ਵਿਚ ਕਿੰਨਾਂ ਸੋਚਿਆ ਕਰਦਾ ਸਾਂ।.. ਅਜੀਬ ਅਜੀਬ ਗੱਲਾਂ ਅਨੋਖੀਆਂ। ਫੇਰ ਵਿਆਹ ਹੋ ਗਿਆ ਤੇ ਦਫਤਰ ਵਿਚ ਨੌਕਰੀ ਮਿਲ ਗਈ।)...ਕੀ ਮੈਂ ਵੀ ਕਦੀ ਕੁਝ ਸੋਚ ਸਕਾਂਗਾ ?

ਹਾਲੇ ਮੈਂ ਕੁਝ ਸੋਚਣ ਹੀ ਲੱਗਾ ਸਾਂ ਜਦੋਂ ਕਿ ਘਰ ਗਏ ਹੋਏ ਵੱਡੇ ਤੋਂ ਛੋਟੇ ਸਾਹਿਬ ਦਾ ਫੋਨ ਆ ਗਿਆ—"ਫਾਈਲਾਂ ਤੇ ਨੋਟਿੰਗ ਕਰ ਰਹੇ ਹੋ ?"

"ਜੀ, ਹਾਲੇ ਸੋਚ ਰਿਹਾ ਹਾਂ......"

ਚੰਗਾ, ਹੁਣ ਬਾਕੀ ਕੰਮ ਕਲ੍ਹ ਹੀ ਕਰਨਾ..."

"ਫੇਰ ਕੀ ਹੁਕਮ ਹੈ ਜੀ ?"

"ਅੱਜ ਇਕ ਪਾਰਟੀ ਦਾ ਪ੍ਰਬੰਧ ਜੇਹਾ ਹੈ...ਇਸ ਲਈ ਏਥੇ ਕਾਫੀ ਕੰਮ ਹੋਵੇਗਾ..."

"ਮੈਂ ਆ ਜਾਵਾਂਗਾ।"

"ਜ਼ਰੂਰ।...ਕੁਤਾਹੀ ਨਾ ਕਰਨੀ!"

"ਨਹੀਂ ਜੀ—ਘੱਟੋ ਘੱਟ ਤੁਹਾਨੂੰ ਤਾਂ ਮੈਂ ਸ਼ਕਾਇਤ ਦਾ ਮੌਕਾ ਨਹੀਂ ਦੇਣਾ ਚਾਹੁੰਦਾ..."

ਹਾਲੇ ਸਾਹਿਬ ਦੀ ਗੱਲ ਮੁਕੀ ਨਹੀਂ ਸੀ ਜਦੋਂ ਕਿ ਮੇਰੇ ਦੋਸਤ ਦੀ ਭੇਜੀ ਹੋਈ ਫਾਈਲ ਪੌੜੀਆਂ ਚੜ੍ਹ ਆਈ। ਇਸ ਫਾਈਲ ਦਾ ਰੰਗ ਅਨਾਬੀ, ਬੁਲ੍ਹ ਗੁਲਾਬੀ ਤੇ ਮਹਿਕ ਦਾ ਪ੍ਰਭਾਵ ਭਰਪੂਰ ਸੀ। ਉਹ ਫਾਈਲ ਮੁਸਕਰਾਈ ਤਾਂ ਜ਼ਿੰਦਗੀ ਕਾਫੀ ਭਰਪੂਰ ਲੱਗੀ।

ਉਸੇ ਵੇਲੇ ਹੀ ਵੱਡੇ ਸਾਹਿਬ ਦਾ ਚਪੜਾਸੀ ਆਇਆ ਤੇ ਉਹਨੇ ਝਟ ਕਿਹਾ ਕਿ ਵੱਡੇ ਸਾਹਿਬ ਨੇ ਸਭ ਫਾਈਲਾਂ ਮੰਗਵਾ ਭੇਜੀਆਂ ਨੇ। ਮੇਰੇ ਦੋਸਤ ਦੀ ਭੇਜੀ ਹੋਈ ਫਾਈਲ ਵੀ...। ਮੈਂ ਝਟ ਹੁਕਮ ਦੀ ਪਾਲਨਾ ਕੀਤੀ। ਮੇਰੇ ਕੋਲ ਵਿਹਲ ਕਿਥੇ ਸੀ...? ਸੋਚਣ ਦੀ ਸਮਝਣ ਦੀ ..। 'ਉਸ' ਫਾਈਲ ਦੇ ਨਾਲ ਮੈਂ ਹਥਲੀ ਫਾਈਲ ਵੀ ਉਹਨੂੰ ਥਮਾ ਦਿਤੀ ਉਸ ਫਾਈਲ ਤੇ ਸ਼ਾਇਦ ਮੈਂ ਨੋਟਿੰਗ ਕੀਤੀ ਸੀ ਕਿ ਸਭ ਸ਼ਕਾਇਤਾਂ ਬੇਕਾਰ ਨੇ......। ਦਫਤਰਾਂ 'ਚ ਕੰਮ ਠੀਕ ਠਾਕ ਚਲ ਰਿਹਾ ਹੈ।

———

ਜਸਵੰਤ ਸਿੰਘ ਵਿਰਦੀ

ਦੀਆਂ ਰਚਨਾਵਾਂ

| | |
|---|---|
| ਕਹਾਣੀ ਸੰਗ੍ਰਹਿ | ਪੀੜ ਪਰਾਈ |
| | ਅਪਣੀ ਅਪਣੀ ਸੀਮਾਂ |
| ਨਾਵਲ | ਵਿੱਖਰੇ ਵਿੱਖਰੇ |

## ਪੰਕਚਰ / ਗੁਲਜ਼ਾਰ ਸਿੰਘ ਸੰਧੂ

ਸਾਰੇ ਦਿਨ ਦੀ ਥਕਾਵਟ ਤੋਂ ਪਿਛੋਂ ਮਹਰਲੀ ਹਵਾ ਵਿਚ ਸਾਈਕਲ ਚਲਾਉਂਦਾ ਜਦੋਂ ਚੌਂਕ ਵਿਚ ਪਹੁੰਚਿਆ ਤਾਂ ਅੱਧਖੜ ਉਮਰ ਦਾ ਬੰਦਾ ਲੱਤਾਂ ਪਸਾਰ ਕੇ ਲੰਮਾ ਪਿਆ ਸੀ। ਚੰਗੇ ਕਪੜੇ, ਸੁਹਣੀ ਸਿਹਤ। ਖਾਂਦੇ ਪੀਂਦੇ ਘਰ ਦਾ ਜਾਪਦਾ ਸੀ। ਨੇੜੇ ਹੋ ਕੇ ਵੇਖਿਆ ਤਾਂ ਮੁਰਦਾ ਸੀ। ਸ਼ਾਇਦ ਦੁਰਘਟਨਾ ਦਾ ਸ਼ਿਕਾਰ ਹੋ ਗਿਆ ਹੈ, ਮੈਂ ਸੋਚਿਆ। ਪਰ ਮੈਨੂੰ ਪਹਿਲਾਂ ਹੀ ਦੇਰ ਹੋ ਚੁਕੀ ਸੀ ਤੇ ਮੈਂ ਕਿਸੇ ਨੂੰ ਵਕਤ ਦਿਤਾ ਹੋਇਆ ਸੀ। ਬਾਕੀ ਲੋਕ ਵੀ ਇਕ ਨਜ਼ਰ ਸੁੱਟ ਕੇ ਅੱਗੇ ਲੰਘ ਰਹੇ ਸਨ, ਮੈਂ ਵੀ ਆਪਣੀ ਸਾਈਕਲ ਦਾ ਪੈਡਲ ਘੁਮਾ ਦਿਤਾ। ਪਰ ਮੈਨੂੰ ਜਾਪਿਆ ਇਹ ਠੀਕ ਨਹੀਂ ਸੀ। ਮੈਂ ਨਵਾਂ ਨਵਾਂ ਦਿੱਲੀ ਆਇਆ ਸਾਂ। ਮੈਨੂੰ ਤਾਂ ਦਿੱਲੀ ਵਾਲਿਆਂ ਵਾਂਗ ਨਹੀਂ ਸੀ ਕਰਨਾ ਚਾਹੀਦਾ। ਮੈਂ ਬਰੇਕ ਦਬਾ ਕੇ ਸਾਈਕਲ ਰੋਕ ਲਈ।

ਕੋਲ ਹੋ ਕੇ ਤਕਿਆ ਤਾਂ ਬੁਢੇ ਵਿਚ ਕੋਈ ਕੋਈ ਸਾਹ ਸੀ। ਮੈਂ ਆਪਣੀ ਸਾਈਕਲ ਸੜਕ ਦੇ ਇਕ ਪਾਸੇ ਖੜੀ ਕਰ ਦਿਤੀ।

ਸ਼ਾਇਦ ਸ਼ਰਾਬੀ ਸੀ।

ਸੁੰਘ ਕੇ ਤੱਕਿਆ ਇਹ ਵੀ ਗੱਲ ਨਹੀਂ ਸੀ।

ਹੋ ਸਕਦਾ ਹੈ ਮਿਰਗੀ ਦਾ ਮਰੀਜ਼ ਹੋਵੇ।

ਮੈਂ ਨਾਲ ਦੀ ਕੋਠੀ ਵਿਚੋਂ ਪਾਣੀ ਦਾ ਗਲਾਸ ਲੈ ਆਇਆ। ਮੇਰੇ ਪਿਛੇ ਪਿਛੇ ਕੋਠੀ ਵਾਲੀ ਬੁੱਢੀ ਵੀ ਆ ਗਈ।

ਦੇਖੋ ਦੇਖੀ ਹੋਰ ਲੋਕ ਵੀ ਰਕਣ ਲੱਗੇ।

ਪਲਾਂ ਛਿਨਾਂ ਵਿਚ ਚੋਖੀ ਭੀੜ ਜਮਾਂ ਹੋ ਗਈ। ਮੈਨੂੰ ਵੀ ਹੌਸਲਾ ਜਿਹਾ ਹੋ ਗਿਆ। ਕੋਈ ਨਬਜ਼ ਟੋਹਣ ਲੱਗਾ। ਕੋਈ ਦੰਦਾਂ ਵਿਚ ਉਂਗਲਾਂ ਦੇ ਕੇ ਦੰਦ ਜਿਕੜ ਖੋਲ੍ਹਣ ਲੱਗਾ ਤੇ ਕੋਈ ਪਿਠ ਨੂੰ ਸਹਾਰਾ ਦੇ ਕੇ ਉਸ ਨੂੰ ਬਿਠਾਉਣ ਦਾ ਯਤਨ ਕਰਨ ਲੱਗਾ।

"ਪਾਣੀ", ਉਸ ਦੇ ਮੂੰਹੋਂ ਨਿਕਲਿਆ।

ਸਾਰੇ ਚੇਤੰਨ ਹੋ ਗਏ। ਮੈਂ ਫਟਾ ਫਟ ਪਾਣੀ ਵਾਲਾ ਗਲਾਸ ਉਸ ਦੇ ਮੂੰਹ ਨੂੰ ਲਾ ਦਿਤਾ।

ਉਸ ਨੇ ਇਕ ਲੰਬਾ ਸਾਹ ਲਿਆ ਤੇ ਬੋਲਿਆ, "ਦੁੱਧ"।

ਮੈਂ ਏਧਰ ਉਧਰ ਤੱਕਿਆ। ਮੇਰੇ ਕੋਲ ਕੋਠੀ ਵਾਲੀ ਬੁਢੀ ਖਲੋਤੀ ਹੋਈ ਸੀ, ਸ਼ਾਇਦ ਪਾਣੀ ਪਿਲਾਣ ਤੋਂ ਪਿਛੋਂ ਖਾਲੀ ਗਲਾਸ ਸੰਭਾਲਣ ਲਈ। ਉਹ ਵੀ ਘਬਰਾਈ ਹੋਈ ਸੀ। ਭੱਜ ਕੇ ਦੁੱਧ ਦਾ ਗੜਵਾ ਲੈ ਆਈ।

ਮੈਂ ਬੁੱਢੀ ਦੇ ਹਥੋਂ ਗੜਵਾ ਫੜਕੇ ਉਸ ਦੇ ਮੂੰਹ ਨੂੰ ਲਾ ਦਿਤਾ। ਇਕ ਨਰੋਏ ਗਭਰੂ

ਨੇ ਉਸ ਦੀ ਪਿੱਠ ਨੂੰ ਸਹਾਰਾ ਦੇ ਕੇ ਉਸ ਨੂੰ ਬਿਠਾਈ ਰੱਖਿਆ । ਹਾਬੜਿਆਂ ਹੋਇਆਂ ਵਾਂਗ ਬੁੱਢਾ ਗਟਾ ਗੱਟ ਦੁੱਧ ਦਾ ਗੜਵਾ ਪੀ ਗਿਆ । ਹੁਣ ਉਸ ਨੇ ਅੱਖਾਂ ਖੋਲ੍ਹ ਕੇ ਆਲੇ ਦੁਆਲੇ ਤੱਕਿਆ। ਜਿਵੇਂ ਕੋਲ ਖੜੇ ਲੋਕਾਂ ਨੂੰ ਪਛਾਣ ਰਿਹਾ ਹੋਵੇ । ਸਭ ਨੇ ਸੁਖ ਦਾ ਸਾਹ ਲਿਆ।

ਹਰ ਕੋਈ ਇਹੋ ਸਮਝਦਾ ਸੀ ਜਿਵੇਂ ਉਸ ਨੇ ਹੀ ਮੁਰਦੇ ਵਿਚ ਜਾਨ ਪਾਈ ਹੋਵੇ— ਸਹਾਰਾ ਦੇਣ ਵਾਲਾ ਗਭਰੂ, ਲੱਤਾਂ ਤੋਂ ਫੜਨ ਵਾਲਾ ਮਜ਼ਦੂਰ, ਦੁੱਧ ਲਿਆਣ ਵਾਲੀ ਬੁਢੀ ਤੇ ਸਭ ਤੋਂ ਪਹਿਲਾਂ ਰੁਕਣ ਵਾਲਾ ਮੈਂ । ਬੁੱਢੇ ਨੂੰ ਜੀਉਂਦਾ ਤੱਕ ਕੇ ਸਾਨੂੰ ਏਦਾਂ ਜਾਪ ਰਿਹਾ ਸੀ ਜਿਵੇਂ ਅਸੀਂ ਸਿਰਜਨਹਾਰ ਹੋਈਏ । ਰੱਬ ਹੋਈਏ ।

ਮੈਂ ਬੜਾ ਖੁਸ਼ ਸਾਂ । ਮੈਂ ਸਮਝਦਾ ਸਾਂ ਕਿ ਜਾਨ ਮੈਂ ਹੀ ਬਚਾਈ ਸੀ ਨਹੀਂ ਤਾਂ ਦਿੱਲੀ ਦੇ ਰੁਝੇਵਿਆਂ ਵਾਲੇ ਲੋਕ ਕਦੋਂ ਕਿਸੇ ਕੋਲ ਰੁਕਦੇ ਸਨ । ਵੱਢੀ ਉਂਗਲ ਉਤੇ ਮੂਤ੍ਰ ਤਕ ਨਹੀਂ ਸਨ ਕਰਦੇ । ਮੇਰਾ ਜੀਅ ਕਰ ਰਿਹਾ ਸੀ ਕਿ ਮੈਂ ਆਪਣੇ ਆਪ ਹੀ ਆਪਣੇ ਇਸ ਕਰਤੱਵ ਦੀ ਚਰਚਾ ਕਰਾਂ ।

"ਭਲਾ ਹੋਵੇ ਕਾਕਾ ਤੇਰਾ, ਜਿਸ ਨੇ ਮੁਰਦੇ ਵਿਚ ਜਾਨ ਪਾ ਦਿਤੀ।" ਦੁੱਧ ਲਿਆਉਣ ਵਾਲੀ ਮਾਈ ਨੇ ਫੈਸਲਾ ਦਿਤਾ ਤੇ ਦੁੱਧ ਵਾਲਾ ਬਰਤਣ ਸਾਂਭਦੀ ਆਪਣੀ ਕੋਠੀ ਵੱਲ ਨੂੰ ਚਲੀ ਗਈ । ਮੈਂ ਬਹੁਤ ਖੁਸ਼ ਸਾਂ ।

"ਹੋਰ ਕੋਈ ਸੇਵਾ, ਬਾਬਾ ।" ਦੋ ਮਹੀਨੇ ਤੋਂ ਦਿੱਲੀ ਵਿਚ ਬੇਕਾਰ ਫਿਰਦਿਆਂ ਮਸਾਂ ਅੱਜ ਦੀ ਘੜੀ ਸਫਲ ਹੋਈ ਸੀ । ਮੈਂ ਬੁਢੇ ਦੀ ਹੋਰ ਮਦਦ ਕਰਨ ਦੇ ਭਾਵ ਨਾਲ ਪੁਛਿਆ ।

"ਕੁਝ ਨਹੀਂ ਪੁੱਤਰ । ਮੇਰੇ ਕਰਮ ਹੀ ਭੈੜੇ ਨੇ । ਧੀਆਂ ਪੁਤਰਾਂ ਵਾਲਾ ਹਾਂ । ਦੋਵੇਂ ਧੀਆਂ ਵਿਆਹੀਆਂ ਵਰੀਆਂ ਹਨ । ਪੁੱਤਰ ਕੰਮ ਉਤੇ ਹਨ—ਇਕ ਮੇਰਠ ਵਿਚ ਤੇ ਦੂਜਾ ਬੁਲੰਦ ਸ਼ਹਿਰ । ਆਪ ਨੂੰਹਾਂ ਦੇ ਵੱਸ ਪੈ ਗਿਆ । ਛੇ ਮਹੀਨੇ ਤੋਂ ਕੁਝ ਖਾਣ ਨੂੰ ਨਹੀਂ ਮਿਲਿਆ । ਅੱਜ ਸਵੇਰੇ ਜ਼ਰਾ ਕੁ ਉੱਚਾ ਬੋਲਿਆ ਤਾਂ ਉਨ੍ਹਾਂ ਨੇ ਕੁਟ ਕੇ ਘਰੋਂ ਕੱਢ ਦਿਤਾ । ਜੇਬ ਵਿਚ ਦੋ ਰੁਪਏ ਸਨ ਉਹ ਕਿਰਾਏ ਵਿਚ ਮੁਕ ਗਏ । ਹੁਣ ਚੰਗਾ ਭਲਾ ਤੁਰਿਆ ਆਉਂਦਾ ਸਾਂ, ਪਤਾ ਨਹੀਂ ਕਿਵੇਂ ਢਹਿ ਪਿਆ । ਪਰ ਲੋਕ ਬੜੇ ਚੰਗੇ ਨੇ । ਜੱਗ ਵਿਚ ਚੰਗੇ ਬੰਦਿਆਂ ਦਾ ਅੰਤ ਨਹੀਂ । ਮੈਨੂੰ ਫੁੱਲ ਵਾਂਗ ਬੋਚ ਲਿਆ ਤੁਸਾਂ, ਰੁੜ੍ਹਦੇ ਜਾਂਦੇ ਨੂੰ ।" ਉਹ ਫਿੱਕੀ ਮੁਰਝਣੀ ਜਿਹੀ ਆਵਾਜ਼ ਵਿਚ ਬੋਲਦਾ ਗਿਆ ।

ਜਿਥੇ ਮੈਨੂੰ ਬਾਬੇ ਨਾਲ ਦਿਲੋਂ ਹਮਦਰਦੀ ਸੀ ਉਥੇ ਅੱਜ ਵਾਲਾ ਮੌਕਾ ਮਿਲਣ ਦੀ ਖੁਸ਼ੀ ਵੀ ਸੀ । "ਚੱਲ ਕਿਧਰੇ ਧਰਮਸ਼ਾਲਾ ਜਾਂ ਗੁਰਦਵਾਰੇ ਵਿਚ ਛੱਡ ਆਉਂਦਾ ਹਾਂ ।" ਮੈਂ ਹੋਰ ਮਦਦ ਕਰਨੀ ਚਾਹੀ ।

"ਗੁਰਦਵਾਰੇ ਵਿਚ ਮੈਂ ਕੀ ਕਰਾਂਗਾ, ਬੱਲਿਆ । ਮੈਂ ਆਪਣੇ ਪੁੱਤਰ ਕੋਲ ਜਾਣਾ ਚਾਹੁੰਦਾਂ । ਉਸ ਦੇ ਦਰ ਉਤੇ ਮਰਨਾ ਚਾਹੁੰਦਾਂ । ਮੈਂ ਉਸ ਨੂੰ ਜਨਮ ਦਿਤਾ ਏ । ਪਾਲਿਆ ਪੋਸਿਆ ਏ ।" ਬੁੱਢੇ ਦੇ ਵਾਕ ਵਿਚ ਅਣਖ ਸੀ । ਮਾਪਿਆਂ ਵਾਲਾ ਹਮਾਂ ਦਾਅਵਾ ਸੀ ।

"ਪੁੱਤਰ ਤੇਰਾ ਕਿਥੇ ਹੈ ?" ਮੈਂ ਸਹਿਮਤ ਹੁੰਦਿਆਂ ਪੁਛਿਆ ।

"ਮੇਰਠ ਛੋਟੇ ਕੋਲ ਹੀ ਪਹੁੰਚ ਜਾਵਾਂ ਏਨਾ ਹੀ ਕਾਫੀ ਹੈ ।"

"ਕਿਨੇ ਪੈਸੇ ਲੱਗਦੇ ਨੇ ਮੋਰਠ ਦੇ।" ਮੈਂ ਵਿਤੋਂ ਵੱਧ ਸਹਾਇਤਾ ਦੇਣ ਲਈ ਤਿਆਰ ਸਾਂ।

"ਬਸ ਇਹੋ ਦੋ ਢਾਈ ਰੁਪਏ. ਅਠਿਆਨੀ ਸਟੇਸ਼ਨ ਉਤੇ ਜਾਣ ਦੀ ਤੇ ਅਠਿਆਈ ਖਾਣ ਲਈ।"

ਕੇਵਲ ਤਿੰਨ ਚਾਰ ਰੁਪਏ ਦੀ ਗੱਲ ਸੀ ਪਰ ਪੈਸਿਆਂ ਦਾ ਨਾਂ ਸੁਣਕੇ ਜਮ੍ਹਾਂ ਹੋਈ ਭੀੜ ਪਤਾ ਨਹੀਂ ਕਿਧਰ ਅਲੋਪ ਹੋ ਗਈ। ਮੇਰੇ ਕੋਲ ਵੀ ਉਸ ਵੇਲੇ ਦੋ ਹੀ ਰੁਪਏ ਸਨ।

"ਇਕ ਰੁਪਿਆ ਤਾਂ ਮੇਰੇ ਕੋਲ ਵੀ ਹੈ।" ਮੈਨੂੰ ਜਕੋਂ ਤਕੋਂ ਵਿਚ ਪਿਆ ਵੇਖ ਕੇ ਇਕ ਮੇਰੇ ਨਾਲੋਂ ਵੀ ਗਰੀਬੜੇ ਜਿਹੇ ਹਮਦਰਦ ਨੇ ਕਿਹਾ।

"ਤਿੰਨ ਰੁਪਏ ਦੇ ਸਕਦੇ ਹਾਂ" ਮੈਂ ਬਾਬੇ ਵੱਲ ਤੱਕਿਆ।

"ਬੱਸ ਬੜੇ ਨੇ ਕਾਕਾ, ਮੈਂ ਕਿਹੜਾ ਮਹਿਲ ਪਾਉਣੇ। ਦੁੱਧ ਨੇ ਢਿਡ ਵਿਚ ਕਾਫੀ ਆਸਰਾ ਕਰ ਦਿਤਾ ਏ। ਇਥੋਂ ਸਟੇਸ਼ਨ ਤੱਕ ਪੈਦਲ ਹੀ ਚਲਾ ਜਾਂਦਾ ਹਾਂ। ਏਨਾ ਕਹਿਕੇ ਬਾਬੇ ਨੇ ਸਾਡੇ ਹੱਥਾਂ ਵਿਚੋਂ ਤਿੰਨ ਰੁਪਏ ਫੜ ਕੇ ਆਪਣੀ ਜੇਬ ਵਿਚ ਪਾ ਲਏ ਤੇ ਉਠ ਕੇ ਖੜਾ ਹੋ ਗਿਆ। ਇਸ ਤਰ੍ਹਾਂ ਜਾਪਦਾ ਸੀ ਜਿਵੇਂ ਦੁੱਧ ਤੇ ਪੈਸਿਆਂ ਨੇ ਮੁਰਦੇ ਵਿਚ ਜਾਨ ਪਾ ਦਿਤੀ ਹੋਵੇ। ਦਿੱਲੀ ਵਿਚ ਰਹਿੰਦਿਆਂ ਅੱਜ ਪਹਿਲਾ ਦਿਨ ਸੀ ਜਦੋਂ ਕਿਸੇ ਨੇ ਮੈਨੂੰ ਕਿਰਤੱਗ ਨਜ਼ਰਾਂ ਨਾਲ ਤੱਕਿਆ ਸੀ। ਕਿੰਨੇ ਥੋੜੇ ਜਿਹੇ ਪੈਸਿਆਂ ਤੇ ਕਿੰਨੀ ਥੋੜ੍ਹੀ ਹਿੰਮਤ ਨਾਲ ਮੈਂ ਕਿੰਨਾ ਵੱਡਾ ਅਹਿਸਾਨ ਕੀਤਾ। ਮੈਨੂੰ ਜਾਪਿਆ ਜਿਵੇਂ ਮੈਂ ਦਿੱਲੀ ਫਤਹਿ ਕਰ ਲਈ ਹੋਵੇ।

ਖੁਸ਼ੀ ਵਿਚ ਫੁਲਿਆ ਜਦੋਂ ਮੈਂ ਘਰ ਜਾਣ ਲਈ ਸਾਈਕਲ ਉਤੇ ਚੜ੍ਹਿਆ ਤਾਂ ਮੈਨੂੰ ਏਦਾਂ ਜਾਪਿਆ ਜਿਵੇਂ ਇਨ੍ਹਾਂ ਦਸਾਂ ਮਿੰਟਾਂ ਵਿਚ ਹੀ ਹਵਾ ਦਾ ਰੁਖ ਬਦਲ ਗਿਆ ਸੀ। ਇਹ ਸਾਹਮਣੀ ਹੋਣ ਦੀ ਥਾਂ ਸਾਈਕਲ ਨੂੰ ਪਿਛਿਉਂ ਧੱਕਾ ਦੇ ਰਹੀ ਸੀ। ਸਾਈਕਲ ਏਨੀ ਰੈਲੀ ਚਲ ਰਹੀ ਸੀ ਜਿਵੇਂ ਇਸ ਦੇ ਟੈਰਾਂ ਵਿਚ ਇਕ ਨਿੱਕਾ ਜਿਹਾ ਭੂਤ ਵੜ ਕੇ ਪੱਕੀ ਗੋਲਾ ਸੜਕ ਉਤੇ ਸਾਈਕਲ ਨੂੰ ਗੋਲੀ ਵਾਂਗ ਦੱਬੀ ਜਾ ਰਿਹਾ ਹੋਵੇ।

"ਵਿਚਾਰਾ ਦੁਖੀ ਬਾਬਾ" ਮੈਂ ਆਪਣੀ ਖੁਸ਼ੀ ਸਾਂਝੀ ਕਰਨ ਲਈ ਆਪਣੇ ਨਾਲ ਨਾਲ ਆ ਰਹੇ ਸਾਈਕਲ ਵਾਲੇ ਮੁੰਡੇ ਨੂੰ ਕਿਹਾ।

"ਦੁਖ ਦੱਖ ਕੋਈ ਨਹੀਂ ਜੀ ਇਹਨੂੰ," ਉਸ ਦਾ ਇਹ ਉੱਤਰ ਸੁਣ ਕੇ ਮੈਂ ਆਪਣੇ ਘਰ ਵੱਲ ਨੂੰ ਮੁੜਦੀ ਗਲੀ ਦਾ ਮੋੜ ਮੁੜਨੋਂ ਰੁਕ ਗਿਆ। "ਇਹ ਬੜਾ ਪਖੰਡੀ ਹੈ। ਦਿੱਲੀ ਦਾ ਹੀ ਰਹਿਣ ਵਾਲਾ ਹੈ। ਖਾਰੀ ਬਉਲੀ ਵਿਚ ਇਸ ਦੀ ਮੇਵੇ ਦੀ ਦੁਕਾਨ ਹੈ। ਚੰਗੀ ਭਲੀ ਕਮਾਈ ਹੈ। ਸਾਰੀ ਧੀਆਂ ਪੁਤਰਾਂ ਉਤੇ ਲਾ ਛੱਡਦਾ ਏ। ਘਰ ਵੇਖੋ ਤਾਂ ਡਾਕ ਬੰਗਲੇ ਵਰਗਾ ਏ।"

ਮੁੰਡੇ ਦੀ ਗਲ ਸੁਣਦਿਆਂ ਹੀ ਮੇਰਾ ਨਸ਼ਾ ਉਤਰ ਗਿਆ।

"ਇੰਝ ਬੇਹੋਸ਼ ਹੋ ਜਾਣਾ ਤਾਂ ਇਸ ਦਾ ਰੋਜ਼ ਦਾ ਕਮ ਹੈ।" ਉਹ ਬੋਲਦਾ ਗਿਆ, "ਤਰਕਾਲਾਂ ਪੈਂਦੀਆਂ ਹਨ ਤਾਂ ਕਦੀ ਦਿੱਲੀ ਦੇ ਇਸ ਸਿਰੇ ਜਾ ਡਿੱਗਦਾ ਹੈ ਤੇ ਕਦੀ ਦੂਜੇ। ਇਹ ਇਸ ਦੀ ਝੁੱਗੇ ਦੀ ਕਮਾਈ ਹੈ।"

ਮੁੰਡਾ ਬੁਢੇ ਦਾ ਜਾਣੂ ਜਾਪਦਾ ਸੀ ।

"ਸਾਡੀ ਕਾਲੋਨੀ ਵਿਚ ਹੀ ਇਸ ਦਾ ਘਰ ਹੈ, ਯਕੀਨ ਨਹੀਂ ਆਉਂਦਾ ਤਾਂ ਚਲੋ ਸਾਡੇ ਨਾਲ ।" ਆਪਣੇ ਸਰੀਰ ਦਾ ਸਾਰਾ ਭਾਰ ਕਦੀ ਸੱਜੇ ਤੇ ਕਦੀ ਖੱਬੇ ਪੈਡਲ ਉਤੇ ਸੁੱਟਦਾ ਬਾਈ ਬਾਈ ਕਹਿੰਦਾ ਉਹ ਸਕੂਲੀਆ ਮੁੰਡਾ ਖੱਬੇ ਹੱਥ ਵਾਲੀ ਗਲੀ ਵਿਚ ਅਲੋਪ ਹੋ ਗਿਆ ।

ਆਪਣੀ ਅਗਿਆਨਤਾ ਬਾਰੇ ਸੁਣਦਾ ਤੇ ਸੋਚਦਾ ਮੈਂ ਆਪਣੇ ਘਰ ਦਾ ਮੋੜ ਬਹੁਤ ਪਿਛੇ ਛੱਡ ਆਇਆ ਸਾਂ । ਆਪਣੇ ਘਰ ਤੋਂ ਡੇਢ ਮੀਲ ਦੀ ਦੂਰੀ ਉਤੇ ਬੇਦਲੀਲੀ ਵਿਚ ਖਲੋਤਿਆਂ ਮੈਂ ਸਾਈਕਲ ਦਾ ਅਗਲਾ ਪਹੀਆ ਗੋਡਿਆਂ ਵਿਚ ਫਸਾਇਆ ਅਤੇ ਦੋਵੇਂ ਹੱਥ ਸਾਈਕਲ ਦੇ ਹੈਂਡਲ ਨੂੰ ਪਾ ਕੇ ਇਸ ਨੂੰ ਇੰਝ ਸਿੱਧਾ ਕਰਨ ਲੱਗਿਆ ਜਿਵੇਂ ਇਹ ਬੁੱਢੇ ਦੇ ਡਿੱਗਣ ਵਾਲੀ ਥਾਂ ਉਤੇ ਖੜਾ ਖੜਾ ਵਿੰਗਾ ਹੋ ਗਿਆ ਹੋਵੇ ।

ਫੇਰ ਜਦੋਂ ਮੈਂ ਸਾਈਕਲ ਦਾ ਮੂੰਹ ਭੁਆ ਕੇ ਵਾਪਸੀ ਪੈਂਡਾ ਕਰਨ ਲਈ ਉਤੇ ਚੜ੍ਹਿਆ ਤਾਂ ਮੈਨੂੰ ਜਾਪਿਆ ਜਿਵੇਂ ਮੇਰੀ ਸਾਈਕਲ ਦੇ ਦੋਵੇਂ ਟਾਇਰ ਪੰਕਚਰ ਹੋ ਚੁਕੇ ਹਨ ਤੇ ਮੈਂ ਹੁਣ ਇਸ ਨੂੰ ਖਾਲੀ ਰੋੜ੍ਹ ਕੇ ਵੀ ਘਰ ਨਹੀਂ ਪਹੁੰਚਾ ਸਕਦਾ ।

(ਛਪ ਰਹੀ ਪੁਸਤਕ 'ਸੋਨੇ ਦੀ ਇੱਟ, ਵਿਚੋਂ')

———


ਗੁਲਜ਼ਾਰ ਸਿੰਘ ਸੰਧੂ

ਦੇ

ਕਹਾਣੀ ਸੰਗ੍ਰਹਿ

ਹੁਸਨ ਦੇ ਹਾਣੀ

ਇਕ ਸਾਂਝ ਪੁਰਾਣੀ

## ਰੇਤੜ / ਤਰਸੇਮ ਸਿੰਘ

ਸੁੰਦਰ ਆਇਆ ਸੀ। ਠਾਕਰ ਸਿੰਘ ਦੇ ਦਿਲ ਵਿਚ ਲਗਾਤਾਰ ਪੀੜ ਹੋ ਰਹੀ ਸੀ। ਸੁੰਦਰ ਉਸਦਾ ਯਾਰ ਮੁੱਢ-ਕਦੀਮਾਂ ਤੋਂ। 'ਦਿਲਬਰੀ ਦੇਣ ਆਇਆ ਸੀ,' ਠਾਕਰ ਸਿੰਘ ਸੋਚ ਰਿਹਾ ਸੀ। ਉਹ ਠੱਗਿਆ ਗਿਆ ਸੀ। ਵੀਰਾਨਗੀ ਉਸਦੇ ਚਿਹਰੇ ਤੇ ਵਿਛ ਗਈ ਸੀ। ਚਿਹਰੇ ਦਾ ਮੋਟਾ ਚੰਮ, ਖੁਲ੍ਹਾ ਮੱਥਾ, ਡੂੰਘੀਆਂ ਸ਼ੱਕੀ ਅੱਖਾਂ ਹੁਣ ਸੱਭ ਕੁਝ ਗ਼ਮ ਦਾ ਖੰਡਰ ਹੀ ਤਾਂ ਬਣ ਗਏ ਸਨ। ਠਾਕਰ ਸਿੰਘ ਸੋਚ ਰਿਹਾ ਸੀ, ਸੁੰਦਰ ਉਸਦਾ ਯਾਰ ਨਾ ਹੁੰਦਾ ਹੁਣ ਤਕ ਕਦੋਂ ਦਾ ਉਹ ਸ਼ਮਸ਼ਾਨਾਂ ਦੀ ਸਵਾਹ ਬਣ ਗਿਆ ਹੁੰਦਾ। ਉਸਦਾ ਖੂਹ ਇਨ੍ਹਾਂ ਸ਼ਮਸ਼ਾਨਾਂ ਦੇ ਨਾਲ ਹੀ ਤਾਂ ਸੀ। ਉਸਨੂੰ ਸਾੜਨ ਲਗਿਆਂ ਕਿਸੇ ਨੂੰ ਕੀ ਦੇਰ ਲਗਣੀ ਸੀ। ਉਸਨੂੰ ਇਨ੍ਹਾਂ ਸ਼ਮਸ਼ਾਨਾਂ ਤੋਂ ਕਦੇ ਡਰ ਨਹੀਂ ਲਗਿਆ ਸੀ। ਸੜ ਰਹੇ ਮੁਰਦਾਰ ਦੀ ਬੂ-ਦੂਰ ਤੱਕ ਪਸਰ ਜਾਂਦੀ। ਉਸਨੂੰ ਕੋਈ ਭੈ ਨਾ ਆਉਂਦਾ। ਉਸਦਾ ਖੂਹ ਜਿਉਂ ਇਹੋ ਸੀ। ਉਹ ਆਪਣੇ ਇਸੇ ਕੋਠੇ ਵਿਚ ਹੁੰਦਾ ਪਰ ਨਾ ਜਾਣੇ ਕਿਉਂ ਉਸਨੂੰ ਆਪਣਾ ਆਪ ਸੁੰਨਾ ਸੁੰਨਾ ਲਗਦਾ ਰਹਿੰਦਾ। ਲੋਕਾਂ ਉਸਨੂੰ ਸੱਤਾਂ ਰਾਣੀਆਂ ਦਾ ਰਾਜਾ ਕਹਿਣਾ ਸ਼ੁਰੂ ਕਰ ਦਿਤਾ ਸੀ। ਨਾ ਉਸਨੂੰ ਕਿਸੇ ਦੇ ਇਹਨਾਂ ਸ਼ਬਦਾਂ ਨਾਲ ਲਗਾਉ ਸੀ ਨਾ ਵਾਸਤਾ। ਕਦੇ ਕਦੇ ਪੀੜ ਜ਼ਰੂਰ ਹੁੰਦੀ।

"ਮਲ੍ਹ ਬਾਹਮਣ ਕਹਿੰਦਾ ਤੀਵੀਂ ਦੀ ਦੱਸ ਪੈਂਦੀ ਐ।" ਸੁੰਦਰ ਆਇਆ ਸੀ। ਕਹਿਕੇ ਚਲੇ ਗਿਆ ਸੀ। ਠਾਕਰ ਸਿੰਘ ਨੇ ਤਾਂ ਆਖ ਦਿਤਾ ਸੀ 'ਕੀ ਲੋੜ ਐ ਹੁਣ। ਬਾਕੀ ਕੀ ਰਹਿ ਗਈ ਐ।' ਪਰ ਸੁੰਦਰ ਆਖ ਗਿਆ ਸੀ ਸਲਾਹ ਕਰਨ ਬਾਰੇ। ਦੁਪਹਿਰ ਨੂੰ ਆਉਣ ਬਾਰੇ। ਹੁਣ ਉਸਨੇ ਬਲਦਾਂ ਦਾ ਪੱਠ-ਦੱਥਾ ਕਰਨਾ ਸੀ।

ਯੱਖ ਹਵਾ ਦੀ ਮਾਰ 'ਚ ਉਸਦੀਆਂ ਹੱਡੀਆਂ ਕੜਕ ਰਹੀਆਂ ਸਨ। ਫਲਿਆਏ ਨਿੰਬੂਆਂ ਦੀ ਸੁਗੰਧੀ, ਫਸਲਾਂ ਦੀ ਹਰਿਆਲੀ, ਸ਼ਮਸ਼ਾਨ ਘਰ ਦੀ ਨੇੜਤਾ ਉਸਨੂੰ ਵਿਰਾਗਮਈ ਜਿਲ੍ਹਣਾਂ ਵਲ ਨੂੰ ਧਕੇਲ ਰਹੀ ਸੀ। ਹਰਬੰਸ ਕੌਰ ਉਧਲ ਗਈ ਸੀ। ਠਾਕਰ ਸਿੰਘ ਉਸਦੀ ਸੋਚ ਵਿਚ ਗਲ-ਤਾਨ ਸੀ। ਦਸ ਦਿਨ ਹੋਏ ਹਰਬੰਸ ਕੌਰ ਕੱਚੇ ਧਾਗੇ ਦੀ ਤੰਦ ਤੋੜਕੇ ਪਤਰਾ ਵਾਚ ਗਈ ਸੀ। ਕੁੱਲ ਸੋਲਾਂ ਦਿਨ ਗੁਜ਼ਾਰੇ ਸਨ ਹਰਬੰਸ ਕੌਰ ਨੇ ਉਸਦੇ ਘਰ। ਇਹ ਸੋਲਾਂ ਦਿਨ ਠਾਕਰ ਸਿੰਘ ਨੂੰ ਇਕ ਖੁਮਾਰ ਆਇਆ ਰਿਹਾ ਸੀ। ਉਸਨੂੰ ਆਪਣੇ ਸਰੀਰ ਚੋਂ ਉਗਮਦੀਆਂ ਖੁਸ਼ਬੋਈਆਂ ਮਹਿਸੂਸ ਹੁੰਦੀਆਂ। ਠਾਕਰ ਸਿੰਘ ਨੇ ਹਰਬੰਸ ਕੌਰ ਨੂੰ ਆਪਣੇ ਦਿਲ 'ਚ ਵਸਾ ਲਿਆ ਸੀ।

ਉਸ ਸਾਰੀ ਰਾਤ ਸੁੰਦਰ ਤੇ ਠਾਕਰ ਸਿੰਘ ਸਰਦੀ ਦੀਆਂ ਤਹਿਆਂ ਵਿਚ ਹਰਬੰਸ ਕੌਰ ਨੂੰ ਭਾਲਦੇ ਰਹੇ ਸਨ। ਪਰ ਕਦੋਂ ਮਿਲੀ ਹੈ ਖੂਹ 'ਚ ਡਿੱਗੀ ਸੋਨੇ ਦੀ ਮੁੰਦਰੀ ਕਿਸੇ ਨੂੰ। ਹਰਬੰਸ ਕੌਰ ਫਸਲਾਂ ਵਿਚ ਟਿਕਾਣੇ ਭਾਲਦੀ ਪਤਾ ਨਹੀਂ ਕਿਥੇ ਦੀ ਕਿਥੇ ਜਾ ਨਿਕਲੀ ਸੀ। ਠਾਕਰ ਸਿੰਘ ਤੇ ਸੁੰਦਰ ਨੇ ਗੰਨਿਆਂ ਦੇ ਖੇਤਾਂ ਦੇ ਇੱਕ ਇੱਕ ਮੂੰਏ ਨੂੰ ਗਿਣ ਸੁਟਿਆ ਸੀ। ਬੇ-ਅਰਥ। ਸਭ ਕੁਛ।

ਇਸ ਵਿਚ ਕਸੂਰ ਵੀ ਤਾਂ ਠਾਕਰ ਸਿੰਘ ਦਾ ਆਪਣਾ ਸੀ।ਉਸਦੇ ਸਾਹਮਣੇ ਫਸਲਾਂ ਦੀ ਤਹਿ ਦੂਰ ਤੱਕ ਵਿਛ ਗਈ ਹੋਈ ਸੀ। ਕਣਕਾਂ ਨੂੰ ਸਿੱਟੇ ਨਿਕਲੇ ਹੋਏ ਸਨ। ਅਪਣੇ ਖੇਤ ਦੇ ਬੰਨੇ ਤੇ ਖੜਾ ਉਹ ਇੱਕ ਇੱਕ ਸਿੱਟੇ ਨੂੰ ਫੋਲਕੇ ਵੇਖ ਰਿਹਾ ਸੀ। ਦਾਣਿਆਂ ਚੋਂ ਦੁਧ ਨਿਕਲ ਰਿਹਾ ਸੀ। ਜਿਸ ਦਿਨ ਉਸਨੇ ਹਰਬੰਸ ਕੌਰ ਨੂੰ ਖਰੀਦ ਕੇ ਲਿਆਂਦਾ ਸੀ ਉਸੇ ਰਾਤ ਹੀ ਉਹ ਵਾਪਿਸ ਚਲੇ ਗਈ ਸੀ। ਠਾਕਰ ਸਿੰਘ, ਸੁੰਦਰ ਤੇ ਚਾਰ ਪੰਜ ਹੋਰ ਆਦਮੀ ਉਸਨੂੰ ਮੋੜ ਕੇ ਲਿਆਉਣ ਲਈ ਗਏ ਸਨ। ਜਿਨ੍ਹਾਂ ਕੋਲੋਂ ਠਾਕਰ ਸਿੰਘ ਹਰਬੰਸ ਕੌਰ ਨੂੰ ਖਰੀਦ ਕੇ ਲਿਆ-ਇਆ ਸੀ ਉਹਨਾਂ ਕੋਲ ਉਹ ਚਲੇ ਗਈ ਸੀ। ਸ਼ਾਇਦ ਹਰਬੰਸ ਕੌਰ ਨੂੰ ਠਾਕਰ ਸਿੰਘ ਦਾ ਕੁੱਛ ਵੀ ਪਸੰਦ ਨਹੀਂ ਸੀ। ਜਾਂ ਉਸਨੂੰ ਆਪਣੇ ਪੁਰਾਣੇ ਮਾਲਕਾਂ ਦਾ ਸਭ ਕੁਝ ਪਸੰਦ ਸੀ। ਮੋੜ ਲਿਆਉਣ ਵਾਲਿਆਂ ਦੀ ਟੋਲੀ ਵਿੱਚ ਚੂਹੀ ਵਾਂਗ ਦੁਬਕਿਆ ਉਹ ਆਪਣੀਆਂ ਪਹਿਲੀਆਂ ਤੀਵੀਆਂ ਬਾਰੇ ਸੋਚ ਰਿਹਾ ਸੀ। ਹਰਬੰਸ ਕੌਰ ਦੇ ਚਿਹਰੇ ਤੇ ਕੋਈ ਡਰ ਨਹੀਂ ਸੀ। ਜਿਵੇਂ ਉਸਨੂੰ ਇਹਨਾਂ ਮੰਗਤਿਆਂ ਦੀ ਧਾੜ ਨਾਲ ਕੋਈ ਵਾਸਤਾ ਨਹੀਂ ਸੀ। ਗਿਆਂ ਨੂੰ ਆਉ ਭਗਤ ਕੀਤੀ ਹਰਬੰਸ ਕੌਰ ਦੇ ਮਾਲਕਾਂ। ਜਿਵੇਂ ਉਹਨਾਂ ਨੂੰ ਠਾਕਰ ਸਿੰਘ ਦੇ ਆਉਣ ਦਾ ਪਹਿਲਾਂ ਹੀ ਪਤਾ ਹੋਵੇ। ਠਾਕਰ ਸਿੰਘ ਹਰਬੰਸ ਕੌਰ ਦੇ ਨਿੱਡਰ ਚਿਹਰੇ ਵਲ ਦੇਖ ਰਿਹਾ ਸੀ। ਦੇਖ ਰਿਹਾ ਸੀ ਉਹ ਉਸਦੇ ਬੁਲ੍ਹਾਂ ਤੇ ਸੱਕ ਦਾ ਹਲਕਾ ਰੰਗ। ਕੱਜਲ ਦੀ ਧਾਰ ਪਿਛੇ ਬੱਗੀਆਂ ਅੱਖਾਂ, ਸੱਜੀ ਗਲ੍ਹ ਤੇ ਝਰੀਟ ਦਾ ਨਿਸ਼ਾਨ। ਬਰਫ ਵਾਂਗੂ ਜੰਮਿਆ ਸਖਤ ਚਿਹਰਾ, ਗਲ ਦੀ ਕਾਲੀ ਗਾਨੀ।

ਉਸ ਦਿਨ ਠਾਕਰ ਸਿੰਘ ਨੂੰ ਕਿੰਨਾਂ ਕੁਛ ਯਾਦ ਆ ਰਿਹਾ ਸੀ। ਬਰ੍ਹਮਾ ਦੇ ਜੰਗਲਾਂ ਵਿਚ ਬਿਤਾਈਆਂ ਖੌਫਨਾਕ ਰਾਤਾਂ। ਬੰਬਾਂ ਦੀਆਂ ਅਵਾਜ਼ਾਂ। ਉਸਦੇ ਲੰਗੜੇ ਲੂਲ੍ਹੇ ਸਾਥੀਆਂ ਦਾ ਕਰਾਹੁਣਾ। ਇਸ ਵਾਤਾਵਰਨ 'ਚ ਉਸਨੂੰ ਚੈਨ ਨਾ ਮਿਲਦਾ। ਉਹ ਕਲਪਨਾ ਕਰਦਾ ਕਿਸੇ ਚੰਗੇਰੇ ਭਵਿਖ ਦੀ। ਜਦੋਂ ਬੰਬਾਂ ਦੇ ਰੈਣੇ ਲੋਕਾਂ ਦੀਆਂ ਛਾਤੀਆਂ 'ਚ ਖੁੱਤੀਆਂ ਨਾ ਪੁੱਟਿਆ ਕਰਨਗੇ। ਦਿਨੇ ਵੀ ਜੰਗਲਾਂ 'ਚ ਲੁਕੇ ਰਹਿੰਦੇ ਤਾਰਾਂ ਨੂੰ ਵੀ। ਕਦੇ ਕਦੇ ਕਿਸੇ ਬਰ੍ਹਮਣ ਕੁੜੀ ਨੂੰ ਠਾਕਰ ਸਿੰਘ ਦੇਖਦਾ। ਉਸਨੂੰ ਆਪਣੇ ਵਿਰਾਨ ਘਰ ਦੀ ਯਾਦ ਆਉਂਦੀ। ਉਸਦਾ ਪਿਉ ਮਰ ਗਿਆ ਸੀ। ਹੋਰ ਕੋਈ ਨਹੀਂ ਸੀ। ਆਪ ਉਹ ਕਰ ਰਿਹਾ ਸੀ ਪਿਆਰ ਜੰਗਲਾਂ ਦੇ ਕੰਡਿਆਂ ਨਾਲ।

ਹਰਬੰਸ ਕੌਰ ਦੇ ਮਾਲਕ ਨੇ ਆਖਿਆ ਸੀ 'ਹੁਣ ਅਸੀਂ ਮੋੜ ਦਿੰਦੇ ਹਾਂ, ਮੁੜਕੇ ਸਾਨੂੰ ਕੋਈ ਦੋਸ਼ ਨਾ ਦੇਣਾ।' ਠਾਕਰ ਸਿੰਘ ਨੂੰ ਉਸ ਦਿਨ ਸਮਝ ਨਹੀਂ ਸੀ ਆ ਰਹੀ ਕੋਈ। ਸੁੰਦਰ ਦੇ ਚਿਹਰੇ ਉਤੇ ਉਨ੍ਹਾਂ ਦੇ ਇਹ ਬੋਲ ਸੁਣ ਕੇ ਰੌਣਕ ਆ ਗਈ ਸੀ। ਨਾਲ ਜਾਣ ਵਾਲੇ ਹੋਰ ਸਾਰੇ ਵੀ ਖੁਸ਼ ਸਨ। ਮੁਲ ਪੈ ਰਿਹਾ ਸੀ ਆਖਰ ਉਨ੍ਹਾਂ ਦੇ ਆਉਣ ਦਾ। ਮਾਲਕ ਤਾਂ ਠਾਕਰ ਸਿੰਘ ਨੂੰ ਰਕਮ ਮੋੜਨ ਲਈ ਵੀ ਤਿਆਰ ਸਨ, ਜੇ ਕਰ ਉਹ ਚਾਹੁੰਦਾ ਤਾਂ। ਪਰ ਠਾਕਰ ਸਿੰਘ ਤਾਂ ਹਰਬੰਸ ਕੌਰ ਨੂੰ ਚਾਹੁੰਦਾ ਸੀ। ਉਸ ਦੇ ਗਲ ਦੀ ਕਾਲੀ ਗਾਨੀ, ਕਜਲੇ ਦੀ ਧਾਰ,ਬੇਖੌਫ ਚਿਹਰਾ। ਬੇਖੌਫ ਚਿਹਰੇ ਪਿਛੇ ਬੇਵਫਾਈ, ਕਿਸੇ ਕੁੜੱਤਣ ਦਾ ਇਜ਼ਹਾਰ। ਜਿਸ ਦੀ ਠਾਕਰ ਸਿੰਘ ਨੂੰ ਸਮਝ ਸੀ। ਠਾਕਰ ਸਿੰਘ ਨੂੰ ਝਾਉਲਾ ਪੈਂਦਾ ਵਫਾ ਦਾ, ਉਸ ਦੀ ਬੇਵਫਾਈ ਪਿਛੇ।

ਤੇ ਦਸ ਦਿਨ ਪਹਿਲਾਂ ਹਰਬੰਸ ਕੌਰ ਉਧਲ ਗਈ। ਠਾਕਰ ਸਿੰਘ ਇਨ੍ਹਾਂ ਦਸਾਂ ਦਿਨਾਂ ਤੋਂ ਕੰਡਿਆਂ ਦੀ ਸੇਜ ਤੇ ਸੌਂ ਰਿਹਾ ਸੀ। ਕਦੇ ਸੁੰਦਰ ਆਉਂਦਾ। ਠਾਕਰ ਸਿੰਘ ਨੂੰ ਸੁੰਦਰ ਦੇ

ਯਰਾਨੇ ਦੀ ਮਹੱਤਤਾ ਦਾ ਅਨੁਭਵ ਹੁੰਦਾ। ਬਚਪਨ ਦੇ ਦਿਨ ਯਾਦ ਆਉਂਦੇ ਠਾਕਰ ਸਿੰਘ ਨੂੰ। ਏਨਾ ਹੀ ਪਤਾ ਸੀ ਠਾਕਰ ਸਿੰਘ ਨੂੰ ਕਿ ਉਹ ਤੇ ਸੁੰਦਰ ਯਾਰ ਸਨ। ਕਦੋਂ ਤੋਂ। ਉਸ ਨੂੰ ਕੁਛ ਪਤਾ ਨਹੀਂ ਸੀ ਇਸ ਬਾਰੇ।

ਲਾਗਲੇ ਖੂਹ ਤੇ ਗੁੜ ਬਣ ਰਿਹਾ ਸੀ। ਕੜ੍ਹ ਰਹੀ ਰਸ ਦੀ ਖੁਸ਼ਬੂ ਦੂਰ ਤਕ ਪਸਰੀ ਹੋਈ ਸੀ। ਤ੍ਰੇਲ ਦੇ ਤੁਪਕੇ ਕਣਕ ਦੇ ਪੱਤਰਾਂ ਤੋਂ ਧਰਤੀ ਵੱਲ ਨੂੰ ਲਮਕ ਰਹੇ ਸਨ। ਠਾਕਰ ਸਿੰਘ ਹਰਬੰਸ ਕੌਰ ਬਾਰੇ ਸੋਚ ਰਿਹਾ ਸੀ। ਛਟਪਟਾ ਰਿਹਾ ਸੀ ਉਹ। ਉਸ ਨੂੰ ਆਪਣੇ ਮਾਰੇ ਗਏ ਪੈਸਿਆਂ ਦਾ ਗਮ ਨਹੀਂ ਸੀ ਏਨਾ। ਕਿੰਨਾ ਮੋਹ ਹੋ ਗਿਆ ਸੀ ਉਸ ਨੂੰ ਹਰਬੰਸ ਕੌਰ ਨਾਲ। ਉਸ ਦੇ ਪੇਟ 'ਚ ਪਲਰ ਰਹੇ ਇਕ ਜੀਵ ਨਾਲ। ਸ਼ਾਇਦ ਉਸਦੀ ਉਮਰ ਹਾਲੇ ਚਾਰ ਮਹੀਨੇ ਵੀ ਨਹੀਂ ਸੀ। ਪਤਾ ਸੀ ਠਾਕਰ ਸਿੰਘ ਨੂੰ ਕਿ ਇਸ ਜੀਵ ਦਾ ਮੂਲ ਉਸਦਾ ਆਪਣਾ ਨਹੀਂ। ਪਰ ਤਾਂ ਵੀ ਹਰਬੰਸ ਕੌਰ ਤਾਂ ਉਸਦੀ ਆਪਣੀ ਸੀ।

ਉਸ ਨੂੰ ਖਿਆਲ ਆਉਂਦਾ ਇਸ ਜੀਵ ਬਾਰੇ, ਉਸ ਦੇ ਅੰਦਰ ਦੀ ਰੋਸ਼ਨੀ ਖੁਸ਼ੀ ਨਾਲ ਉਸ ਦੀ ਸਾਂਝ ਪੁਆ ਦਿੰਦੀ। ਉਸ ਦੇ ਘਰ ਨੂੰ ਸਾਂਭਣ ਵਾਲਾ ਹੋ ਜਾਵੇਗਾ ਕੋਈ। ਠਾਕਰ ਸਿੰਘ ਸੋਚਦਾ। ਫੁੱਟ ਪੈਂਦੀਆਂ ਉਤਸ਼ਾਹ ਦੀਆਂ ਧਾਰਾਂ ਉਸ ਦੇ ਸੀਨੇ। ਹੁਣ ਇਹ ਸਾਰਾ ਕੁਝ ਬਿਖਰ ਗਿਆ ਸੀ। ਤੂੜੀ ਦੀ ਪੰਡ ਵਾਂਗ। ਪਾਣੀ ਦੇ ਸੁਪਨੇ ਵਾਂਗੂ। ਇਕ ਤੁਪਕੇ ਤੋਂ ਸਮੁੰਦਰ ਤੇ ਸਮੁੰਦਰ ਵਿਚ ਸਭ ਕੁਝ ਰੁੜ੍ਹ ਗਿਆ ਸੀ। ਬੇਹਿਸਾਬ ਪਾਣੀ। ਅਥਾਹ ਡੂੰਘਾਣਾਂ।

ਹੁਣ ਉਹ ਸੁੰਦਰ ਬਾਰੇ ਸੋਚ ਰਿਹਾ ਸੀ। ਸੂਰਜ ਹੋਰ ਉਚਾ ਹੋ ਰਿਹਾ ਸੀ। ਢਲਦੇ ਸਿਆਲੇ ਦੇ ਦਿਨ। ਕੁਦਰਤੋਂ ਹੀ ਜਿਵੇਂ ਜੋਗੀਆ ਰੰਗ ਵਿਚ ਭਿੱਜ ਭਿੱਜਕੇ ਆਉਂਦੇ ਹੋਣ। ਤੀਵੀਆਂ ਦੀ ਦੱਸ ਤਾਂ ਕਈ ਥਾਈਂ ਪੈਂਦੀ ਐ। ਪਰ ਉਸ ਦੇ ਘਰ ਕੋਈ ਟਿਕੇ ਵੀ। ਸ਼ਾਇਦ ਔਰਤਾਂ ਨੂੰ ਕਾਬੂ ਵਿਚ ਰੱਖਣ ਬਾਰੇ ਵੀ ਕੋਈ ਪੜ੍ਹਾਈ ਹੁੰਦੀ ਹੋਵੇ। ਉਹ ਸੋਚਦਾ ਪਰ ਕੀ ਫਰਕ ਪੈਣਾ ਸੀ ਉਸ ਦੇ ਸੋਚਣ ਨਾਲ।

'ਉਹ ਵੀ ਉਧਲ ਜਾਵੇਗੀ।' ਉਹ ਸੋਚ ਰਿਹਾ ਸੀ ਦਿਲ ਦੀ ਦਿਲ ਵਿਚ। ਮੈਂ ਨਹੀਂ ਲਿਆਵਾਂਗਾ। ਠਾਕਰ ਸਿੰਘ ਸੁੰਦਰ ਆਏ ਨੂੰ ਆਖ ਦੇਵੇਗਾ। ਕੀ ਲੈਣਾ ਸੀ ਉਸ ਨੇ ਇਸ ਖੇਡ ਵਿਚੋਂ। ਲੋਕਾਂ ਉਸ ਨੂੰ ਸੱਤਾਂ ਰਾਣੀਆਂ ਦਾ ਰਾਜਾ ਕਹਿਣਾ ਸ਼ੁਰੂ ਕਰ ਦਿਤਾ ਸੀ। ਇਕ ਕਸਕ। ਪੀੜ ਹੁੰਦੀ ਉਸ ਦੇ ਦਿਲ ਵਿਚ। ਜੇਕਰ ਉਸ ਦੇ ਘਰ ਇਕ ਔਰਤ ਹੀ ਟਿਕੀ ਰਹਿੰਦੀ ਤਾਂ ਉਸ ਨੂੰ ਇਨ੍ਹਾਂ ਰਾਜਿਆਂ ਵਜ਼ੀਰਾਂ ਦੇ ਸੰਬੋਧਨ ਨਾਲ ਕੀ ਵਾਸਤਾ ਰਹਿਣਾ ਸੀ। ਲੋਕਾਂ ਨੂੰ ਕੀ ਹੈ। ਜਿਸ ਤਰ੍ਹਾਂ ਕਿਸੇ ਦਾ ਬਾਹਰਲਾ ਰੂਪ ਦਿਸਦਾ ਹੈ ਉਸੇ ਤਰ੍ਹਾਂ ਦਾ ਵਰਤਾਉ ਕਰ ਛਡਦੇ ਹਨ।

'ਸੁੰਦਰ ਆਖਰ ਉਸਦੇ ਲਿਆਉਣ ਬਾਰੇ ਏਨਾ ਜ਼ੋਰ ਕਿਉਂ ਦੇ ਰਿਹਾ ਸੀ। ਸ਼ਾਇਦ ਉਸਨੂੰ ਠਾਕਰ ਸਿੰਘ ਦਾ ਘਰ ਵਸ ਪੈਣ 'ਚ ਖੁਸ਼ੀ ਸੀ। ਸ਼ਾਇਦ ਉਹ ਤੀਵੀਂ ਚੰਗੀ ਹੀ ਹੋਵੇ। ਉਧਲ ਜਾਣ ਦਾ ਨਾਮ ਨਾ ਲਵੇ।' ਠਾਕਰ ਸਿੰਘ ਨੂੰ ਕੁੱਛ ਨਹੀਂ ਸੁਝ ਰਿਹਾ ਸੀ। ਫਲਿਆਏ ਨਿੰਬੂਆਂ ਦੀ ਮਹਿਕ ਨਾਲ ਭਰਿਆ ਬੁਲਾ ਆਇਆ। ਉਹ ਨਿੰਬੂਆਂ ਦੇ ਬੂਟਿਆਂ ਕੋਲ ਜਾ ਖੜਾ ਹੋਇਆ। ਉਪਰ ਸ਼ਮਸ਼ਾਨ ਘਰਾਂ ਦਾ ਧੋੜਾ ਸੀ। ਹੇਠਾਂ ਨਿੰਬੂਆਂ ਦੇ ਦੋ ਬੂਟੇ ਸਨ। ਉਸਦੇ ਪਿਉ ਨੇ ਬੂਟੇ ਲਾਏ ਸਨ। ਉਦੋਂ ਠਾਕਰ ਸਿੰਘ ਦੀ ਆਪਣੀ ਉਮਰ ਪੰਦਰਾਂ ਸਾਲ ਦੀ ਸੀ। ਜ਼ਮੀਨ ਦੇ

ਦੋ ਖੇਤ ਸਨ। ਵਗਦੀ ਆਡ ਕੰਢੇ ਉਸਦੇ ਪਿਉ ਨੇ ਦੋ ਬੂਟੇ ਨਿੰਬੂਆਂ ਦੇ ਤੇ ਦੋ ਬੂਟੇ ਗਲਗਲਾਂ ਦੇ ਲਾ ਦਿਤੇ ਸਨ। 'ਕਿਤੇ ਚਹੁੰ ਰੁਪਈਆਂ ਦਾ ਫਲ ਹੀ ਦਿਆ ਕਰਨਗੇ।' ਠਾਕਰ ਸਿੰਘ ਦੇ ਬਾਪ ਨੇ ਸੋਚਿਆ ਸੀ

ਯਾਦ ਸਨ ਠਾਕਰ ਸਿੰਘ ਨੂੰ। ਪੰਝੀ ਸਾਲ ਪਹਿਲਾਂ ਦੀਆਂ ਗੱਲਾਂ। ਚੌਂਹ ਸਾਲਾਂ ਬਾਦ ਇਹਨਾਂ ਬੂਟਿਆਂ ਨੇ ਫਲ ਦੇਣਾ ਸ਼ੁਰੂ ਕਰ ਦਿਤਾ ਸੀ। ਪਰ ਹਾਲੇ ਤਕ ਠਾਕਰ ਸਿੰਘ ਦੀ ਕਿਸੇ ਆਸ ਨੂੰ ਫਲ ਨਹੀਂ ਪਿਆ ਸੀ। ਉਦੋਂ ਉਸ ਦੀ ਉਮਰ ਉਨੀ ਵਰ੍ਹਿਆਂ ਦੀ ਹੋ ਗਈ ਸੀ। ਬੂਜ ਲਾ ਦਿਤਾ ਸੀ ਉਸਦੀ ਜਵਾਨੀ ਨੂੰ ਉਸਦੀ ਗਰੀਬੀ ਨੇ। ਫਲ ਕੀ ਪੈਣਾ ਸੀ। ਫੇਰ ਉਸਦੇ ਪਿਉ ਨੇ ਦੁਖੀ ਹੋ ਕੇ ਉਸਨੂੰ ਲਾਮ ਵਿੱਚ ਧੱਕ ਦਿਤਾ ਸੀ।

ਦੁਪਹਿਰਾਂ ਵੇਲੇ ਸੁੰਦਰ ਆਇਆ। ਦਿਲ ਠਾਕਰ ਸਿੰਘ ਦਾ ਆਪਣਾ ਵੀ ਧੜਕ ਰਿਹਾ ਸੀ। ਨਵੀਂ ਆਉਣ ਵਾਲੀ ਵੀ ਤਾਂ ਉਧਲ ਸਕਦੀ ਸੀ। ਦਰ ਦਰ ਤੇ ਵਿਕਣ ਵਾਲੀਆਂ ਔਰਤਾਂ ਦਾ ਕੀ ਭਰੋਸਾ। ਠਾਕਰ ਸਿੰਘ ਦਾ ਆਪਣਾ ਇਰਾਦਾ ਤਾਂ ਸੀ ਉਹ ਨਾ ਲਿਆਵੇ ਨਵੀਂ ਤੀਵੀਂ। ਪਰ ਸੁੰਦਰ ਜ਼ੋਰ ਦੇ ਰਿਹਾ ਸੀ। ਮਲੂ ਬਾਹਮਣ ਜ਼ੁੰਮੇਵਾਰੀ ਚੁਕਦਾ ਸੀ।

ਠਾਕਰ ਸਿੰਘ ਨੂੰ ਯਕੀਨ ਕੋਈ ਨਹੀਂ ਸੀ ਭਾਵੇਂ। ਪਰ ਮੰਨ ਗਿਆ ਉਹ ਸੁੰਦਰ ਦੇ ਜ਼ੋਰ ਦੇਣ ਤੇ। ਸੁੰਦਰ ਆਪਣਾ ਕੰਮ ਛਡਕੇ ਉਸ ਵਾਸਤੇ ਦੌੜਿਆ ਫਿਰਦਾ ਸੀ। ਉਸਦਾ ਯਾਰ ਮੁਢ-ਕਦੀਮਾਂ ਤੋਂ। ਸੁੰਦਰ।

"ਠਾਕਰ ਸਿਆਂਹ ਜੇ ਆਪਾਂ ਦੀਪੋ ਨੂੰ ਨਾਂ ਬੇਚਦੇ। ਇਹ ਪੁਆੜੇ ਨਾ ਪੈਂਦੇ।" ਜਾਣ ਲਗਿਆਂ ਸੁੰਦਰ ਦੇ ਅੰਦਰੋਂ ਤਰਾਟ ਨਿਕਲੀ। ਉਹ ਚਲੇ ਗਿਆ ਸੀ। ਠਾਕਰ ਸਿੰਘ ਨੇ ਕੀ ਉਤਰ ਦੇਣਾ ਸੀ। ਉਤਰ ਦੇਣ ਵਾਲਾ ਕੋਈ ਕਿੱਸਾ ਵੀ ਹੋਵੇ। ਸ਼ਰਮ ਆਉਂਦੀ ਉਸਨੂੰ। ਸੋਚਣ ਲਗਿਆਂ। ਇੱਕ ਗਲੋਂ ਠੀਕ ਵੀ ਸੀ ਸੁੰਦਰ। ਭਲਾ ਜੇ ਉਹ ਦੀਪੋ ਨੂੰ ਨਾ ਵੇਚਦਾ, ਹਰਜ ਵੀ ਕੀ ਸੀ। ਹਰਬੰਸ ਕੌਰ ਨੂੰ ਲਿਆਉਣ ਦੀ ਉਸਨੂੰ ਕੋਈ ਲੋੜ ਨਾ ਪੈਂਦੀ। ਸ਼ਾਇਦ ਇਸ ਨਵੀਂ ਆਉਣ ਵਾਲੀ ਤੋਂ ਬਾਦ ਵੀ......ਜੇ ਇਸ ਤਰ੍ਹਾਂ ਦੀ ਗੱਲ ਹੋਣੀ ਸੀ ਤਾਂ ਉਹ ਉਸਨੂੰ ਲਿਆਏਗਾ ਹੀ ਨਹੀਂ ਸੁੰਦਰ ਨੂੰ ਆਖ ਦਏਗਾ। ਉਹ। ਨਾ ਆਖੇ ਮਲੂ ਬਾਹਮਣ ਨੂੰ।......

ਦੀਪੋ ਨੂੰ ਤਾਂ ਉਹ ਹੁਣ ਵੀ ਮੋੜ ਕੇ ਲਿਆ ਸਕਦਾ ਸੀ। ਪਰ ਉਸਦਾ ਭੇੜ ਨਹੀਂ ਸੀ ਜਾਣਾ ਕਿਸੇ ਤਰ੍ਹਾਂ। ਠਾਕਰ ਸਿੰਘ ਨੇ ਜ਼ਰਾ ਅੱਖ ਪਿੰਡ ਵਲ ਕੀਤੀ ਨਹੀਂ ਤਾਂ ਉਸਦੇ ਖੂਹ ਤੇ ਲੰਡੋਰਾਂ ਦੀਆਂ ਪੈੜਾਂ ਪਈਆਂ ਨਹੀਂ। ਇਕ ਜਾਂਦਾ ਦੂਸਰਾ ਆਉਂਦਾ। 'ਘਰ ਰਹੇ ਉਹ ਠਾਕਰ ਸਿੰਘ ਦੇ ਨਾਰ ਹੋਵੇ ਉਹ ਸਾਰੇ ਪਿੰਡ ਦੀ।' ਠਾਕਰ ਸਿੰਘ ਦੁਖੀ ਸੀ। ਇਸੇ ਗਲੋਂ ਹੀ। 'ਪਰ ਸਿਫਤ ਸੀ ਉਸ ਵਿਚ ਇਕ। ਉਸਨੇ ਠਾਕਰ ਸਿੰਘ ਦੇ ਘਰੋਂ ਜਾਣ ਦਾ ਨਾਮ ਨਹੀਂ ਲਿਆ ਸੀ।' ਇਸੇ ਕਰਕੇ ਹੀ ਸੁੰਦਰ ਦੇ ਅੰਦਰੋਂ ਤਰਾਟ ਨਿਕਲੀ ਸੀ। 'ਆਖਰ ਉਸਨੂੰ ਪਿੰਡੋ ਪਿੰਡ ਵਿਕਦੀ ਰਹਿਣ ਦੀ ਆਦਤ ਤਾਂ ਨਹੀਂ ਸੀ।' ਹਾਂ...... ਇਸੇ ਕਰਕੇ ਠਾਕਰ ਸਿੰਘ ਕਦੇ ਕਦੇ ਦੀਪੋ ਬਾਰੇ ਜ਼ਰੂਰ ਸੋਚਦਾ। ਉਸਦੇ ਅੰਦਰ ਪਿਆਰ ਉਮਡ ਆਉਂਦਾ, ਇਸ ਬੇਵਫਾ ਔਰਤ ਲਈ।

ਛੇ ਮਹੀਨੇ ਪਹਿਲਾਂ ਠਾਕਰ ਸਿੰਘ ਨੇ ਦੀਪੋ ਨੂੰ ਵੇਚ ਦਿਤਾ ਸੀ। ਅੱਠ ਸੌ ਰੁਪਏ ਤੋਂ। ਜਿੰਨੇ ਨੂੰ ਉਸਨੇ ਆਪ ਖਰੀਦੀ ਸੀ। ਉਨੇ ਨੂੰ ਹੀ ਉਸਨੇ ਵੇਚ ਦਿਤੀ ਸੀ। ਜਾਣ ਲਗਿਆਂ ਦੀਪੋ

ਦੀਆਂ ਅੱਖਾਂ ਚੋਂ ਫਰਨ ਫਰਨ ਅਥਰੂ ਕਿਰ ਰਹੇ ਸਨ। ਉਹ ਜਾਣਾ ਨਹੀਂ ਸੀ ਚਾਹੁੰਦੀ। ਹੁਣ ਤਕ ਉਸਨੂੰ ਕਈਆਂ ਲੋਕਾਂ ਨੇ ਵੇਚਿਆ ਸੀ। ਉਸਨੂੰ ਏਨਾ ਹੀ ਪਤਾ ਸੀ ਕਿ ਜਦੋਂ ਉਹ ਨਿੱਕੀ ਜਿਹੀ ਸੀ ਤਾਂ ਉਸਨੂੰ ਇੱਕ ਔਰਤ ਉਠਾ ਲਿਆਈ ਸੀ। ਬਾਦ ਵਿਚ ਉਹ ਕਈ ਥਾਈਂ ਵਿਕ ਚੁੱਕੀ ਸੀ। ਬੱਸ। ਉਸਨੂੰ ਆਪਣੇ ਘਰ ਦਾ ਕੋਈ ਪਤਾ ਨਹੀਂ ਸੀ। ਆਪਣੇ ਮਾਂ ਪਿਉ ਦੀ ਕੁੱਲੀ ਦਾ ਕੋਈ ਪਤਾ ਨਹੀਂ ਸੀ ਕਿਥੇ ਸੀ। ਇਸੇ ਲਈ ਕਦੇ ਕਦੇ ਠਾਕਰ ਸਿੰਘ ਦੇ ਦਿਲ 'ਚ ਪਿਆਰ ਆਉਂਦਾ ਦੀਪੋ ਲਈ। ਹੁਣ ਤਾਂ ਉਸਨੂੰ ਠਾਕਰ ਸਿੰਘ ਕੋਲੋਂ ਕੋਈ ਹੋਰ ਖਰੀਦ ਕੇ ਲੈ ਗਿਆ ਸੀ।

ਸ਼ਾਮਾਂ ਵੇਲੇ ਨੂੰ ਸੁੰਦਰ ਫੇਰ ਆਇਆ। ਉਹ ਮਲੂ ਬਾਹਮਣ ਨੂੰ ਫੇਰ ਮਿਲਿਆ ਸੀ। ਪਰੇਸ਼ਾਨੀ ਵੀ ਸੀ ਉਸਦੇ ਚਿਹਰੇ ਤੇ। "ਕੀ ਕਹਿੰਦਾ ਮਲੂ ?" ਠਾਕਰ ਸਿੰਘ ਨੂੰ ਸੁੰਦਰ ਦੇ ਚਿਹਰੇ ਤੋਂ ਕਿਸੇ ਕਿਸਮ ਦੀ ਸ਼ੱਕ ਝਲਕਦੀ ਪਰਤੀਤ ਹੋ ਰਹੀ ਸੀ।

"ਉਹ ਤਾਂ ਤਿਆਰ ਆ।" ਸੁੰਦਰ ਨੇ ਆਖਿਆ। "ਕਹਿੰਦਾ ਸੀ ਉਹ ਆਪ ਹੀ ਛਡ ਜਾਣਗੇ ਕਲ੍ਹ ਤਕਾਲਾਂ ਨੂੰ।"

"ਸੁੰਦਰਾ ਧੋਖਾ ਤਾਂ ਨਹੀਂ ਕਿਤੇ ?" ਠਾਕਰ ਸਿੰਘ ਨੂੰ ਸੁੰਦਰ ਦੀ ਪ੍ਰੇਸ਼ਾਨੀ ਦੀ ਸਮਝ ਆਈ।

"ਨਹੀਂ ਏਦਾਂ ਦੀ ਕੋਈ ਗੱਲ ਨਹੀਂ। ਉਹ ਜ਼ੁੰਮੇਂਵਾਰ ਆ। ਜੇ ਪਸੰਦ ਹੋਈ ਰੱਖ ਲਈਂ ਨਹੀਂ ਰੁਪਈਏ ਮੋੜ ਲਈਂ। ਚਾਰ ਸੌ ਮੰਗਦੇ ਆ।" ਜਿਵੇਂ ਮਲੂ ਨੇ ਸੁੰਦਰ ਨੂੰ ਦੱਸਿਆ ਸੀ ਉਸੇ ਤਰ੍ਹਾਂ ਉਸ ਨੇ ਠਾਕਰ ਸਿੰਘ ਨੂੰ ਦੱਸ ਦਿਤਾ ਸੀ। ਮਾਲਕਾਂ ਨਾਲ ਉਸਨੂੰ ਕੀ ਹਮਦਰਦੀ ਸੀ। ਜੇਕਰ ਸੀ ਤਾਂ ਠਾਕਰ ਸਿੰਘ ਨਾਲ।

"ਹੱਛਾ।" ਠਾਕਰ ਸਿੰਘ ਨੇ ਆਖਿਆ। ਸੁੰਦਰ ਚਲੇ ਗਿਆ ਸੀ। ਹੌਲੀ ਹੌਲੀ ਦਿਨ ਪਛੋਂ ਦੀ ਗਲਵਕੜੀ ਵਿਚ ਲਹਿੰਦਾ ਜਾ ਰਿਹਾ ਸੀ। ਡੂੰਘੇ ਘੌ-ਪੀਏ ਤਕ ਨੀਂਦ ਨਹੀਂ ਆਈ ਠਾਕਰ ਸਿੰਘ ਨੂੰ। ਉਹ ਵਾਰ ਵਾਰ ਸੁੰਦਰ ਨਾਲ ਕੀਤੀ ਗੱਲ ਤੇ ਵਿਚਾਰ ਕਰ ਰਿਹਾ ਸੀ। ਤਾਰੇ ਅੰਬਰ 'ਚ ਚਮਕ ਰਹੇ ਸਨ ਅੱਜ। ਬੱਦਲਾਂ ਦਾ ਨਿਸ਼ਾਨ ਤਕ ਨਹੀਂ ਲੱਭਦਾ ਪਿਆ ਸੀ। ਆਪਣੇ ਮੰਜੇ ਤੋਂ ਉਠ ਕੇ ਉਸ ਨੇ ਡੱਬੀਆਂ ਵਾਲੇ ਦੋੜੇ ਖੇਸ ਦਾ ਝੁੰਗਲਮਾਟਾ ਮਾਰਿਆ ਤੇ ਨਿੰਬੂਆਂ ਦੇ ਬੂਟਿਆਂ ਕੋਲ ਜਾ ਖੜਾ ਹੋਇਆ। ਜਦੋਂ ਕਦੇ ਵੀ ਉਹ ਇਸ ਤਰ੍ਹਾਂ ਨਿੰਬੂਆਂ ਦੇ ਬੂਟਿਆਂ ਕੋਲ ਪਿਆਰ ਨਾਲ ਆਉਂਦਾ ਤਾਂ ਉਸ ਦੇ ਦਿਲ ਵਿਚ ਇਕ ਤਰਾਟ ਉਠਦੀ। ਆਪਣੇ ਪਿਉ ਲਈ। ਉਸ ਦੀ ਕਰੜ-ਬਰੜੀ ਦਾਹੜੀ, ਰੋੜ ਵਰਗਾ ਮੱਥਾ, ਵੱਟ ਚਾੜ੍ਹਕੇ ਬੰਨ੍ਹੀ ਹੋਈ ਪਗੜੀ। ਸਭ ਕੁਝ ਤਾਂ ਜਾਲੇ ਵਾਂਗ ਲਟਕ ਜਾਂਦਾ ਉਸਦੀਆਂ ਅੱਖਾਂ ਅੱਗੇ। ਜਿਸ ਦਿਨ ਤੋਂ ਠਾਕਰ ਸਿੰਘ ਦੀ ਮਾਂ ਸਵਰਗਵਾਸੀ ਹੋ ਗਈ ਸੀ ਉਸ ਦਿਨ ਤੋਂ ਉਸ ਦੇ ਬਾਪ ਦੀ ਹਾਲਤ, ਹਾਲਤ ਨਹੀਂ ਰਹਿ ਗਈ ਸੀ। ਰੋਟੀ ਪਕਾਉਣ ਦੇ ਦੁੱਖੋਂ ਮੋਠਾਂ ਦੇ ਬਦਲ ਉਸ ਦੀ ਕਾਹੜਨੀ ਵਿਚ ਉਬਲਦੇ ਰਹਿੰਦੇ। ਲੂਣ ਨਾਲ ਉਨ੍ਹਾਂ ਦੋਹਾਂ ਪਿਉ ਪੁੱਤਰਾਂ ਦੇ ਸੰਘੋਂ ਹੇਠਾਂ ਉਤਰ ਜਾਂਦੇ।

ਪਲੋਸਦਾ ਰਿਹਾ ਠਾਕਰ ਸਿੰਘ ਨਿੰਬੂਆਂ ਦੇ ਇਕ ਪੱਤਰ ਨੂੰ। ਤਰੇਲ ਕਾਰਨ ਉਸ ਦਾ ਹੱਥ ਪੱਤਰਾਂ ਤੋਂ ਤਿਲਕ ਜਾਂਦਾ। ਇਸੇ ਤਰ੍ਹਾਂ ਉਸ ਦੇ ਪਿਉ ਦਾ ਕੋਈ ਹੰਝੂ ਉਸਦੀ ਖੁਸ਼ਕ-ਦਾਹੜੀ

ਤੋਂ ਤਿਲਕ ਜਾਇਆ ਕਰਦਾ ਸੀ। ਸੋਚਦਾ ਰਿਹਾ ਠਾਕਰ ਸਿੰਘ ਯਾਦਾਂ ਦੇ ਜੰਗਲ ਵਿਚ ਫਸਿਆ। ਰੇਸ਼ਮ ਦੇ ਕੀੜੇ ਦੀਆਂ ਤਿੱਖੀਆਂ ਦੰਦੀਆਂ ਨਹੀਂ ਸਨ ਉਸ ਕੋਲ ਕਿ ਆਪਣੇ ਸੁਪਨਿਆਂ ਦੇ ਕੋਏ ਨੂੰ ਕੱਟਕੇ ਨਿਕਲ ਜਾਏ। ਠਾਕਰ ਸਿੰਘ।

ਸਵੇਰੇ ਠਾਕਰ ਸਿੰਘ ਉਠਿਆ। ਸ਼ਮਸ਼ਾਨ ਘਰ ਦੀ ਸਵਾਹ ਤ੍ਰੇਲ ਨਾਲ ਭਿੱਜਣ ਕਾਰਨ ਗੂਹੜੀ ਹੋ ਗਈ ਸੀ। ਧੁੰਦ ਨਾਲ ਸੂਰਜ ਚੜ੍ਹਨ ਪਿਛੋਂ ਪਾਟ ਗਿਆ ਸੀ। ਬੱਦਲਾਂ ਦੇ ਗੱਤੇ ਅਸਮਾਨ ਵਿਚ ਉਡ ਰਹੇ ਸਨ। ਠਾਕਰ ਸਿੰਘ ਦੇ ਖਿਆਲਾਂ ਦਾ ਤਾਣਾ ਸੀ ਇਨ੍ਹਾਂ ਬੱਦਲਾਂ ਵਾਂਗ। ਮੁੜਕੇ ਇਕੱਠਾ ਨਹੀਂ ਸੀ ਹੋ ਰਿਹਾ। 'ਮਲੂ ਨੂੰ ਠਨਕਾ ਕੇ ਦੇਖ ਲਵੇ।' ਉਸ ਨੂੰ ਖਿਆਲ ਆਇਆ। ਅਖੀਰ ਤੇ ਗੱਲ ਮਲੂ ਦੇ ਸਿਰ ਆ ਪਈ ਸੀ। ਮਲੂ ਦੇ ਵੱਡੇ ਵਡੇਰੇ ਠਾਕਰ ਸਿੰਘ ਦੇ ਵੱਡੇ ਵਡੇਰਿਆਂ ਦੇ ਪ੍ਰੋਹਤ ਰਹੇ ਸਨ। ਮਲੂ ਨਾਲ ਉਸ ਦਾ ਆਪਣਾ ਵਾਹ ਕਦੇ ਨਹੀਂ ਪਿਆ ਸੀ। ਮਲੂ ਨੇ ਇਸ ਪਿੰਡ 'ਚ ਰਹਿਣਾ ਹੈ ਆਖਰ। ਧੋਖਾ। ਨਹੀਂ ਸੀ ਕਰ ਸਕਦਾ ਉਹ। ਤੇ ਸੁੰਦਰ ਵੀ ਤਾਂ ਗਵਾਹ ਸੀ ਵਿਚੋਂ। ਉਸ ਦਾ ਯਾਰ। ਮੁੱਢ ਕਦੀਮਾਂ ਤੋਂ। ਜਿਸ ਬਾਰੇ ਠਾਕਰ ਸਿੰਘ ਨੂੰ ਸੁਪਨੇ 'ਚ ਵੀ ਕਦੇ ਖਿਆਲ ਨਹੀਂ ਸੀ ਆ ਸਕਦਾ ਕਿ ਉਹ ਧੋਖਾ ਕਰ ਸਕਦਾ ਹੈ।

ਦਿਨ ਲੱਗ ਗਿਆ ਸੀ। ਸਾਟਨ ਦੀ ਘਗਰੀ ਪਾਈ ਹਰੀ ਸਿੰਘ ਪੈਂਚ ਦੀ ਨੂੰਹ ਸ਼ਾਹ ਵੇਲਾ ਲੈ ਕੇ ਜਾ ਰਹੀ ਸੀ। ਪਿੰਡ ਨੂੰ ਤੁਰ ਗਿਆ ਠਾਕਰ ਸਿੰਘ। ਚਰਨ ਸਿੰਘ ਰਾਜ ਕੋਲੋਂ ਉਸ ਨੇ ਪੈਸੇ ਲੈਣੇ ਸਨ। ਜਦੋਂ ਉਸ ਦੀ ਕੁੜੀ ਦਾ ਵਿਆਹ ਸੀ ਉਸਨੇ ਸੌ ਰੁਪਈਆ ਫੜਿਆ ਸੀ। ਦੋਵੇਂ ਯਾਰ ਸਨ। ਜਦੋਂ ਠਾਕਰ ਸਿੰਘ ਫੌਜ ਵਿਚ ਭਰਤੀ ਸੀ ਚਰਨ ਸਿੰਘ ਰਾਜਗੀਰੀ ਕਰਦਾ ਸੀ। ਲਾਗਲੇ ਪਿੰਡਾਂ ਵਿਚ ਮਕਾਨ ਬਣਾਉਣ ਜਾਂਦਾ। ਆਪਣੇ ਪਿੰਡ ਦੇ ਲੋਕਾਂ ਦੇ ਮਕਾਨ ਬਣਾਉਂਦਾ। ਠਾਕਰ ਸਿੰਘ ਪਿੰਡ ਆ ਗਿਆ। ਚਰਨ ਸਿੰਘ ਹਾਲੇ ਵੀ ਰਾਜਗੀਰੀ ਕਰੀ ਜਾ ਰਿਹਾ ਸੀ। ਹੁਣ ਉਸ ਨੇ ਸਾਈਕਲ ਲੈ ਲਿਆ ਸੀ ਤੇ ਸ਼ਹਿਰ ਦਿਹਾੜੀਆਂ ਕਰਨ ਜਾਣ ਲੱਗ ਪਿਆ ਸੀ।

ਚਰਨ ਸਿੰਘ ਕੋਲੋਂ ਪੈਸੇ ਲੈ ਕੇ ਉਹ ਚਾਚੇ ਜਗਤ ਸਿੰਘ ਦੇ ਖਰਖਾਨੇ ਜਾ ਨਿਕਲਿਆ। ਜਗਤ ਸਿੰਘ ਉਸ ਦੇ ਪਿਉ ਦਾ ਯਾਰ ਸੀ। ਕਦੇ ਉਹ ਤੇ ਠਾਕਰ ਸਿੰਘ ਦਾ ਪਿਉ ਦੇਸੀ ਸ਼ਰਾਬ ਪੀਕੇ ਨਸ਼ਈ ਬਣ ਜਾਂਦੇ। ਰਾਤ ਦੇ ਅੱਧ ਤਕ ਟਾਹਰਾਂ ਮਾਰਦੇ। ਚੁਗਲੀਆਂ ਕਰਦੇ। ਤੜਕੇ ਦਾ ਮੋਟਾ ਠੁਲ੍ਹਾ ਤਾਰਾ ਚੜ੍ਹ ਆਉਂਦਾ। ਜਗਤ ਸਿੰਘ ਉਠ ਕੇ ਆਪਣੇ ਘਰ ਨੂੰ ਜਾਂਦਾ। ਸਭ ਕੁਝ ਤਾਂ ਯਾਦ ਸੀ ਠਾਕਰ ਸਿੰਘ ਨੂੰ। ਉਦੋਂ ਉਸ ਦਾ ਬਾਪ ਪਿੰਡ ਰਿਹਾ ਕਰਦਾ ਸੀ। ਠਾਕਰ ਸਿੰਘ ਦੀ ਮਾਂ ਦੇ ਮਰਨ ਤੋਂ ਬਾਅਦ ਉਹ ਖੂਹ ਤੇ ਹੀ ਆ ਗਏ ਸਨ। ਕਦੇ ਕਦੇ ਜਦੋਂ ਠਾਕਰ ਸਿੰਘ ਨੂੰ ਆਪਣੇ ਪਿਉ ਦੀ ਯਾਦ ਆਉਂਦੀ ਤਾਂ ਉਹ ਜਗਤ ਸਿੰਘ ਨੂੰ ਮਿਲਣ ਜਾਂਦਾ। ਉਸ ਨਾਲ ਆਪਣੇ ਪਿਉ ਬਾਰੇ ਗੱਲਾਂ ਕਰਦਾ। ਆਪਣੇ ਪਿਉ ਦੇ ਔਖੇ ਦਿਨਾਂ ਦੇ ਰੋਣੇ ਰੋਂਦਾ।

ਚਾਚਾ ਜਗਤ ਸਿੰਘ ਮੁੰਨਾਂ ਘੜ ਰਿਹਾ ਸੀ। ਠਾਕਰ ਸਿੰਘ ਬੈਠ ਗਿਆ ਉਸ ਦੇ ਕੋਲ। "ਚਾਚੀ ਬਿਮਾਰ ਰਹੀ ਆ ਕੁਛ?" ਉਸ ਨੇ ਪੁਛਿਆ।

"ਗੋਡੇ ਸੁੱਜੇ ਹੋਏ ਆ। ਹਰ ਸਿਆਲ ਜੋੜ ਸੁੱਜ ਜਾਂਦੇ ਆ। ਠਾਕਰ ਸਿਆਂਹ ਇਸ ਚਾਲੇ ਤਾਂ ਉਹ ਮਸੀਂ ਚਾਰ ਪੰਜ ਸਾਲ ਕੱਢੂ। ਮੇਰਾ ਕੀ ਬਣੂ?" ਬੁੱਢੇ ਦੀ ਚਿੱਟੀ ਦਾਹੜੀ ਚੋਂ ਦਹੀਂ ਦੀ ਮਹਿਕ ਆ ਰਹੀ ਸੀ। ਉਸ ਦੀ ਗੱਲਬਾਤ ਚੋਂ ਚਿੰਤਾ ਝਲਕ ਰਹੀ ਸੀ।

ਕੁਆਰ ਉਹ ਖਾ ਰਹੀ ਸੀ। ਪਰ ਹੰਡਦੀ ਜਾ ਰਹੀ ਸੀ ਦਿਨੋ ਦਿਨ। ਕੁਛ ਉਸ ਨੂੰ ਆਪਣੇ ਪੁੱਤਰ ਦਾ ਝੋਰਾ ਖਾਂਦਾ ਰਹਿੰਦਾ ਸੀ। ਅਫਰੀਕਾ ਰਹਿੰਦਾ ਸੀ। ਹੁਣ ਉਸ ਨੇ ਆਪਣੀ ਵਹੁਟੀ ਨੂੰ ਮੰਗਾ ਲਿਆ ਸੀ। ਇਕੱਲਤਾ ਘਰ ਦੀ ਉਸ ਨੂੰ ਤੋੜ ਤੋੜ ਖਾਂਦੀ।

ਬੈਠਾ ਰਿਹਾ ਠਾਕਰ ਸਿੰਘ ਚਾਚੇ ਜਗਤ ਸਿੰਘ ਕੋਲ ਢਲਦੀਆਂ ਦੁਪਹਿਰਾਂ ਤਕ। ਠਾਕਰ ਸਿੰਘ ਗੱਲ ਨਾ ਤੋਰ ਸਕਿਆ। ਉਸ ਦੇ ਤੁਰਨ ਲੱਗਿਆਂ ਜਗਤ ਸਿੰਘ ਨੇ ਆਖਿਆ, "ਠਾਕਰ ਸਿਆਂਹ ਜੇ ਰੋਟੀ ਪਕਾਉਣ ਦੀ ਤਕਲੀਫ ਆ ਤਾਂ ਏਧਰੋਂ ਖਾ ਜਾਇਆ ਕਰ?"

"ਰੋਟੀ ਦਾ ਬੰਦੋਬਸਤ ਤਾਂ ਹੋਈ ਜਾਊ।" ਦਿਲ ਠਾਕਰ ਸਿੰਘ ਦਾ ਕੰਬ ਰਿਹਾ ਸੀ।

"ਹੱਛਾ। ਕੋਈ ਗੱਲ ਹੈਗੀ ਆ?" ਬੁੱਢੇ ਦਾ ਮੂੰਹ ਲੱਕੜ ਵਾਂਗ ਬੇਜਾਨ ਸੀ। ਕਿਸੇ ਕਿਸਮ ਦੀ ਹੈਰਾਨੀ ਦੇ ਭਾਵ ਉਸਦੇ ਚਿਹਰੇ ਤੋਂ ਨਹੀਂ ਢੂੰਡੇ ਜਾ ਸਕਦੇ ਸਨ।

"ਮਲੂ ਦੇ ਜਰੀਹੇ ਅੱਜ ਤਕਾਲਾਂ ਨੂੰ ਛੱਡ ਜਾਣਗੇ।"

ਬੁੱਢਾ ਸੋਚਦਾ ਰਿਹਾ। ਧਰਤੀ ਨਾਲ ਹੀ ਤਾਂ ਜੁੜ ਗਏ ਸਨ ਠਾਕਰ ਸਿੰਘ ਦੇ ਪੈਰ। ਡੱਬੀਆਂ ਵਾਲੇ ਦੋੜੇ ਖੇਸ ਦੀ ਬੁਕਲ ਮਾਰੀ ਮਨੂਰ ਪੱਥਰ ਵਾਂਗੂ ਹੀ ਤਾਂ ਲੱਗ ਰਿਹਾ ਸੀ ਉਹ। ਖਿਘਰ। ਉਹ ਚਾਹੁੰਦਾ ਸੀ ਚਾਚਾ ਜਗਤ ਸਿੰਘ ਕੁਝ ਨਾ ਕੁਝ ਤਾਂ ਜ਼ਰੂਰ ਕਹੇ।

ਕਾਫੀ ਚਿਰ ਬਾਅਦ ਬੋਲਿਆ ਚਾਚਾ ਜਗਤ ਸਿੰਘ। "ਠਾਕਰ ਸਿਆਂਹ ਮੇਰਾ ਖਿਆਲ ਆ ਭਾਈਆ ਤੇਰੇ ਖੂਹ ਉਤੇ ਦਿਹਾੜੀ ਗੁਜ਼ਾਰ ਆਇਆ ਕਰੂ। ਉਸ ਦਾ ਸਰੀਰ ਠੀਕ ਰਹੂ ਹਵਾ ਹਾਰੇ। ਔਰਤਾਂ ਦਾ ਕੀ ਪਤਾ ਕਦੋਂ ਖਿਸਕ ਜਾਣ। ਤੂੰ ਕਿਹੜਾ ਉਹਦੇ ਪਾਵੇ ਨਾਲ ਬੱਝਾ ਰਹਿਣਾ। ਭਾਈਆ ਨਿਗਰਾਨੀ ਰੱਖੂ।" ਹੁਣ ਬੁੱਢੇ ਦੇ ਲਕੜ ਵਰਗੇ ਚਿਹਰੇ ਤੋਂ ਹਮਦਰਦੀ ਝਲਕ ਰਹੀ ਸੀ ਠਾਕਰ ਸਿੰਘ ਲਈ। ਠਾਕਰ ਸਿੰਘ ਨੂੰ ਜਗਤ ਸਿੰਘ ਦੀ ਕਹੀ ਗੱਲ ਨੇ ਸੱਲ ਸੁੱਟਿਆ। ਫੇਰ ਉਸ ਨੂੰ ਬੁੱਢੇ ਦੇ ਕਹੇ ਚੋਂ ਹਮਦਰਦੀ ਦਾ ਅੰਸ਼ ਮਿਲਿਆ। ਉਸ ਵਿਚੋਂ ਉਸ ਨੂੰ ਆਪਣਾ ਪਿਉ ਝਲਕਦਾ ਦਿਸਿਆ।

"ਮੈਂ ਤਾਂ ਕਹਿਨਾਂ ਜੇ ਮੋਗਣ ਜੀਂਦੀ ਰਹਿੰਦੀ।" ਜਗਤ ਸਿੰਘ ਬੀਤ ਗਏ ਦੀ ਕੁੱਖ ਨੂੰ ਫਰੋਲ ਰਿਹਾ ਸੀ। ਠਾਕਰ ਸਿੰਘ ਦੇ ਗ਼ਮ ਨੂੰ ਜ਼ਬਾਨ ਦੇ ਰਿਹਾ ਸੀ।

"ਹਾਂ ਜੇ ਜੀਂਦੀ ਰਹਿੰਦੀ।" ਠਾਕਰ ਸਿੰਘ ਚਾਚੇ ਜਗਤ ਸਿੰਘ ਦੇ ਖਰਖਾਨੇ ਤੋਂ ਚਲਾ ਆਇਆ। ਯਾਦਾਂ ਦੀ ਗੱਠ ਸੇਂਵੀਆਂ ਦੇ ਆਟੇ ਵਾਂਗ ਉਸ ਦੇ ਜ਼ਿਹਨ ਨੂੰ ਜੁੜ ਗਈ ਸੀ। ਉਹ ਸੋਚਣ ਲੱਗਾ। ਮੋਗਣ ਬਾਰੇ। ਦਸ ਸਾਲ ਪਹਿਲਾਂ ਵੱਲ ਪਛਾਵੇਂ ਮੁੜ ਰਹੇ ਸਨ। ਇਕ ਲੰਬਾ ਝੰਬਾ ਆਕਾਰ ਉਸ ਦੇ ਮਨ ਦੀਆਂ ਤਸਵੀਰਾਂ 'ਚ ਆਣ ਲੁਕਿਆ ਸੀ। ਕੰਨਾਂ ਵਿਚ ਮੁਰਕੀਆਂ, ਗਲ੍ਹਾਂ ਦੀਆਂ ਹੱਡੀਆਂ ਉਭਰੀਆਂ ਹੋਈਆਂ, ਸੁੱਕੇ ਹੋਏ ਬੁਲ੍ਹ, ਮਸਤਾਨੀਆਂ ਅੱਖਾਂ। ਮੋਗਣ ਉਸ ਦੀ ਪਹਿਲੀ ਤੀਵੀਂ ਸੀ।

ਉਦੋਂ ਵੀ ਪੈਸੇ ਦਿਤੇ ਸਨ ਉਸ ਨੇ। ਅੰਬਰ ਕੋਰ ਨੂੰ ਉਸ ਦੇ ਮਰਦ ਨੇ ਛੱਡ ਦਿਤਾ ਹੋਇਆ ਸੀ। ਮੋਗੇ ਦੀ ਹੋਣ ਕਰਕੇ ਪਿੰਡ ਦੇ ਲੋਕ ਉਸ ਨੂੰ ਮੋਗਣ ਆਖਦੇ ਸਨ। ਠਾਕਰ ਸਿੰਘ ਵੀ ਲੋਕਾਂ ਦੀ ਰੀਸੋ ਰੀਸ ਮੋਗਣ ਆਖ ਕੇ ਬੁਲਾਇਆ ਕਰਦਾ ਸੀ। ਮੋਗਣ ਦੇ ਮਾਪਿਆਂ ਨੇ

ਠਾਕਰ ਸਿੰਘ ਨੂੰ ਚਰੂੰਡ ਕੇ ਮੋਗਣ ਨੂੰ ਉਸ ਨਾਲ ਤੋਰ ਦਿਤਾ ਸੀ। ਠਾਕਰ ਸਿੰਘ ਦੇ ਸੁਪਨਿਆਂ ਵਿਚ ਰੰਗੀਨੀ ਆ ਗਈ ਸੀ ਉਦੋਂ। ਉਸ ਦੀ ਕਲਪਨਾ ਦੀਆਂ ਘੁੱਗੀਆਂ ਬੰਬਾਂ ਦੇ ਧਮਾਕਿਆਂ ਤੋਂ ਡਰਨੋਂ ਹਟ ਗਈਆਂ ਸਨ।

ਲੋਕ ਕਹਿੰਦੇ ਮੋਗਣ ਬਹੁਤ ਨੱਚਦੀ ਸੀ। ਕਿਸੇ ਦੇ ਵਿਆਹ ਹੁੰਦਾ ਮੋਗਣ ਦੀਆਂ ਅੱਖਾਂ ਹੋਰ ਮਸਤਾਨੀਆਂ ਹੋ ਜਾਂਦੀਆਂ। ਉਸ ਦੇ ਚਿਹਰੇ 'ਤੇ ਰੌਣਕ ਆ ਜਾਂਦੀ। ਠਾਕਰ ਸਿੰਘ ਨੂੰ ਲੋਕ ਦੱਸਦੇ ਮੋਗਣ ਬਹੁਤ ਨੱਚਦੀ ਸੀ। ਮੋਗਣ ਨੂੰ ਲਿਆਂਦਾ ਸੀ ਠਾਕਰ ਸਿੰਘ ਨੇ ਤੇ ਉਸਨੇ ਆਪਣੇ ਪਿੰਡ ਵਾਲੇ ਕੋਠੇ ਨੂੰ ਲਿੰਬ-ਪੋਚ ਲਿਆ ਸੀ। ਉਹ ਘਰ ਨੂੰ ਸਾਫ ਸੁਥਰਾ ਰਖਦੀ। ਠਾਕਰ ਸਿੰਘ ਨੂੰ ਖੁਸ਼ੀ ਹੁੰਦੀ।

ਇੱਕ ਦਿਨ ਮੋਗਣ ਬਹੁਤ ਹਨੇਰੇ ਪਏ ਘਰ ਪਰਤੀ। ਠਾਕਰ ਸਿੰਘ ਉਸਨੂੰ ਉਡੀਕਦਾ ਉਡੀਕਦਾ ਅੱਕ ਗਿਆ ਸੀ। ਉਹ ਉਸਦੇ ਪਿਛੇ ਜਾਣ ਹੀ ਵਾਲਾ ਸੀ ਕਿ ਉਹ ਆਈ। ਪੈਰ ਉਸਦੇ ਸੁੱਜੇ ਹੋਏ ਸਨ। ਪੀੜ ਕਰ ਰਹੇ ਸਨ। ਤੇਲ ਝਸਿਆ ਠਾਕਰ ਸਿੰਘ ਨੇ ਉਸਦੇ ਪੈਰਾਂ ਦੀਆਂ ਤਲੀਆਂ ਨੂੰ। ਆਖਰ ਮੋਗਣ ਨੂੰ ਨਚਿਆਂ ਕੀ ਲਭਦਾ ਸੀ। ਉਸ ਨਾਲ ਵਾਰੀ ਦੇਣ ਵਾਲੀ ਕੋਈ ਨਾ ਮਿਲਦੀ। ਖਿਆਲ ਆਇਆ ਠਾਕਰ ਸਿੰਘ ਨੂੰ। ਕਦੇ ਉਹ ਮੋਗਣ ਦਾ ਗਿੱਧਾ ਦੇਖੇ।

ਉਸਨੇ ਲੁਕਕੇ ਮੋਗਣ ਤੋਂ ਚੋਰੀਂ ਉਸਦਾ ਗਿੱਧਾ ਦੇਖਿਆ। ਤੇੜ ਸਲਵਾਰ ਦੇ ਥਾਂ ਤੰਬਾ ਸਿਰ ਉਤੇ ਪਗੜੀ ਕੰਨਾਂ 'ਚ ਨੱਤੀਆਂ। ਹੈਰਾਨ ਰਹਿ ਗਿਆ ਠਾਕਰ-ਸਿੰਘ। ਜਿਵੇਂ ਮਾਲਵੇ ਦਾ ਕੋਈ ਛੀਟਕਾ ਜਿਹਾ ਮੁੰਡਾ ਹੋਵੇ। ਜੇਕਰ ਮੋਗਣ ਨੇ ਨੱਚਣਾ ਸੀ ਤਾਂ ਉਹ ਮੁੰਡਾ ਕਿਉਂ ਬਣੀ ਸੀ। ਠਾਕਰ ਸਿੰਘ ਨੇ ਉਸ ਦਿਨ ਤੋਂ ਬਾਅਦ ਮੋਗਣ ਦਾ ਗਿੱਧੇ ਵਿਚ ਜਾਣਾ ਬੰਦ ਕਰ ਦਿਤਾ। ਉਸ ਦਿਨ ਤੋਂ ਬਾਅਦ ਮੋਗਣ ਦੀਆਂ ਅੱਖਾਂ ਹੋਰ ਵੀ ਮਸਤਾਨੀਆਂ ਹੋ ਗਈਆਂ ਸਨ। ਉਸਦੇ ਬੁਲ੍ਹ ਹੋਰ ਸੁੱਕ ਗਏ ਸਨ। ਚਿਹਰੇ ਦੀਆਂ ਹੱਡੀਆਂ ਹੋਰ ਉਚੇਰੀਆਂ ਹੋ ਗਈਆਂ ਸਨ। ਹੁੰਦੀਆਂ ਚਲੇ ਗਈਆਂ ਸਨ। ਠਾਕਰ ਸਿੰਘ ਨੂੰ ਸਮਝ ਨਹੀਂ ਆ ਰਹੀ ਸੀ ਉਹ ਮੋਗਣ ਨੂੰ ਕਿਸ ਤਰ੍ਹਾਂ ਬਚਾਏ। ਨਿਘਰਦੀ ਗਈ ਦਿਨੋਂ ਦਿਨ ਮਗਣ। ਠਾਕਰ ਸਿੰਘ ਉਸਨੂੰ ਕਈ ਹਕੀਮਾਂ ਕੋਲ ਲਈ ਫਿਰਿਆ। ਸਾਰਿਆਂ ਆਪੋ ਆਪਣੇ ਗਿਆਨ ਨੂੰ ਪੱਠੇ ਪਾਏ। ਅਖੀਰ ਉਹ ਚਲ ਵਸੀ ਇਸ ਜਹਾਨ ਤੋਂ। ਠਾਕਰ ਸਿੰਘ ਭੁਬੀਂ ਰੋਇਆ। ਕੋਈ ਵੈਦ ਮੋਗਣ ਦੇ ਪੇਟ ਦੀ ਰਸੌਲੀ ਦਾ ਇਲਾਜ ਨਹੀਂ ਕਰ ਸਕਿਆ ਸੀ। ਠਾਕਰ ਸਿੰਘ ਦਾ ਘਰ ਉਜੜ ਗਿਆ ਸੀ ਚਿੜੀਆਂ ਦੇ ਆਲ੍ਹਣੇ ਵਾਂਗੂ।

ਕਈ ਰੰਗੀਨ ਰਾਤਾਂ ਦਾ ਸ਼ਾਹ ਬਣਿਆ ਸੀ ਠਾਕਰ ਸਿੰਘ ਉਸਤੋਂ ਬਾਅਦ। ਕਈ ਸੜਦੀਆਂ ਦੁਪਹਿਰਾਂ ਵਿਚ ਪਿਆਸਾ ਮਰਿਆ ਸੀ।

ਸੋਚ ਰਿਹਾ ਸੀ ਠਾਕਰ ਸਿੰਘ। ਸਵੇਰ ਲੰਘ ਗਈ ਸੀ। ਦੁਪਹਿਰ ਲੰਘ ਗਈ ਸੀ। ਸ਼ਾਮ ਗੁਜ਼ਰਦੀ ਜਾ ਰਹੀ ਸੀ। ਹਨੇਰਾ ਹੋਣ ਵਾਲਾ ਸੀ। ਸੁੰਦਰ ਆਇਆ। ਉਸਨੇ ਖੇਸ ਦੀ ਬੁਕਲ ਮਾਰੀ ਹੋਈ ਸੀ। ਉਸਦੇ ਖੇਸ ਨਾਲ ਲਗੇ ਹੋਏ ਕੁਤਰੇ ਦੇ ਪਤਿਆਂ ਤੋਂ ਪਤਾ ਚਲਦਾ ਸੀ ਕਿ ਉਹ ਉਸੇ ਖੇਸ ਨਾਲ ਬਲਦਾਂ ਦੀਆਂ ਖੁਰਲੀਆਂ 'ਚ ਚਾਰਾ ਪਾਉਂਦਾ ਰਿਹਾ ਸੀ। ਡੇਢ-ਪੱਟੀ ਚਾਦਰ ਦੇ ਹੇਠੋਂ ਉਸਦੀਆਂ ਕਾਲੀਆਂ ਲੱਤਾਂ ਦਿਖਾਈ ਦੇ ਰਹੀਆਂ ਸਨ। ਠਰੂੰ ਠਰੂੰ ਕਰਦੇ ਉਹ ਦੋਨੋਂ ਧੂਣੀ ਬਾਲਕੇ ਬੈਠ ਗਏ।

'ਠਾਕਰ ਸਿਆਂਹ ?' ਸੁੰਦਰ ਬੋਲਿਆ।

"ਨਹੀਂ ਆਉਣਗੇ ਚੰਗਾ ਸਗੋਂ।" ਠਾਕਰ ਸਿੰਘ ਇਕ ਸਿਣਗ ਨਾਲ ਅੱਗ ਫੋਲ ਰਿਹਾ ਸੀ। ਉਸਦੇ ਮੱਥੇ ਦੇ ਵੱਟ ਮੋਟੇ ਹੁੰਦੇ ਜਾ ਰਹੇ ਸਨ। ਸੁੰਦਰ ਉਸਦੇ ਸਾਹਮਣੇ ਜ਼ੁਮੇਵਾਰੀ ਦੇ ਅਹਿਸਾਸ ਕਾਰਨ ਦੁਬਕਿਆ ਬੈਠਾ ਸੀ।

'ਆਉਣਗੇ ਜ਼ਰੂਰ। ਸ਼ਾਇਦ ਜ਼ਰਾ ਨ੍ਹੇਰੇ ਹੋਏ।" ਸੁੰਦਰ ਨੂੰ ਮਲੂ ਬਾਹਮਣ ਨੇ ਯਕੀਨ ਦੁਆਇਆ ਸੀ ਕਿ ਡਰਨ ਵਾਲੀ ਗੱਲ ਕੋਈ ਨਹੀਂ। ਉਹ ਆਪ ਜ਼ੁੰਮੇਵਾਰੀ ਚੁਕਦਾ ਸੀ। ਫੇਰ ਜੇਕਰ ਕੋਈ ਐਸੀ ਵੈਸੀ ਗੱਲ ਹੋਈ ਤਾਂ ਉਹ ਮਲੂ ਨੂੰ ਜਦੋਂ ਮਰਜ਼ੀ ਪੰਚਾਇਤ ਵਿਚ ਸੱਦ ਸਕਦੇ ਸਨ। ਜਾਂ ਆਪ ਹੀ ਉਸਨੂੰ ਪੁੱਛ ਸਕਦੇ ਸਨ।......ਹਨੇਰਾ ਵਧਦਾ ਜਾ ਰਿਹਾ ਸੀ।

......ਹਨੇਰਾ ਵਧਦਾ ਜਾ ਰਿਹਾ ਸੀ। ਰਾਹਾਂ ਵਿਚ ਪਿੰਡ ਵਲ ਨੂੰ ਜਾ ਰਹੇ ਪਸ਼ੂਆਂ ਦੀਆਂ ਟੱਲੀਆਂ ਟਣਕ ਰਹੀਆਂ ਸਨ। ਸੁਨਮਸਾਨ। ਕੱਕਰ। ਠਾਕਰ ਸਿੰਘ ਦਾ ਖੂਹ ਹਨੇਰੇ ਦੀਆਂ ਤਾਰਾਂ ਵਿਚ ਉਲਝਦਾ ਜਾ ਰਿਹਾ ਸੀ। ਸ਼ਮਸ਼ਾਨ ਘਰ ਦੇ ਆਸ ਪਾਸ ਦੇ ਦਰੱਖਤਾਂ ਚੋਂ ਬਿੰਡੇ ਬੋਲ ਰਹੇ ਸਨ। ਦੀਵਾ ਜਗਿਆ। ਮਲੂ ਬਾਹਮਣ ਤੇ ਉਸ ਨਾਲ ਤਿੰਨ ਹੋਰ ਅਜਨਬੀ। ਸ਼ਮਸ਼ਾਨ ਘਰ ਚੋਂ ਉਠਕੇ ਭੂਤ ਧੂਣੀ ਦੇ ਗਿਰਦ ਇਕੱਠੇ ਹੋ ਗਏ ਸਨ ਜਿਵੇਂ। ਠਾਕਰ ਸਿੰਘ ਨੇ ਚਾਹ ਦੇ ਗਲਾਸ ਉਹਨਾਂ ਸਾਰਿਆਂ ਦੇ ਹੱਥਾਂ ਵਿਚ ਥਮ੍ਹਾ ਦਿਤੇ। ਸੁੰਦਰ ਦੇ ਵੀ।

ਚਿਰਾਗ ਦੇ ਚਾਨਣ ਵਿਚ ਸਫਰ ਦਾ ਥਕਾਇਆ ਹੋਇਆ ਇੱਕ ਚਿਹਰਾ ਚਮਕ ਰਿਹਾ ਸੀ। ਕੰਨਾਂ ਵਿਚ ਪਿੱਤਲ ਦੀਆਂ ਮੁਰਕੀਆਂ। ਨੱਕ ਦਾ ਦਾ ਛੇਕ ਉਸੇ ਤਰ੍ਹਾਂ ਸੁੰਞਾ ਪਿਆ ਸੀ। ਲੰਬੀ ਠੋਡੀ। ਬਰੀਕ ਦੰਦ ਚਿਹਰਾ ਲਿੱਸਾ ਹੋਣ ਕਰਕੇ ਵੱਡੇ ਲਗਦੇ ਸਨ। ਠਾਕਰ ਸਿੰਘ ਤੇ ਸੁੰਦਰ ਦੀਆਂ ਅੱਖਾਂ ਦੇ ਟਿਮਕਣੇ ਉਡਾਰੀਆਂ ਮਾਰਨ ਲਗੇ।

'ਠਾਕਰ ਸਿਆਂਹ ਸਰਦਾਰਾ ਕਿਸੇ ਕਿਸਮ ਦੀ ਸ਼ਿਕਾਇਤ ਹੋਵੇ ਦੱਸ ਦਈਂ।" ਅਜਨਬੀ ਚਿਹਰਿਆਂ ਚੋਂ ਇਕ ਖੁਲ੍ਹਿਆ। ਗਮਰੁੱਠ। ਕੰਨ ਉਪਰ ਲੜ। ਸਪਿਆਲੀਆਂ ਅੱਖਾਂ। ਬਰੀਕ। ਠਾਕਰ ਸਿੰਘ ਨੇ ਚਾਰ ਸੌ ਰੁਪਏ ਗਿਣਕੇ ਮਲੂ ਬਾਹਮਣ ਨੂੰ ਫੜਾ ਦਿਤੇ। ਮਲੂ ਨੇ ਇਕ ਪਲ ਨੋਟਾਂ ਵਲ ਦੇਖਿਆ। ਅਤੇ ਗੁਮਰੁਠ ਗੁਸੈਲ ਚਿਹਰੇ ਵਾਲੇ ਅਜਨਬੀ ਦੇ ਖੀਸੇ ਵਿਚ ਪਾ ਦਿਤੇ। ਪੰਜਾਂ ਰੁਪਈਆਂ ਦਾ ਨੋਟ ਮੰਜੇ ਤੇ ਪਈ ਥਕੇਵੇਂ ਨਾਲ ਮਾਰੀ ਔਰਤ ਦੇ ਹੱਥਾਂ ਵਿਚ ਦਿੰਦਿਆਂ ਗੁਸੈਲੇ ਚਿਹਰੇ ਵਾਲੇ ਆਦਮੀ ਨੇ 'ਅਲਵਿਦਾ' ਆਖੀ।

ਸੁੰਦਰ ਵੀ ਚਲੇ ਗਿਆ। ਠਾਕਰ ਸਿੰਘ ਨੇ ਦੀਵੇ ਦੀ ਬੱਤੀ ਉੱਚੀ ਕੀਤੀ। ਉਸਦੀ ਘਰ ਵਾਲੀ ਦਾ ਨਾਮ 'ਤੇਜੋ' ਸੀ। ਉਸਨੇ ਪੁਛਿਆ। ਠਾਕਰ ਸਿੰਘ ਨੂੰ ਠੰਢ ਦੀਆਂ ਸੂਈਆਂ ਆਪਣੀ ਧੌਣ ਵਿਚ ਚੁਭ ਰਹੀਆਂ ਮਹਿਸੂਸ ਹੋਈਆਂ। ਉਸਨੇ ਦੀਵੇ ਨੂੰ ਫੂਕ ਮਾਰੀ ਤੇ ਬਿਸਤਰੇ ਵਿਚ ਸਿਮਟ ਗਿਆ। ਕਿੰਨੀ ਰਾਤ ਗਈ ਤਕ ਠਾਕਰ ਸਿੰਘ ਤੇਜੋ ਨੂੰ ਦਸਦਾ ਰਿਹਾ ਕਿ ਇਹ ਘਰ ਹੁਣ ਉਸਦਾ ਆਪਣਾ ਸੀ। ਉਸਨੂੰ ਕਿਸੇ ਕਿਸਮ ਦਾ ਫਿਕਰ ਕਰਨ ਦੀ ਲੋੜ ਨਹੀਂ ਸੀ।

ਸਵੇਰੇ ਧੁੱਪਾਂ ਚੜ੍ਹ ਆਈਆਂ। ਠਾਕਰ ਸਿੰਘ ਨੂੰ ਕੋਈ ਹੋਸ਼ ਨਹੀਂ ਸੀ। ਰਾਤ ਗਈ ਤਕ ਉਹ ਤੇਜੋ ਨੂੰ ਕਈ ਗੱਲਾਂ ਸਮਝਾਉਂਦਾ ਰਿਹਾ ਸੀ। ਉਸ ਰਾਤ ਦਾ ਉਹ ਸ਼ਾਹ ਬਣਿਆ ਸੀ। ਹੁਣ ਸੁਪਨੇ ਲੈ ਰਿਹਾ ਸੀ। ਉਸਦੇ ਮਸਤਕ ਉਤੇ ਸ਼ਾਂਤੀ ਦਾ ਰੰਗ ਖੇਡ ਰਿਹਾ ਸੀ। ਹੌਲੀ ਹੌਲੀ

ਉਹ ਉਠਿਆ। ਉਸਦੀਆਂ ਅੱਖਾਂ ਵਿਚ ਖੁਮਾਰ ਸੀ। ਕੰਧ ਵਿਚਲੇ ਮੋਘੇ ਰਾਹੀਂ ਕਿਰਨਾਂ ਉਸਦੀ ਰਜਾਈ ਉਪਰ ਪੈ ਰਹੀਆਂ ਸਨ। ਉਸਦਾ ਦਿਲ ਕੰਬ ਗਿਆ। ਤੇਜੋ ਹੈ ਨਹੀਂ ਸੀ। ਉਸਨੇ ਚਾਦਰ ਧੂਹੀ ਤੇ ਬਾਹਰ ਵਲ ਲਪਕਿਆ। ਜਗਤ ਸਿੰਘ ਦਾ ਪਿਉ ਧੁੱਪੇ ਮੰਜੀ ਡਾਹੀ ਪਿਆ ਸੀ ਤੇ ਤੇਜੋ ਕੋਠੇ ਦੇ ਅੱਗੇ ਪਿਆ ਖੁਲ੍ਹਾ ਥਾਂ ਰਡ਼ਕੇ ਨਾਲ ਸੰਵਰ ਰਹੀ ਸੀ। ਠਾਕਰ ਸਿੰਘ ਦੇ ਦਿਲ ਵਿਚ ਖੁਸ਼ੀ ਦੀ ਲਹਿਰ ਉੱਠੀ।

ਉਸਨੇ ਸਿਰ ਉਪਰ ਪੱਗ ਲਪੇਟੀ। ਕੁੜਤਾ ਠੀਕ ਕੀਤਾ। ਖੇਸ ਦੀ ਬੁਕਲ ਮਾਰਕੇ ਬਾਹਰ ਬੁੱਢੇ ਕੋਲ ਆਣ ਬੈਠਾ। ਬੁੱਢਾ ਤੇਜੋ ਨੂੰ ਠਾਕਰ ਸਿੰਘ ਦੇ ਬਾਪ ਬਾਰੇ ਦੱਸ ਰਿਹਾ ਸੀ। ਲੰਬੀਆਂ ਕਹਾਣੀਆਂ। ਦੁੱਖਾਂ ਦੇ ਕਿੱਸੇ। ਗਰੀਬੀ ਦੇ ਵਹਿਣ। ਠਾਕਰ ਸਿੰਘ ਖੁਸ਼ ਸੀ। ਤੇਜੋ ਆਪ ਘਰ ਨੂੰ ਸੰਭਾਲ ਰਹੀ ਸੀ। ਚੰਗਾ ਹੈ। 'ਉਸਦੀ ਜ਼ਿੰਦਗੀ ਕੱਟ ਜਾਏਗੀ।' ਗੱਲਾਂ ਕਰਨ ਲੱਗਾ ਉਹ ਬੁੱਢੇ ਨਾਲ। ਤੇਜੋ ਅੰਦਰ ਚਾਹ ਬਣਾਉਣ ਚਲੇ ਗਈ ਸੀ। ਬੁੱਢੇ ਨੂੰ ਪਤਾ ਨਹੀਂ ਸੀ ਕਦੋਂ ਤੇਜੋ ਅੰਦਰ ਚਲੇ ਗਈ ਸੀ। ਆਪਣੀ ਲੋਰ ਵਿਚ ਗੱਲਾਂ ਕਰੀ ਜਾ ਰਿਹਾ ਸੀ ਉਹ। "ਤੇਰੇ ਪਿਉ ਨੂੰ ਜੇ ਪੱਕੀ ਪਕਾਈ ਰੋਟੀ ਮਿਲਦੀ ਰਹਿੰਦੀ, ਉਹ ਮਰ ਨਹੀਂ ਸੀ ਸਕਦਾ।"

ਬੁੱਢੇ ਦਾ ਮੱਤ ਸੀ ਆਪਣੀ ਕਿਸਮ ਦਾ। ਬੁਢੇ ਦੀ ਉਮਰ ਨੱਬਿਆਂ ਸਾਲਾਂ ਦੀ ਹੋ ਗਈ ਸੀ। ਤੇਜੋ ਨੇ ਚਾਹ ਦੇ ਗਲਾਸ ਬੁੱਢੇ ਅਤੇ ਠਾਕਰ ਸਿੰਘ ਦੇ ਹੱਥਾਂ ਵਿਚ ਫੜਾ ਦਿਤੇ। ਠਾਕਰ ਸਿੰਘ ਨੇ ਮੁੜ ਰਹੀ ਤੇਜੋ ਵਲ ਵੇਖਿਆ, ਉਸਦਾ ਸਰੀਰ ਪੱਤੇ ਵਾਂਗੂ ਹਿਲ ਰਿਹਾ ਸੀ। ਚਾਹ ਦਾ ਗਿਲਾਸ ਫੜੀ ਉਹ ਬੂਹ ਦੀਆਂ ਸਰਦਲਾਂ ਵਿਚ ਆਣ ਬੈਠੀ। ਠਾਕਰ ਸਿੰਘ ਦਾ ਸਰੀਰ ਸੁੰਨ ਹੁੰਦਾ ਜਾ ਰਿਹਾ ਸੀ। ਤੇਜੋ ਕੁੰਗੜੀ ਬੈਠੀ ਸੀ ਸਰਦਲਾਂ ਵਿਚ। ਦੋਹਾਂ ਗੋਡਿਆਂ ਵਿਚ ਘੁੱਟੀ ਬੈਠੀ ਸੀ ਉਹ ਆਪਣੀ ਛਾਤੀ ਵਿਚ ਪੱਲਰ ਰਹੇ ਕੀੜਿਆਂ ਨੂੰ। ਠਾਕਰ ਸਿੰਘ ਦੱਬੇ ਦੱਬੇ ਦਿਲ ਬੁੱਢੇ ਨਾਲ ਗੱਲਾਂ ਕਰਦਾ ਰਿਹਾ।

ਪੱਠੇ ਦੱਥੇ ਤੋਂ ਵਿਹਲ ਕੱਢਕੇ ਸੁੰਦਰ ਆਇਆ। ਤਜ ਬੇਜਾਨ ਹੱਥਾਂ ਨਾਲ ਮੱਕੀ ਦਾ ਆਟਾ ਮਲ ਰਹੀ ਸੀ। ਹਿਲ ਰਿਹਾ ਸੀ ਉਸਦਾ ਸਾਰਾ ਸਰੀਰ ਤਖਤੀ ਵਾਂਗੂ। ਹਲਦੀ ਵਿਚ ਰੰਗਿਆ ਪੀਲਾ ਚਿਹਰਾ। ਸੁੰਦਰ ਦਾ ਦਿਲ ਬੈਠ ਗਿਆ। ਸਿਰ ਚਕਰਾ ਰਿਹਾ ਸੀ ਠਾਕਰ ਸਿੰਘ ਦਾ ਉਹ ਮੰਜੀ ਉੱਤੇ ਪਿਆ ਸੀ ਸੂਰਜ ਵਲ ਮੂੰਹ ਕਰੀ।

"ਸੁੰਦਰਾ।"

"ਮੈਨੂੰ ਲੱਗ ਗਿਆ ਪਤਾ।" ਸੁੰਦਰ ਨੂੰ ਤਰੇਲੀ ਆ ਰਹੀ ਸੀ। ਉਸਨੂੰ ਖਿਆਲ ਤਕ ਨਹੀਂ ਸੀ ਕਿ ਇਸ ਤਰ੍ਹਾਂ ਹੋਵੇਗਾ। "ਮਲੂ ਨੂੰ ਫੜਾਂ ? ਸਾਡੇ ਪੈਸੇ ਮੁੜਾਏ।"

"ਨਹੀਂ ਇਹ ਪੈਂਡਾ ਕਢਣ ਜੋਗੀ ਨਹੀਂ।"

"ਫੇਰ ?"

"ਕੋਈ ਲਵੇਰਾ ਠਵੇਰਾ ਦੇਖ। ਦੁਧੋਂ ਬਿਨਾਂ ਤਾਂ ਇਹਤੋਂ ਦੋ ਮਹੀਨੇ ਨਹੀਂ ਨਿਕਲਣੇ।" ਦੋਹਾਂ ਦੇ ਚਿਹਰਿਆਂ ਉਤੇ ਪਸੀਨੇ ਦੀਆਂ ਬੂੰਦਾਂ ਖੇਡ ਰਹੀਆਂ ਸਨ। ਤੇਜੋ ਦੇ ਬੇਜਾਨ ਹੱਥ ਮੱਕੀ ਦੇ ਆਟੇ ਨਾਲ ਘੁਲ ਰਹੇ ਸਨ। ਉਸਦਾ ਦਿਲ ਕੰਬ ਰਿਹਾ ਸੀ। ਜਗਤ ਸਿੰਘ ਦਾ ਬਾਪ ਪਿੰਡ ਨੂੰ ਗਿਆ ਸੀ। ਮੁੜਕੇ ਆਣ ਲਈ ਕੁਛ ਨਹੀਂ ਆਖਿਆ ਸੀ ਉਸਨੇ। ਸ਼ਾਇਦ ਲੋੜ ਹੀ ਨਾ ਪਏ।

———

# ਮਸ਼ੀਨਾਂ ਅਤੇ ਆਹਤਮਹੀਣ ਹੁੰਦੇ ਵਿਅਕਤੀ

ਰਵਿੰਦਰ ਰਵੀ

ਮੈਂ ਤੇ ਗੁਰਦਿਆਲ ਬੜੇ ਗੂੜ੍ਹੇ ਮਿੱਤਰ ਹੁੰਦੇ ਸਾਂ। ਇਹ ਸੰਨ 56 ਦੀ ਗੱਲ ਹੈ ਜਦੋਂ ਚੀਜ਼ਾਂ ਦੇ ਭਾ ਅੱਜ ਨਾਲੋਂ ਬਹੁਤ ਸਸਤੇ ਹੁੰਦੇ ਸਨ। ਅਸੀਂ ਦੋਵੇਂ ਜਣੇ ਜੂਨੀਅਰ ਬੇਸਿਕ ਪਾਸ ਕਰਕੇ ਆਪੋ ਆਪਣੇ ਪਿੰਡਾਂ ਦੇ ਨੇੜੇ ਦੇ ਸਕੂਲਾਂ ਵਿਚ ਅਧਿਆਪਕ ਲਗ ਗਏ ਸਾਂ। ਇਕ ਜੱਟਾਂ ਦੇ ਮੁੰਡੇ ਤੇ ਦੂਜੇ ਘਰ ਦੇ ਨੇੜੇ ਹੀ ਅਧਿਆਪਕ-ਸਾਡੀ ਦੋਹਾਂ ਦੀ ਬੜੀ ਸ਼ਾਨ ਸੀ। ਦਾਣਾ ਫੱਕਾ ਘਰ ਦਾ ਤੇ ਸਾਢੇ ਸਤਾਨਵੇਂ ਰੁਪਏ ਮਹੀਨਾ ਤਨਖਾਹ-ਜੇਬ ਖਰਚ। ਨਾ ਘਰ ਦੇ ਕੁਝ ਮੰਗਦੇ, ਨਾ ਅਸੀਂ ਕੁਝ ਦਿੰਦੇ। ਨਿਤ ਨਵੇਂ ਕਪੜੇ ਨਿਤ ਨਵੇਂ ਫ਼ੈਸ਼ਨ। ਉਸਦਾ ਸਕੂਲ ਮੈਥੋਂ ਡੂਢ ਮੀਲ ਤੇ ਪਿੰਡ ਢਾਈ ਮੀਲ ਸੀ। ਜਦੋਂ ਜੀ ਕਰਦਾ ਅਸੀਂ ਸਾਈਕਲ ਚੁਕ ਕੇ ਇਕ ਦੂਜੇ ਵਲਾਂ ਤੁਰ ਪੈਂਦੇ। ਉਸਦੇ ਘਰ ਦੇ ਅਸਲੋਂ ਅਨਪੜ੍ਹ ਤੇ ਖੂਬ ਦਾਰੂ ਕਢਦੇ, ਪੀਂਦੇ ਸਨ। ਮੇਰੇ ਘਰ ਦੇ ਪੜ੍ਹੇ ਲਿਖੇ ਤੇ ਸ਼ਰਾਬ ਤੋਂ ਪਰਹੇਜ਼ ਕਰਦੇ ਸਨ। ਉਸਦੀ ਮੇਰੀ ਸਾਂਝ ਵੀ ਅਜੀਬ ਸੀ। ਮੈਂ ਉਸ ਤੋਂ ਦਾਰੂ ਕੱਢਣ ਤੇ ਪੀਣ ਦੀ ਆਦਤ ਸਿੱਖੀ ਅਤੇ ਉਸ ਨੇ ਮੇਰੇ ਕੋਲੋਂ ਪ੍ਰਾਈਵੇਟ ਤੌਰ ਤੇ ਇਮਤਿਹਾਨ ਪਾਸ ਕਰਨ ਦੀ।

ਉਹ ਬੜਾ ਹਸਮੁਖ,ਮਖੌਲੀਆ ਜ਼ਿੰਦਾ ਦਿਲ ਅਤੇ ਯਾਰਾਂ ਦਾ ਯਾਰ ਸੀ। ਯਾਰ ਲਈ ਸਭ ਕੁਝ ਕਰ ਗੁਜ਼ਰਨ ਵਾਲਾ–ਜਾਨ ਤਕ ਦੇ ਦੇਣ ਵਾਲਾ ਉਹ ਇਕ ਅਤਿ ਮਿਲਾਪੜਾ ਤੇ ਨਿੱਘਾ ਵਿਅਕਤੀ ਸੀ। ਮੈਂ ਜਦੋਂ ਉਸ ਦੇ ਸਕੂਲ ਜਾਣਾ ਤਾਂ ਉਸਨੇ ਮੁੰਡੇ ਕਮਰਿਆਂ ਵਿਚ ਤਾੜਕੇ ਮਨੀਟਰਾਂ ਦੇ ਹਵਾਲੇ ਕਰ ਦੇਣੇ ਤੇ ਮੈਨੂੰ ਨਾਲ ਲੈਕੇ ਬਾਹਰ ਖੁਲ੍ਹੀ ਹਵਾ ਵਿਚ ਪਿੱਪਲ ਹੇਠਾਂ ਆਣ ਬੈਠਣਾ। ਸਕੂਲ ਭਾਵੇਂ ਉਸ ਦਾ ਇਨਸਪੈਕਟਰ ਆਇਆ ਹੋਵੇ, ਉਸਨੇ ਕਦੇ ਪਰਵਾਹ ਨਹੀਂ ਸੀ ਕੀਤੀ। ਮੇਰੇ ਵਲਾਂ ਵੇਖਦਿਆਂ ਹੀ ਉਹ ਸਾਰੇ ਕੰਮ ਛੱਡ ਕੇ ਵਿਹਲਾ ਹੋ ਜਾਂਦਾ ਤੇ ਕਹਿੰਦਾ :

"ਜਰਨੈਲ, ਇਹ ਇਨਸਪੈਕਟਰ ਆਖਿਰ ਭਾਰਤੀ ਹੀ ਹਨ। ਇਕ ਬੋਤਲ ਠੇਕੇ ਦੀ, ਚੌਂਹ ਆਂਡਿਆਂ ਦੀ ਭੁਰਜੀ ਤੇ ਇਕ ਕੁੱਕੜ ਇਨ੍ਹਾਂ ਦਾ ਮੂੰਹ ਬੰਦ ਕਰਨ ਲਈ ਕਾਫੀ ਹਨ। ਫਿਰ ਇਨ੍ਹਾਂ ਤੋਂ ਜਿਹੋ ਜਿਹੀ ਮਰਜ਼ੀ ਹੈ ਲਾਗ ਬੁਕ ਲਿਖਵਾ ਲਓ। ਇਹ ਜੋ ਹੁਣ ਸਾਡਾ ਇਨਸਪੈਕਟਰ ਹੈ-ਦੁੱਧ ਵਿਚ ਛੁਆਰੇ ਤੇ ਖਜੂਰਾਂ ਪੁਆ ਕੇ ਹੀ ਖ਼ੁਸ਼ ਹੋ ਜਾਂਦਾ ਹੈ। ਹਫਤੇ ਦੇ ਹਫਤੇ ਸਰ੍ਹੋਂ ਦਾ ਸਾਗ ਛੱਲੀਆਂ ਤੇ ਹੋਰ ਨਿਕ ਸੁਕ—ਲਾਗੀਆ ਨੂੰ ਨਹੀਂ ਇਹ ਚੀਜ਼ਾਂ ਦੇਣੀ ਦੀਆ-ਬਸ ਇਵੇਂ ਹੀ ਸਮਝ ਲੈ।"

ਇਹ ਗੱਲਾਂ ਕਰਦੇ ਹੀ ਅਸੀਂ ਦੋਵੇਂ ਉਸ ਦੇ ਪਿੰਡ ਪਹੁੰਚ ਜਾਂਦੇ। ਬੈਠਕ ਦੇ ਮੁੱਢ ਹੀ ਢੇਰ ਵਿਚ ਦੱਬੀ ਭੂੰਡੀ ਰੰਗੀ ਖਾਲਸ ਦੇਸੀ ਸ਼ਰਾਬ ਦੀ ਬੋਤਲ ਪੱਟ ਕੇ ਤੇ ਧੋ ਸੁਆਰ ਕੇ ਉਹ ਮੇਰੇ ਸੌਂਹੇ

ਆਣ ਬਹਿੰਦਾ ਤੇ ਫਿਰ ਅਸੀਂ ਗੰਢੇ ਤੇ ਆਚਾਰ ਨਾਲ ਮੂੰਹ ਸੁਆਦ ਕਰਦੇ ਦੇਰ ਤਕ ਪੀਂਦੇ ਗੱਪਾਂ ਮਾਰਦੇ ਰਹਿੰਦੇ। ਏਨਾ ਫਰਕ ਜ਼ਰੂਰ ਪਿਆ ਕਿ ਮੈਂ ਉਸਨੂੰ ਗਰਾੜੀ ਕਿਸਮ ਦੇ ਸ਼ਰਾਬੀ ਤੋਂ ਕਾਫ਼ੀ ਹੇਠਾਂ ਲੈ ਆਂਦਾ ਤੇ ਉਸਨੇ ਮੈਨੂੰ ਸ਼ੌਕੀਨ ਪਿਆਕਾਂ ਤੋਂ ਥੋੜ੍ਹਾ ਉੱਪਰ।

ਇਸ ਦੌਰਾਨ ਵਿਚ ਅਸੀਂ ਲਗਾਤਾਰ ਹਰ ਵਰ੍ਹੇ ਇਮਤਿਹਾਨ ਦਿੰਦੇ ਰਹੇ। ਮੈਂ ਉਸ ਤੋਂ ਦੋ ਸਾਲ ਅੱਗੇ ਸਾਂ ਤੇ ਉਹ ਮੈਥੋਂ ਦੋ ਸਾਲ ਪਿੱਛੇ। ਚਾਰ ਸਾਲ ਬਾਅਦ ਮੈਂ ਐਮ. ਏ. ਕਰਕੇ ਵੀ ਪ੍ਰਾਇਮਰੀ ਸਕੂਲ ਦੀ ਪਹਿਲੀ ਪੱਕੀ ਜਮਾਤ ਨੂੰ ਪੜ੍ਹਾ ਰਿਹਾ ਸਾਂ ਤੇ ਉਹ ਬੀ. ਏ. ਕਰਕੇ ਵੀ ਸਿੰਗਲ-ਟੀਚਰ ਸਕੂਲ ਦੀ ਹੈਡ ਮਾਸਟਰੀ, ਮਾਸਟਰੀ ਤੇ ਚਪੜਾਸ ਸਭ ਕੁਝ ਕਰ ਰਿਹਾ ਸੀ। ਕਦੇ ਕਦੇ ਅਸੀਂ ਦੋਵੇਂ ਆਪਣੀ ਬੇਕਦਰੀ ਬਾਰੇ ਸੋਚਦੇ ਤਾਂ ਬੜੀ ਨਿਰਾਸ਼ਾ ਹੁੰਦੀ। ਉਸਦਾ ਜੀ ਕਾਹਲਾ ਪੈ ਜਾਂਦਾ ਤੇ ਉਹ ਕਹਿੰਦਾ:

"ਦਸਵੀਂ ਕਰਕੇ ਪ੍ਰਾਇਮਰੀ ਸਕੂਲ ਦੀ ਮੁਣਸ਼ੀਗੀਰੀ ਤੇ ਕੋਈ ਇਅਤਰਾਜ਼ ਨਹੀਂ ਸੀ ਪਰ ਹੁਣ ਬੀ. ਏ. ਕਰਕੇ ਇਹ ਕੁਝ ਨਹੀਂ ਹੋ ਸਕਦਾ। ਮੇਰੇ ਨਾਲ ਦਿਆਂ ਨੇ ਇੰਗਲੈਂਡ ਜਾ ਕੇ ਲੱਖਾਂ ਰੁਪਏ ਦੀ ਜਾਇਦਾਦ ਬਣਾ ਲਈ ਹੈ। ਪਰ ਮੈਂ ਚਾਰ ਸਾਲਾਂ ਤੋਂ ਉਸੇ ਹੀ ਟੁੱਟੀ ਹੋਈ ਕੁਰਸੀ 'ਤੇ ਬੈਠਾ ਹਾਂ। ਇਨ੍ਹਾਂ ਚੌਂਹ ਸਾਲਾਂ ਵਿਚ ਚੀਜ਼ਾਂ ਦੇ ਭਾ ਕਿੰਨੇ ਵਧ ਗਏ ਹਨ। ਸ਼ਰਾਬ ਕੱਢਣ ਲਈ ਗੁੜ ਮੁਕਦਾ ਨਹੀਂ ਸੀ ਹੁੰਦਾ- ਹੁਣ ਘਰ ਦੇ ਮਹਿੰਗਾਈ ਦੇ ਦੁੱਖੋਂ ਸਾਰੇ ਦਾ ਸਾਰਾ ਕਮਾਦ ਮਿੱਲੇ ਸੁੱਟ ਦਿੰਦੇ ਹਨ। ਸ਼ਰਾਬ ਲਈ ਸੀਰਾ ਤੇ ਗੁੜ ਮੁੱਲ ਲੈਣਾ ਪੈਂਦਾ ਹੈ-ਦੁੱਧ ਹੱਟੀਏਂ ਜਾ ਵੜਦਾ ਹੈ-ਹਰ ਚੀਜ਼ ਦੇ ਭਾ ਨੂੰ ਅੱਗ ਲੱਗੀ ਹੋਈ ਹੈ-ਨਹੀਂ ਜਰਨੈਲ, ਹੁਣ ਇਹ ਸਭ ਕੁਝ ਨਹੀਂ ਸਹਿ ਹੁੰਦਾ। ਜ਼ਰੂਰ ਕੁਝ ਕਰਨਾ ਪਵੇਗਾ।"

ਤੇ ਫਿਰ ਅਚਾਨਕ ਉਸਨੇ ਮੈਨੂੰ ਇੰਗਲੈਂਡ ਦੀ ਕਿਸੇ ਯੂਨੀਵਰਸਟੀ ਤੋਂ ਐਡਮਿਸ਼ਨ ਮੰਗਵਾ ਕੇ ਪਾਸਪੋਰਟ ਬਣਵਾ ਲੈਣ ਦੀ ਸੂਚਨਾ ਦਿੱਤੀ। ਇੰਗਲੈਂਡ ਜਾਣ ਤੋਂ ਪਹਿਲਾਂ ਉਹ ਕਹਿਣ ਲੱਗਾ:

"ਤੇਰੇ ਸੰਗ ਵਿਚ ਪੜ੍ਹ ਕੇ ਇੰਨਾ ਫਾਇਦਾ ਜ਼ਰੂਰ ਹੋਇਆ ਹੈ ਕਿ ਮੈਨੂੰ ਇੰਗਲੈਂਡ ਜਾਣ ਲਈ ਗਿੱਦੜ-ਪਰਵਾਨਾ ਮਿਲ ਗਿਆ ਹੈ।"

ਉਨ੍ਹੀਂ ਦਿਨੀਂ ਪੜ੍ਹੇ ਲਿਖੇ ਯੂਨੀਵਰਸਿਟੀ ਦੀ ਐਡਮਿਸ਼ਨ ਮੰਗਵਾ ਕੇ ਇੰਗਲੈਂਡ ਪਹੁੰਚ ਜਾਂਦੇ ਸਨ ਤੇ ਫਿਰ ਉਥੇ ਜਾ ਕੇ ਪੜ੍ਹਨ ਦੀ ਥਾਂ ਫੈਕਟਰੀਆਂ ਵਿਚ ਕੰਮ ਕਰਨ ਲਗ ਪੈਂਦੇ ਸਨ। ਗੁਰਦਿਆਲ ਵੀ ਦਲਾਲਾਂ ਦੇ ਦੱਸੇ ਹੋਏ ਇਸੇ ਢੰਗ ਦੁਆਰਾ ਇੰਗਲੈਂਡ ਪਹੁੰਚਾ ਸੀ। ਉਥੇ ਪਹੁੰਚ ਕੇ ਉਸਨੇ ਪਹਿਲੇ ਤਿੰਨ ਮਹੀਨਿਆਂ ਵਿਚ ਮੈਨੂੰ ਪੰਜ ਛੇ ਪੱਤਰ ਲਿਖੇ ਜਿਨ੍ਹਾਂ ਤੋਂ ਪਤਾ ਲੱਗਾ ਕਿ ਉਹ ਕਿਸੇ ਫਾਊਂਡਰੀ ਵਿਚ ਬਾਰਾਂ ਘੰਟੇ ਜਾਨ ਹੂਲਕੇ ਚੰਗੇ ਪੈਸੇ ਕਮਾਉਣ ਲਗ ਪਿਆ ਸੀ। ਜ਼ਿੰਦਗੀ ਭਾਰਤ ਨਾਲੋਂ ਬੜੀ ਮੁਸ਼ਕਲ ਸੀ ਪਰ ਉਹ ਹੌਲੀ ਹੌਲੀ ਆਪਣੇ ਆਪ ਨੂੰ ਹਾਲਾਤ ਅਨੁਸਾਰ ਢਾਲਣ ਦਾ ਯਤਨ ਕਰ ਰਿਹਾ ਸੀ।

ਫਿਰ ਅਚਾਨਕ ਉਸਦੇ ਪੱਤਰ ਆਉਣੇ ਬੰਦ ਹੋ ਗਏ ਤੇ ਉਹ ਵੀ ਮੇਰੇ ਹੋਰ ਬਹੁਤ ਸਾਰੇ ਮਿੱਤਰਾਂ ਵਾਂਗ ਇੰਗਲੈਂਡ ਦੇ ਜੀਵਨ ਵਿਚ ਗੁੰਮ ਹੋ ਕੇ ਮੇਰੇ ਲਈ ਇਕ ਤਲਖ਼ ਯਾਦ ਬਣ ਕੇ ਰਹਿ ਗਿਆ। ਪਰ ਇਕ ਖ਼ੁਸ਼ੀ ਸੀ ਕਿ ਪਿੱਛੇ ਉਸਦੇ ਘਰ ਲਹਿਰਾਂ ਬਹਿਰਾਂ ਸਨ। ਪੰਜਾਂ ਛੇਆਂ ਸਾਲਾਂ

ਵਿਚ ਕਮਾਈ ਕਰਕੇ ਉਸਨੇ ਪਿੱਛੇ ਧਨ ਦੀਆਂ ਧਾਕਾਂ ਲਾ ਦਿੱਤੀਆਂ ਸਨ। ਉਸਦੇ ਮਾਪਿਆਂ ਨੇ ਕੱਚੇ ਕੋਠੇ ਢਾਹ ਕੇ ਤਿਆਸਵੇਂ ਪੱਕੇ ਪਾ ਲਏ ਸਨ। ਖੂਹ ਉੱਤੇ ਡੰਗਰਾਂ ਲਈ ਵੱਡੇ ਵੱਡੇ ਦਾਲਾਨ ਛੱਤ ਕੇ ਪੱਕੀਆਂ ਖੁਰਲੀਆਂ ਬਣਾ ਦਿੱਤੀਆਂ ਗਈਆਂ ਸਨ। ਦੋਹਾਂ ਖੂਹਾਂ ਉੱਤੇ ਟਿਊਬ ਵੈੱਲ ਲਗ ਗਏ ਸਨ। ਉਸਦੇ ਤਿੰਨੇ ਅਨਪੜ੍ਹ ਭਰਾ ਹੁਣ ਟ੍ਰੈਕਟਰ ਲੈਣ ਬਾਰੇ ਸੋਚ ਰਹੇ ਸਨ। ਲਾਗੇ ਚਾਗੇ ਦੇ ਸਭ ਵਿਕਾਊ ਖੇਤ ਉਨ੍ਹਾਂ ਨੇ ਮਹਿੰਗੇ ਸਸਤੇ ਭਾ ਖਰੀਦ ਕੇ ਚੰਗੀ ਜਾਇਦਾਦ ਬਣਾ ਲਈ ਸੀ। ਨਿਆਈਆਂ ਦੀ ਬੈਠਕ ਤੇ ਹਵੇਲੀ ਸਾਮ੍ਹਣੇ ਹਰ ਵੇਲੇ ਤਿੰਨ ਵਧੀਆ ਕਿਸਮ ਦੀਆ ਲਵੇਰੀਆਂ ਮੱਝਾਂ ਖੜੀਆਂ ਰਹਿੰਦੀਆਂ। ਪਰ ਇਸ ਸਭ ਕੁਝ ਨੇ ਮੇਰੇ ਕੋਲੋਂ ਮੇਰਾ ਇਕ ਅਤਿ ਪਿਆਰਾ ਮਿੱਤਰ ਖੋਹ ਲਿਆ ਸੀ।

ਛੇ ਸਾਲਾਂ ਵਿਚ ਭੁੱਖ ਨਾਲ ਘੁਲਦਿਆਂ ਜਦੋਂ ਮੈਨੂੰ ਵੀ ਥਾਂ ਪਰ ਥਾਂ ਦੀਆਂ ਟੱਕਰਾਂ ਮਾਰਨ ਉਪ੍ਰੰਤ ਕੋਈ ਚੱਜ ਦੀ ਨੌਕਰੀ ਨਾ ਮਿਲੀ ਤਾਂ ਮੈਨੂੰ ਵੀ ਗੁਰਦਿਆਲ ਵਾਲਾ ਹੀ ਰਾਹ ਅਪਨਾਉਣਾ ਪਿਆ। ਇਹ ਗੱਲ ਵਖਰੀ ਹੈ ਕਿ ਸਮੇਂ ਨੇ ਮੈਨੂੰ ਅਫਰੀਕਾ ਵਿਚ ਲਿਆ ਸੁੱਟਿਆ ਤੇ ਮੇਰਾ ਕਿੱਤਾ ਵੀ ਮਜ਼ਦੂਰੀ ਨਾ ਹੋਕੇ ਵਿੱਦਿਆ ਦੇ ਕੰਮ ਨਾਲ ਹੀ ਜੁੜਿਆ ਰਿਹਾ। ਇਥੇ ਤਨਖਾਹ ਵੀ ਕਾਫੀ ਨਹੀਂ ਸਗੋਂ ਵਿਹਲ ਵੀ ਬਹੁਤ ਸੀ।

.........

ਭਾਰਤ ਹੁੰਦਿਆਂ ਜੇ ਕਦੇ ਪਿੰਡੋਂ ਜਲੰਧਰ ਜਾਣਾ ਹੁੰਦਾ ਸੀ ਤਾਂ ਕਿਰਾਏ ਭਾੜੇ ਬਾਰੇ ਸੋਚਕੇ ਸੰਸੇ ਪੈ ਜਾਂਦੇ ਸਨ। ਪਰ ਏਥੋਂ ਦੀ ਵਿਹਲ ਤੇ ਪੈਸੇ ਸੌਂਹੇ ਇੰਗਲੈਂਡ ਤੇ ਯੂਰਪ ਪਿੰਡੋਂ ਜਲੰਧਰ ਜਿੰਨੇ ਫਾਸਲੇ ਤੋਂ ਵੀ ਕਿਤੇ ਨੇੜੇ ਜਾਪਦੇ ਸਨ। ਏਥੇ ਆਉਣ ਤੋਂ ਦੋ ਸਾਲਾਂ ਬਅਦ ਜਦੋਂ ਮੈਂ ਇਕ ਮਹੀਨੇ ਦੀ ਇੰਗਲੈਂਡ ਤੇ ਯੂਰਪ ਦੀ ਯਾਤਰਾ ਵਾਸਤੇ ਨੈਰੋਬੀ ਏਅਰਪੋਰਟ ਤੋਂ ਫਲਾਈ ਕੀਤਾ ਤਾਂ ਮੇਰੀ ਸਿਮਰਤੀ ਵਿਚ ਉਹ ਸਾਰੇ ਮਿੱਤਰ ਘੁੰਮ ਰਹੇ ਸਨ ਜਿਨ੍ਹਾਂ ਨੂੰ ਇਗਲੈਂਡ ਨੇ ਮੇਰੇ ਕੋਲੋਂ ਖੋਹ ਲਿਆ ਸੀ। ਉਨ੍ਹਾਂ ਸਭਨਾਂ ਵਿਚੋਂ ਗੁਰਦਿਆਲ ਦਾ ਹਸਮੁਖ,ਲਾਪਰਵਾਹ ਤੇ ਜ਼ਿੰਦਗੀ ਨਾਲ ਭਰਪੂਰ ਚਿਹਰਾ ਬਾਰ ਬਾਰ ਮੇਰੇ ਸਿਮਰਨ ਵਿਚ ਇਕ ਵਿੱਖਲਣ ਢੰਗ ਨਾਲ ਉੱਭਰਦਾ ਤੇ ਮੈਂ ਆਪਣੇ ਆਪ ਮੁਸਕਰਾ ਪੈਂਦਾ ਕਿ ਗੁਰਦਿਆਲ ਤੇ ਬਾਕੀ ਦੇ ਹੋਰ ਮਿੱਤਰ ਕਿੰਨੇ ਹੈਰਾਨ ਹੋਣਗੇ ਇਹ ਜਾਣ ਕੇ ਕਿ ਮੈਂ ਵੀ ਇੰਗਲੈਂਡ ਪਹੁੰਚ ਗਿਆ ਹਾਂ। ਉਹ ਮੈਨੂੰ ਅਨੇਕਾਂ ਪ੍ਰਸ਼ਨ ਕਰਨਗੇ ਤੂੰ ਇਥੇ ਕਿਵੇਂ ? ਕੰਮ ਦੀ ਭਾਲ ਵਿਚ ? ਰੁਜ਼ਗਾਰ ਦੀ ਤਲਾਸ਼ ? ਤੈਨੂੰ ਤਾਂ ਉਦੋਂ ਹੀ ਕਿਹਾ ਸੀ ਕਿ ਛਡ ਪਰ੍ਹੇ ਇਸ ਮਾਸਟਰੀ ਨੂੰ ਤੇ ਇੰਗਲੈਂਡ ਜਾਣ ਦੀ ਕੋਸ਼ਿਸ਼ ਕਰ, ਪਰ ਤੇਰੇ ਕੰਨੀਂ ਜੂੰ ਨਾ ਸਰਕੀ। ਚਲੋ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਭਾਰਤ ਵਿਚ ਰਹਿਣਾ ਤਾਂ ਭੁੱਖ ਨਾਲ ਘੁਲਣਾ, ਨਰਕ ਭੋਗਣਾ ਹੈ।

ਮੈਂ ਸੋਚ ਰਿਹਾ ਸਾਂ ਕਿ ਸਭ ਮਿੱਤਰ ਤੇ ਖਾਸ ਕਰ ਗੁਰਦਿਆਲ ਆਪਣਾ ਸਾਰਾ ਕੰਮ ਕਾਰ ਛੱਡ ਕੇ ਮੇਰਾ ਸਵਾਗਤ ਕਰਨਗੇ। ਥਾਉਂ ਥਾਈਂ ਮੈਨੂੰ ਨਾਲ ਲੈ ਕੇ ਘੁੰਮਾਉਣਗੇ ਇੰਗਲੈਂਡ ਦੀ ਸੈਰ ਕਰਵਾਉਣਗੇ। ਮੈਂ ਸੋਚ ਰਿਹਾ ਸਾਂ ਕਿ ਏਨੇ ਮਿੱਤਰਾਂ ਨੂੰ ਕਿਵੇਂ ਸੰਤੁਸ਼ਟ ਕਰਾਂਗਾ ? ਮੇਰੇ ਕੋਲ ਤਾਂ ਮਸਾਂ ਚਾਰ ਹਫਤੇ ਹਨ ਤੇ ਹਰ ਕੋਈ ਮੈਨੂੰ ਆਪਣੇ ਕੋਲ ਘਟੋ ਘਟ ਇਕ ਹਫਤਾ ਰੱਖਣ ਦੀ ਸਫਾਰਿਸ਼ ਕਰੇਗਾ। ਤੇ ਮੈਂ ਤਾਂ ਇਨ੍ਹਾਂ ਚਾਰ ਹਫਤਿਆਂ ਵਿਚੋਂ ਵੀ ਕੁਝ ਦਿਨ ਫਰਾਂਸ ਜਾਣ ਦਾ ਪਰੋਗਰਾਮ ਬਣਾ ਕੇ ਆਇਆ ਸਾਂ।

ਇਸੇ ਕਸ਼ਮਕਸ਼ ਵਿਚ ਮੈਂ ਲੰਡਨ ਪਹੁੰਚ ਗਿਆ। ਆਪਣੇ ਇੰਗਲੈਂਡ-ਵਾਸੀ ਮਿਤਰਾਂ ਬਾਰੇ ਜੋ ਤਸਵੀਰ ਮੇਰੇ ਮਨ ਵਿਚ ਬਣੀ ਸੀ ਉਹ ਏਥੇ ਪਹੁੰਚਦਿਆਂ ਹੀ ਧੁੰਦਲੀ ਹੋ ਗਈ। ਜਿਸ ਮਿੱਤਰ ਕੋਲ ਮੈਂ ਲੰਡਨ ਠਹਿਰਿਆ ਸਾਂ ਉਹ ਸਵੇਰੇ ਛੇ ਵਜੇ ਕੰਮ ਤੇ ਜਾ ਕੇ ਸ਼ਾਮ ਨੂੰ ਸੱਤ ਕੁ ਵਜੇ ਘਰ ਵਾਪਸ ਆਉਂਦਾ ਸੀ। ਵਾਹ ਲਗਦੀ ਉਹ ਸ਼ਨਿਚਰਵਾਰ ਵੀ ਓਵਰ ਟਾਇਮ ਲਾ ਲੈਂਦਾ ਸੀ। ਸਵੇਰੇ ਚਾਰ ਵਜੇ ਉੱਠਕੇ ਉਹ ਮੇਰੇ ਤੇ ਆਪਣੇ ਵਾਸਤੇ ਨਾਸ਼ਤਾ, ਲੰਚ ਅਤੇ ਰਾਤ ਦਾ ਖਾਣਾ ਸਭ ਕੁਝ ਇਕੱਠਾ ਹੀ ਤਿਆਰ ਕਰਕੇ ਮੈਨੂੰ ਸੁੱਤੇ ਨੂੰ ਛੱਡਕੇ ਫੈਕਟਰੀ ਵਿਚ ਕੰਮ ਕਰਨ ਲਈ ਚਲੇ ਜਾਂਦਾ ਸੀ। ਸੱਤ ਵਜੇ ਵਾਪਸ ਆਉਂਦਾ ਤਾਂ ਉਸ ਕੋਲ ਹਰ ਰੋਜ਼ ਨਵੀਂ ਕਿਸਮ ਦੀ ਵਿਸਕੀ ਜਾਂ ਕੋਈ ਹੋਰ ਸ਼ਰਾਬ ਹੁੰਦੀ। ਅਸੀਂ ਅੱਧੀ ਰਾਤ ਤਕ ਪੀਂਦੇ ਗੱਪਾਂ ਮਾਰਦੇ ਰਹਿੰਦੇ। ਮੈਂ ਹੈਰਾਨ ਸਾਂ ਕਿ ਉਹ ਏਨਾ ਪੀ ਕੇ ਤੇ ਏਨਾ ਚਿਰ ਜਾਗਦਾ ਰਹਿਕੇ ਕਿਵੇਂ ਹਰ ਰੋਜ਼ ਕੰਮ ਤੇ ਜਾਂਦਾ ਸੀ। ਉਸਦੀ ਜ਼ਿੰਦਗੀ ਦੀ ਹਰਕਤ ਘੜੀ ਦੀਆਂ ਸੂਈਆਂ ਦੇ ਨਾਲ ਇਕ ਦਾਇਰੇ ਵਿਚ ਬੱਝੀ ਹੋਈ ਸੀ—ਗਿਣੀ ਮਿੱਥੀ, ਸੀਮਤ ਤੇ ਉਹ ਹੀ ਬਾਰ ਬਾਰ। ਉਸਦੇ ਜਾਣ ਪਿਛੋਂ ਮੈਂ ਟੈਲੀਫੋਨ ਤੇ ਕੁਝ ਦੋਸਤਾਂ ਨੂੰ ਕਾਨਟੈਕਟ ਕਰਨ ਦਾ ਯਤਨ ਕੀਤਾ ਪਰ ਬੇਅਰਥ। ਘੰਟੀ ਵਜਦੀ ਰਹਿੰਦੀ ਕੋਈ ਰਿਸੀਵਰ ਨਾ ਚੁੱਕਦਾ। ਚੁੱਕਦਾ ਵੀ ਕਿਵੇਂ, ਆਦਮੀ ਤੀਵੀਆਂ ਸਭ ਸਵੇਰੇ ਉੱਠਕੇ ਕੰਮਾਂ ਤੇ ਚਲੇ ਜਾਂਦੇ ਸਨ। ਸਕੂਲਾਂ ਵਿਚ ਪੜ੍ਹਦੇ ਬੱਚੇ ਵੀ ਸ਼ਨਿਚਰਵਾਰ ਕਿਸੇ ਨਾ ਕਿਸੇ ਫੈਕਟਰੀ ਵਿਚ ਖਾਲੀ ਬੋਤਲਾਂ ਧੋਣ ਜਾਂ ਲੇਬਲ ਲਾਉਣ ਵਾਸਤੇ ਜਾਂਦੇ ਤੇ ਕੁਝ ਨਾ ਕੁਝ ਲੈਕੇ ਹੀ ਮੁੜਦੇ। ਹਰ ਕੋਈ ਪੈਸੇ ਦੇ ਆਹਰ ਵਿਚ ਰੁੱਝਾ ਹੋਇਆ ਸੀ। ਹਰ ਕਿਸੇ ਦੀ ਹਰਕਤ ਬੜੀ ਤੇਜ਼ ਰਫਤਾਰ ਪਰ ਇਕੋ ਹੀ ਇਕਾਂਗੀ ਚਾਲ ਵਿਚ ਬੱਝੀ ਹੋਈ ਸੀ ਘੜੀ ਦੀਆਂ ਸੂਈਆਂ ਵਾਂਗ। ਮੈਂ ਜਿਸ ਕੋਲ ਗਿਆ ਵਧੀਆ ਤੋਂ ਵਧੀਆ ਸ਼ਰਾਬ ਪੀਣ ਨੂੰ ਮਿਲੀ। ਪਰ ਦਿਲ ਦਾ ਨਿੱਘ, ਜ਼ਿੰਦਗੀ ਦਾ ਹੁਲਾਰਾ ਹਰ ਥਾਂ ਗੈਰ ਹਾਜ਼ਰ ਸੀ।

ਮੇਰੇ ਮਿੱਤਰ ਨੇ ਦੱਸਿਆ ਕਿ "ਐਵੇਂ ਨਾ ਟੈਲੀਫੋਨ ਖੜਕਾ ਖੜਕਾ ਕੇ ਪੈਸੇ ਗੁਆਇਆ ਕਰ, ਕਿਸੇ ਨੂੰ ਵੀ ਟੈਲੀਫੋਨ ਕਰਨ ਦਾ ਠੀਕ ਸਮਾਂ ਰਾਤ ਨੂੰ ਅੱਠ ਵਜੇ ਤੋਂ ਬਅਦ ਹੈ। ਜੇ ਤੇਰਾ ਮਿੱਤਰ ਪੱਬ ਵਿਚ ਵੀ ਹੋਵੇਗਾ ਤਾਂ ਉਸਦੀ ਪਤਨੀ ਜ਼ਰੂਰ ਘਰ ਮਿਲ ਜਾਵੇਗੀ, ਸਨੇਹਾ ਲੈਣ ਵਾਸਤੇ।"

ਫਿਰ ਮੈਂ ਜਿਸਨੂੰ ਵੀ ਫੋਨ ਕੀਤਾ। ਉਸਨੇ ਇਹੀ ਕਿਹਾ ਕਿ 'ਤੇਰੇ ਆਉਣ ਦੀ ਬਹੁਤ ਖੁਸ਼ੀ ਹੈ, ਮੌਜਾਂ ਲਗ ਗਈਆਂ।" ਹਰ ਕਿਸੇ ਨੇ ਮੈਨੂੰ ਸ਼ਨਿਚਰ ਤੇ ਐਤਵਾਰ ਦੀ ਰਾਤ ਇਕੱਠਿਆਂ ਗੁਜ਼ਾਰਨ ਦਾ ਸੱਦਾ ਦਿਤਾ ਕਿਉਂਕਿ ਹੋਰ ਕਿਸੇ ਦਿਨ ਵੀ ਉਹ ਵਿਹਲੇ ਨਹੀਂ ਸਨ। ਇਸ ਕੰਪੀਟੀਸ਼ਨ ਦੇ ਸਮੇਂ ਵਿਚ ਕੰਮ ਤੇ ਨਾ ਜਾਣ ਦਾ ਮਤਲਬ ਸੀ ਰੁਜ਼ਗਾਰ ਨੂੰ ਜਾਣ ਬੁਝਕੇ ਲੱਤ ਮਾਰਨੀ। ਪਰ ਮੇਰੇ ਕੋਲ ਤਾਂ ਕੇਵਲ ਚਾਰ ਹੀ ਸਪਤਾਹ-ਅੰਤ (weekend) ਸਨ। ਕਿਸ ਕਿਸ ਕੋਲ ਜਾਵਾਂਗਾ ? ਕਿਸ ਕਿਸ ਨੂੰ ਰਾਜ਼ੀ ਕਰਾਂਗਾ ?

ਲੰਡਨ ਮੈਂ ਸਾਰਾ ਘੁੰਮਿਆਂ ਕਦੇ ਕੱਲਿਆਂ ਤੇ ਕਦੇ ਕਿਸੇ ਉਸ ਮਿੱਤਰ ਨਾਲ ਜਿਹਦਾ ਐਤਵਾਰ ਦੀ ਥਾਂ ਹਫਤੇ ਦਾ ਕੋਈ ਹੋਰ ਦਿਨ ਫਰੀ ਹੁੰਦਾ ਸੀ। ਸੜਕਾਂ ਤੇ ਦੂਵਲੀ ਵਗਦੇ ਟਰੈਫਿਕ, ਭੱਜ ਦੌੜ, ਕਾਹਲ, ਉੱਚੇ ਬੋਲਾਂ ਦੀ ਥਾਂ ਸਭਨਾਂ ਦੇ ਚਿਹਰੇ ਉੱਤੇ ਸਰਦ ਠਰੰਮੇ ਨੂੰ ਵੇਖਕੇ ਮੈਨੂੰ ਇੰਝ ਜਾਪਿਆ ਜਿਵੇਂ ਮੈਂ ਪੁਤਲਿਆਂ ਦੇ ਦੇਸ ਵਿਚ ਆ ਗਿਆ ਹੋਵਾਂ। ਭੂ ਮਿਮਨ ਟਰੇਨ ਵਿਚ ਅੰਤਾਂ ਦਾ ਰਸ਼ ਹੁੰਦਾ, ਪਰ ਮਜਾਲ ਹੈ ਜੇ ਤੁਹਾਨੂੰ ਕਿਸੇ ਦੀ ਆਵਾਜ਼ ਸੁਣਾਈ ਦੇ ਜਾਏ। ਕੋਈ

ਮੈਗਜ਼ੀਨ ਪੜ੍ਹ ਰਿਹਾ ਸੀ, ਕੋਈ ਅਖਬਾਰ, ਕੋਈ ਸੋਚਾਂ ਵਿਚ ਗਲਤਾਨ ਸੀ ਤੇ ਕੋਈ ਆਪਣੇ ਕਿੱਤੇ ਨਾਲ ਸੰਬੰਧਤ ਕਾਗਜ਼ਾਂ ਦੀ ਪੜਤਾਲ ਕਰ ਰਿਹਾ ਸੀ। ਸਟੇਸ਼ਨ ਆਉਂਦਾ. ਗੱਡੀ ਰੁਕਦੀ, ਸਵੈਕਾਰ ਦਰਵਾਜ਼ੇ ਖੁੱਲਦੇ ਤਾਂ ਭੀੜ ਦੀ ਭੀੜ ਹੇਠਾਂ ਉਤਰਦੀ, ਭੀੜ ਦੀ ਭੀੜ ਡੱਬੇ ਵਿਚ ਦਾਖਲ ਹੁੰਦੀ—ਬਿਲਕੁਲ ਸਵੈਕਾਰ ਦੇ ਖੁੱਲਣ ਤੇ ਬੰਦ ਹੋਣ ਵਾਂਗ। ਕੁਝ ਦਿਨਾਂ ਬਾਅਦ ਮੈਨੂੰ ਇੰਝ ਜਾਪਣ ਲਗ ਪਿਆ ਕਿ ਮੈਂ ਕੋਈ ਇਕ ਚਿਹਰਾ ਨਹੀਂ ਸਗੋਂ ਭੀੜ ਦੀ ਭੀੜ ਹੀ ਦੇਖ ਰਿਹਾ ਹਾਂ ਤੇ ਕਦੇ ਇੰਝ ਜਾਪਦਾ ਜਿਵੇਂ ਹਰ ਥਾਂ ਮੈਨੂੰ ਇਕੋ ਹੀ ਚਿਹਰਾ ਬਾਰ ਬਾਰ ਨਜ਼ਰ ਆ ਰਿਹਾ ਹੋਵੇ ਸਰਦ, ਅਵਾਕ, ਗੰਭੀਰ, ਬੇਜਾਨ ਤੇ ਕਿਸੇ ਵੀ ਹਾਵ ਭਾਵ ਤੋਂ ਕਰਾ ਅਸਲੋਂ ਸੱਖਣਾ ਤੇ ਸਪਾਟ।

ਏਨੇ ਤੁਰਦੇ ਫਿਰਦੇ ਬੇਜਾਨ ਪੁਤਲਿਆਂ ਵਿਚ ਮੇਰਾ ਜੀ ਕਾਹਲਾ ਪੈਣ ਲਗ ਪਿਆ। ਮੈਂ ਸੋਚ ਰਿਹਾ ਸਾਂ ਕਿ ਜੇ ਕਿਤੇ ਗੁਰਦਿਆਲ ਮਿਲ ਜਾਏ ਤਾਂ ਇਸ ਅਕੇਵੇਂ, ਇਸ ਬੋਰ-ਡਮ ਤੋਂ ਨਿਜਾਤ ਮਿਲੇ। ਗੁਰਦਿਆਲ ਨੇ ਤਾਂ ਭਾਰਤ ਵਿਚ ਵੀ ਕਦੇ ਆਪਣੇ ਇੰਨਸਪੈਕਟਰਾਂ ਦੀ ਪਰਵਾਹ ਨਹੀਂ ਸੀ ਕੀਤੀ। ਉਸਨੇ ਏਥੇ ਵੀ ਵਿਹਲੇ ਹੋਣ ਦਾ ਕੋਈ ਰਾਹ ਲਭ ਲਿਆ ਹੋਵੇਗਾ ਨਾ ਵੀ ਲਭਾ ਹੋਵੇ ਤਾਂ ਵੀ ਉਹ ਮੇਰੇ ਲਈ ਸਾਰੇ ਕੰਮ ਛਡ ਦੇਵੇਗਾ। ਉਸਨੂੰ ਪਤਾ ਤਾਂ ਲੱਗੇ ਕਿ ਮੈਂ ਏਥੇ ਹਾਂ ਫਿਰ ਤਾਂ ਉਹ ਸਿਰ ਦੇ ਭਾਰ ਭੱਜਾ ਆਵੇਗਾ ਪਰ ਉਸਦਾ ਪਤਾ ਕਿਵੇਂ ਲੱਗ ਉਹ ਕਿਥੇ ਹੈ?

ਆਖਿਰ ਮੇਰੀ ਯਾਤਰਾ ਦੇ ਤੀਜੇ ਹਫਤੇ ਵਿਚ ਉਸਦੇ ਪਿੰਡ ਦੇ ਇਕ ਮੁੰਡੇ ਤੋਂ ਉਸ ਦਾ ਟੈਲੀਫੂਨ ਨੰਬਰ ਮਿਲਿਆ। ਉਹ ਬਰਮਿੰਘਮ ਤੋਂ ਅੱਗੇ ਵਿਲਨਹਾਲ ਰਹਿੰਦਾ ਸੀ ਜੋ ਲੰਡਨ ਤੋਂ ਕਾਰ ਦੁਆਰਾ ਚਾਰ ਪੰਜ ਘੰਟੇ ਦਾ ਰਸਤਾ ਸੀ। ਦੋ ਤਿੰਨ ਵਾਰ ਯਤਨ ਕਰਨ ਉਪ੍ਰੰਤ ਆਖਰ ਉਹ ਫੋਨ ਤੇ ਮਿਲ ਹੀ ਗਿਆ। ਸੱਤ ਵਜੇ ਦੇ ਕਰੀਬ ਉਸ ਨਾਲ ਗੱਲ ਹੋਈ। ਉਹੀ ਉੱਚਾ ਬੇਬਾਕ ਹਾਸਾ, ਗੱਲਾਂ ਵਿਚ ਜਿਉਂਦੀ ਜਾਗਦੀ ਲਾਪਰਵਾਹੀ ਤੇ ਮੇਰੇ ਬਾਰੇ ਅਨੇਕਾਂ ਪ੍ਰਸ਼ਨਾਂ ਦੀ ਭਰਮਾਰ। ਉਸਦੇ ਸਭ ਪ੍ਰਸ਼ਨ ਮੈਂ ਇਹ ਕਹਿਕੇ ਠੱਪ ਦਿਤੇ ਕਿ ਸਭ ਗੱਲਾਂ ਇਕੱਠੇ ਬੈਠ ਕੇ ਕਰਾਂਗੇ। ਮੇਰੇ ਕੋਲ ਸਮਾਂ ਥੋੜ੍ਹਾ ਹੈ। ਇਕ ਦੋ ਹੋਰ ਮਿਤਰਾਂ ਨੂੰ ਮਿਲਣਾ ਹੈ, ਵਾਪਸੀ ਦੀ ਤਿਆਰੀ ਕਰਨੀ ਹੈ ਤੇ ਕੁਝ ਹੋਰ ਜ਼ਰੂਰੀ ਕੰਮ। ਅੱਜ ਦੀ ਰਾਤ ਵਿਹਲੀ ਹੈ। ਉਸਨੇ ਕਿਹਾ ਕਿ ਅੱਜ ਮੇਰੀ ਨਾਈਟ ਸ਼ਿਫਟ ਹੈ, ਪਰ ਤੂੰ ਚਾਲੇ ਪਾ ਦੇ, ਤੇਰੇ ਆਉਣ ਤਕ ਮੈਂ ਰੇਖ 'ਚ ਮੇਖ ਮਾਰਕੇ ਛੁੱਟੀ ਮਾਰਨ ਦਾ ਯਤਨ ਕਰਦਾ ਹਾਂ।

ਮੈਂ ਤੇ ਮੇਰੇ ਚਾਚੇ ਦਾ ਲੜਕਾ ਦੋਵੇਂ ਜਣੇ ਉਸਦੀ ਕਾਰ ਵਿਚ ਵਿਲਨਹਾਲ ਲਈ ਤੁਰ ਪਏ। ਮੇਰੇ ਚਾਚੇ ਦਾ ਲੜਕਾ ਵੀ ਕਿਸੇ ਕੈਮੀਕਲਜ਼ ਦੀ ਫੈਕਟਰੀ ਵਿਚ ਬਾਰਾਂ ਘੰਟੇ ਕੰਮ ਕਰਦਾ ਸੀ ਤੇ ਇਸ ਤੋਂ ਬਿਨਾ ਸਵੇਰੇ ਪੰਜ ਵਜੇ ਉੱਠਕੇ ਆਪਣੀ ਵਾਨ ਵਿਚ ਪਹਿਲਾਂ ਆਪਣੇ ਇਲਾਕੇ ਦੀਆਂ ਪੰਜਾਬੀ ਇਸਤਰੀਆਂ ਨੂੰ ਕਿਸੇ ਸੋਡਾ ਜੂਸ ਫੈਕਟਰੀ ਵਿਚ ਛੱਡਕੇ ਆਉਂਦਾ ਸੀ ਤੇ ਫਿਰ ਸ਼ਾਮ ਨੂੰ ਆਪਣਾ ਕੰਮ ਖਤਮ ਕਰਕੇ ਉਹਨਾਂ ਨੂੰ ਘਰੋ ਘਰੀ ਛੱਡਣ ਜਾਂਦਾ ਸੀ। ਇਹ ਉਸਦੀ ਆਮਦਨ ਦਾ ਉਪਰਲਾ ਸਾਧਨ ਸੀ। ਫੈਕਟਰੀ ਤੋਂ ਉਸਨੇ ਬੀਮਾਰੀ ਦੇ ਬਹਾਨੇ ਪਹਿਲਾਂ ਹੀ ਛੁੱਟੀ ਲੈ ਲਈ ਸੀ ਤੇ ਵਾਨ ਦੀ ਜ਼ਿੰਮੇਂਵਾਰੀ ਇਕ ਦਿਨ ਲਈ ਆਪਣੇ ਕਿਸੇ ਹੋਰ

ਮਿੱਤਰ ਦੇ ਸਿਰ ਪਾਕੇ ਉਹ ਮੇਰੇ ਲਈ ਮਸਾਂ ਇਕ ਦਿਨ ਵਿਹਲਾ ਕਰ ਸਕਿਆ ਸੀ। ਮੈਂ ਹੈਰਾਨ ਸਾਂ ਕਿ ਲੋਕ ਏਥੇ ਕਿਸ ਤਰ੍ਹਾਂ ਮਸ਼ੀਨ ਵਾਂਗ ਕੰਮ ਕਰਦੇ ਸਨ। ਭਾਰਤ ਬੈਠਿਆਂ ਇੰਗਲੈਂਡ ਸਵਰਗ ਜਾਪਦਾ ਸੀ। ਖ਼ਾਸ ਕਰ੍ਹ ਪਿਛਲੇ ਵਾਰਸਾਂ ਨੂੰ ਜਿਨ੍ਹਾਂ ਨੂੰ ਧੜਾ ਧੜ ਪੈਸੇ ਪਹੁੰਚ ਰਹੇ ਸਨ। ਭਾਰਤ ਦਾ ਅਨਪੜ੍ਹ ਜੱਟ ਵੀ ਆਪਣੇ ਪੁੱਤਰ ਦੀ ਕਮਾਈ ਦੇ ਸਿਰ ਤੇ ਲੱਠੇ ਦੇ ਖੜਕਵੇਂ ਚਾਦਰੇ ਉੱਪਰ ਟੈਰੀਲੀਨ ਦੀ ਵਲਾਇਤੀ ਕਮੀਜ਼ ਪਾਕੇ ਹਲ ਵਾਹੁੰਦਾ ਤੇ ਮੋਢੇ ਨਾਲ ਲਟਕਦੇ ਟ੍ਰਾਂਜ਼ਿਸਟਰ ਨੂੰ ਸੁਣਦਾ ਹੋਇਆ ਵਲਾਇਤ ਦੇ ਸਵਰਗੀ ਜੀਵਨ ਤੇ ਬਹਾਰਾਂ ਦੇ ਸੋਹਲੇ ਗਾਉਂਦਾ ਨਹੀਂ ਸੀ ਥਕਦਾ। ਉਸਨੂੰ ਇਹ ਕੀ ਪਤਾ ਸੀ ਕਿ ਉਧਰਲੀ ਜ਼ਿੰਦਗੀ ਕਿੰਨੀ ਔਖੀ ਤੇ ਕਿੰਨੀ ਓਪਰੀ ਹੈ। ਮਹੀਨਿਆਂ ਬੱਧੀ ਸੂਰਜ ਵੇਖਣਾ ਨਸੀਬ ਨਹੀਂ ਸੀ ਹੁੰਦਾ। ਘਰੋਂ ਫੈਕਟਰੀ, ਫੈਕਟਰੀ ਤੋਂ ਘਰ। ਉਹ ਹੀ ਨਿਰੰਤਰ ਚੱਕਰ ਚਾਹੇ ਅਚਾਹੇ ਬਾਰ ਬਾਰ। ਚਾਹੇ ਕੋਈ ਪੜ੍ਹਿਆ ਹੋਇਆ ਸੀ ਤੇ ਚਾਹੇ ਅਨਪੜ੍ਹ—ਜਿਸਦੇ ਹੱਡਾਂ ਵਿਚ ਜਾਨ ਸੀ ਓਵਰ ਟਾਈਮ ਲਾਕੇ ਭਾਰਾ ਕੰਮ ਕਰਕੇ ਜ਼ਿਆਦਾ ਕਮਾਈ ਕਰ ਲੈਂਦਾ ਸੀ। ਇੰਨ੍ਹਾਂ ਦੀ ਜ਼ਿੰਦਗੀ ਵਿਚ ਜੇ ਕੋਈ ਸਵਰਗੀ ਛਿਣ ਸੀ ਤਾਂ ਉਹ ਕੇਵਲ ਹਫਤੇ ਬਾਅਦ ਕਿਸੇ ਗੋਰੀ ਨਾਲ ਹਮਬਿਸਤਰੀ ਕਰਕੇ "ਵਲਾਇਤ ਦਾ ਨਜ਼ਾਰਾ ਵੇਖਣ" ਤਕ ਹੀ ਸੀਮਤ ਸੀ।

ਇਹਨਾਂ ਹੀ ਸੋਚਾਂ ਵਿਚ ਅਸੀਂ ਗਿਆਰਾਂ ਕੁ ਵਜੇ ਵਿਲਨਹਾਲ ਪਹੁੰਚ ਗਏ। ਅਸੀਂ ਦਰਵਾਜ਼ੇ ਦੀ ਘੰਟੀ ਵਜਾਈ ਤਾਂ ਅੰਦਰੋਂ ਗੁਰਦਿਆਲ ਟੈਲੀਫੋਨ ਤੇ ਗੱਲਾਂ ਕਰਦਾ ਸੁਣਾਈ ਦਿੱਤਾ।

"ਮੇਰੇ ਮਿਤਰ ਅਫਰੀਕਾ ਤੋਂ ਆਏ ਹਨ, ਉਹਨਾਂ ਕੋਲ ਮੇਰੇ ਵਾਸਤੇ ਕੇਵਲ ਅੱਜ ਦੀ ਰਾਤ ਹੈ—ਅੱਜ ਮੈਂ ਨਹੀਂ ਆ ਸਕਾਂਗਾ। ਖਿਮਾਂ ਕਰਨਾ, ਜੇ ਵਿਹਲ ਹੈ ਤਾਂ ਤੁਸੀਂ ਵੀ ਆ ਜਾਓ, ਵਿਸਕੀ ਤੇ ਮੁਰਗੇ ਦਾ ਜਸ਼ਨ ਸ਼ੁਰੂ ਕਰਨ ਲੱਗੇ ਹਾਂ, ਨਿਹਾਲ ਕਰ ਦਿਆਂਗੇ।"

ਫਿਰ ਉਹ ਕੁਝ ਉਸ ਪਾਸਿਓਂ ਸੁਣਦਾ ਰਿਹਾ ਤੇ ਮੈਂ ਸੋਚ ਰਿਹਾ ਸਾਂ ਕਿ ਬੰਦਾ ਉਵੇਂ ਦਾ ਉਵੇਂ ਕਾਇਮ ਹੈ ਤੇ ਇਸਨੂੰ ਚੋਗਾ ਪਾਉਣਾ ਆਉਂਦਾ ਹੈ। ਇਹ ਜਾਣਕੇ ਅਤਿਅੰਤ ਸੰਤੁਸ਼ਟੀ ਹੋਈ ਕਿ ਚਲੋ ਇੰਗਲੈਂਡ-ਵਾਸੀ ਮਿੱਤਰਾਂ ਵਿਚੋਂ ਇਕ ਤਾਂ ਐਸਾ ਮਿਲਿਆ, ਜਿਸ ਵਿਚ ਸਾਹ ਸਤ ਬਾਕੀ ਹੈ—ਜਿਸ ਵਿਚ ਜ਼ਿੰਦਗੀ ਅਜ ਧੜਕਦੀ ਹੈ। ਉਹ ਫੇਰ ਬੋਲਣ ਲੱਗਾ:

"ਨਹੀਂ ਨਹੀਂ, ਪਲੀਜ਼—ਮੈਂ ਮੰਨਦਾ ਹਾਂ ਕਿ ਇਸ ਮਸ਼ੀਨ ਤੇ ਹਰ ਇਕ ਬੰਦਾ ਕੰਮ ਨਹੀਂ ਕਰ ਸਕਦਾ। ਜੇਰੀ ਤੁਹਾਡੇ ਨਾਲ ਹੈ ਕੋਈ ਹੋਰ ਵੀ ਓਵਰ ਟਾਈਮ ਲਈ ਤਿਆਰ ਹੋ ਸਕਦਾ ਹੈ—ਕੋਈ ਪਰਬੰਧ ਕਰੋ ਮੈਂ ਕਲ੍ਹ ਦਿਨੇ ਉਸਦੀ ਸ਼ਿਫਟ ਲਾ ਦਿਆਂਗਾ। ਪੰਜਾਂ ਸਾਲਾਂ ਦੇ ਲੰਮੇਂ ਸਮੇਂ ਬਾਅਦ ਅੱਜ ਆਪਣੇ ਮਿੱਤਰ ਨੂੰ ਮਿਲਿਆ ਹਾਂ—ਫਿਰ ਪਤਾ ਨਹੀਂ ਇਹ ਮੌਕਾ ਕਦੋਂ ਨਸੀਬ ਹੋਣਾ ਹੈ।"

ਫਿਰ ਕੁਝ ਚਿਰ ਹੂੰ ਹਾਂ ਕਰਕੇ ਉਸਨੇ ਟੈਲੀਫੋਨ ਰਖ ਦਿਤਾ ਤੇ ਖਿੜੇ ਚਿਹਰੇ ਨਾਲ ਉੱਚੀ ਉੱਚੀ ਹੱਸਦਾ ਹੋਇਆ ਸਾਡੇ ਵਲਾਂ ਵਧਿਆ ਤੇ ਦੋਂਹਾਂ ਨੂੰ ਘੁਟ ਘੁਟ ਜੱਫੀ ਵਿਚ ਲੈਕੇ ਮਿਲਿਆ।

"ਜਰਨੈਲ ਏਥੇ ਭਾਰਤ ਵਾਲੀ ਖੁੱਲ ਖੇਡ ਨਹੀਂ। ਛੇ ਦਿਨ ਬਾਰਾਂ ਘੰਟੇ ਜਾਨਵਰਾਂ

ਵਾਂਗ ਜਾਨ ਤੋੜ ਕੇ ਕੰਮ ਕਰਦੇ ਹਾਂ ਤਾਂ ਜਾ ਕੇ ਹਫਤੇ ਦੇ ਤੀਹ ਪੈਂਤੀ ਪੌਂਡ ਬਣਦੇ ਹਨ—ਪਰ ਦਿਲ ਦੀ ਆਤਮਾ ਦੀ ਖੁਸ਼ੀ ਨਹੀਂ ਮਿਲਦੀ। ਭਾਰਤ ਵਿਚ ਚੋਖੀ ਜਾਇਦਾਦ ਬਣਾ ਲਈ ਹੈ, ਹੁਣ 2000 ਪੌਂਡ ਦਾ ਇਹ ਘਰ ਖਰੀਦਿਆ ਹੈ—ਕਾਰ ਹੈ—ਘਰ ਵਿਚ ਐਸ਼ ਆਰਾਮ ਤੇ ਡੈਕੋਰੇਸ਼ਨ ਦਾ ਹਰ ਆਧੁਨਿਕ ਸਾਮਾਨ ਹੈ—ਸਭ ਵਿਖਾਵਾ ਹੈ ਆਉਣ ਵਾਲਿਆਂ ਲਈ—ਇਥੇ ਕਿਸ ਨੂੰ ਵਿਹਲ ਹੈ ਵਾਲ ਪੇਪਰ ਦੇ ਆਰਟਿਸਟਿਕ ਡੀਜ਼ਾਈਨ ਦੀ ਸਲਾਹੁਤਾ ਕਰਨ ਜਾਂ ਉਸਦੀ ਸੁੰਦਰਤਾ ਨੂੰ ਮਾਣਨ ਦੀ। ਮੈਟਿੰਗ ਦੀ ਕਲਰ ਸਕੀਮ ਤੇ ਫਰਨੀਚਰ ਦੀਆਂ ਗੋਲਾਈਆਂ ਦੇ ਹੁਨਰ-ਸੌਹੇਂ ਆਪਣੀ ਜ਼ਿੰਦਗੀ ਕਲਾਹੀਣ, ਨੀਰਸ, ਫਿੱਕੀ ਤੇ ਓਪਰੀ ਤੇ ਖੋਖਲੀ ਜਾਪਦੀ ਹੈ। ਜਦੋਂ ਘਰ ਕੋਈ ਆਉਂਦਾ ਹੈ ਤਾਂ ਟੈਲੀਵੀਜ਼ਨ ਦੀ ਸਕਰੀਨ ਉਤੇ ਪਰਛਾਵੇਂ ਰੀਂਗਦੇ ਹਨ, ਕੁਝ ਹਰਕਤ ਹੁੰਦੀ ਹੈ—ਨਹੀਂ ਤਾਂ ਇਹ ਉਂਝ ਦਾ ਉਂਝ ਹੀ ਪਿਆ ਰਹਿੰਦਾ ਹੈ। ਐਤਵਾਰ ਘਰ ਦੇ ਨਿੱਕੇ ਮੋਟੇ ਕੰਮਾਂ, ਟੁੱਟੀਆਂ ਭੱਜੀਆਂ ਚੀਜ਼ਾਂ ਦੀ ਮੁਰੰਮਤ, ਕੰਧਾਂ ਦੀ ਟੀਪ ਆਦਿ ਕੰਮਾਂ ਵਿਚ ਨਿਕਲ ਜਾਂਦਾ ਹੈ। ਏਥੇ ਭਾਰਤ ਵਾਂਗ ਨਹੀਂ ਕਿ ਝਬ ਦੇ ਕੇ ਮਿਸਤਰੀ ਬੁਲਾ ਲਓ—ਹਰ ਕੰਮ ਆਪਣੇ ਹੱਥੀਂ ਕਰਨਾ ਪੈਂਦਾ ਹੈ। ਲੇਬਰ ਬਹੁਤ ਮਹਿੰਗੀ ਹੈ। ਏਥੇ ਵੀ ਮੈਂ ਘੜੀ ਵੇਖਦਾ ਹੋਇਆ ਰਸੋਈ ਵਿਚ ਖੜਕੇ ਭਾਰਤ ਵਾਂਗ ਹੀ ਕਾਹਲੀ ਕਾਹਲੀ ਹੱਥ ਉਤੇ ਰੋਟੀ ਰੱਖ ਕੇ ਹੀ ਖਾਂਦਾ ਹਾਂ—ਬਾਰਾਂ ਘੰਟੇ ਦੀ ਕਰੜੀ ਮਜ਼ਦੂਰੀ ਨਾਲ ਭੱਜਕੇ, ਸ਼ਰਾਬ ਵਿਚ ਧੁਤ ਹੋ ਕੇ, ਤੇ ਜੋ ਮਿਲੇ, ਖਾ ਕੇ ਘੂਕ ਸੌਂ ਜਾਈਦਾ ਹੈ। ਅਗਲੇ ਦਿਨ ਦੀ ਤਿਆਰੀ ਲਈ।

'ਫਿਰ ਛੱਡ ਕਿਉਂ ਨਹੀਂ ਦਿੰਦਾ ਇਹ ਮੁਲਕ? ਚਲ ਵਾਪਸ ਹਿੰਦੁਸਤਾਨ।''

''ਨਹੀਂ ਪਿਆਰੇ ਹੁਣ ਮੈਥੋਂ ਆਪਣੇ ਦੇਸ਼ ਜਾ ਕੇ ਸਵਾ ਸੌ ਰੁਪਏ ਦੀ ਮਾਸਟਰੀ ਨਹੀਂ ਹੋਣੀ। ਤੇ ਨਾ ਹੀ ਢੇਰ ਮਾਰਕਾ ਸ਼ਰਾਬ ਪੀ ਹੋਣੀ ਹੈ। ਏਥੋਂ ਦੀ ਸਖਤ ਜ਼ਿੰਦਗੀ ਦੀ ਮਿੱਠੀ ਕੈਦ ਹੱਡਾਂ ਵਿਚ ਰਚ ਗਈ ਹੈ। ਕਦੇ ਕਦੇ ਮਨ ਕਾਹਲਾ ਪੈ ਜਾਂਦਾ ਹੈ ਪਰ ਇਸ ਚੱਕਰ ਵਜੂਹ ਵਿਚੋਂ ਨਿਕਲਣ ਦਾ ਕੋਈ ਰਸਤਾ ਨਜ਼ਰ ਨਹੀਂ ਆਉਂਦਾ।''

''ਕਿਸੇ ਸਕੂਲ ਜਾਂ ਕਿਸੇ ਦਫਤਰ ਵਿਚ ਨੌਕਰੀ ਕਿਉਂ ਨਹੀਂ ਲੱਭਦਾ? ਆਖਰ ਤੂੰ ਗਰੈਜੂਏਟ ਹੈਂ।''

''ਏਥੇ ਗਊ ਗਧੇ ਵਿਚ ਕੋਈ ਤਮੀਜ਼ ਨਹੀਂ ਪਿਆਰੇ। ਵ੍ਹਾਈਟ ਕਲਰ ਜਾਬਜ਼ 'ਤੇ ਪੈਸੇ ਨਹੀਂ ਬਣਦੇ ਤੇ ਫ਼ੈਕਟਰੀ ਵਿਚ ਗਊ ਗਧਾ ਸਭ ਇਕੋ ਰੱਸੇ ਨੂੜੇ ਜਾਂਦੇ ਹਨ।''

ਪੰਦਰਾਂ ਵੀਹਾਂ ਮਿੰਟਾਂ ਵਿਚ ਹੀ ਅਸੀਂ ਹੇਗ ਦੀ ਪੂਰੀ ਬੋਤਲ ਪੀ ਚੁਕੇ ਸਾਂ। ਏਨੇ ਨੂੰ ਉਸ ਦਾ ਫੋਰਮੈਨ ਤੇ ਜੈਰੀ ਵੀ ਆ ਗਏ। ਗੁਰਦਿਆਲ ਨੇ ਇਕ ਬੋਤਲ ਹੋਰ ਕੱਢ ਲਿਆਂਦੀ। ਜੈਰੀ ਤੇ ਫੋਰਮੈਨ ਉਸ ਬੋਤਲ ਉਤੇ ਇੱਲਾਂ ਵਾਂਗ ਝਪਟ ਪਏ ਜਿਵੇਂ ਉਨ੍ਹਾਂ ਦਾ ਨਿੱਤ ਦਾ ਕਸਬ ਹੋਵੇ। ਸਾਡੇ ਵੇਖਦਿਆਂ ਵੇਖਦਿਆਂ ਹੀ ਉਨ੍ਹਾਂ ਦੋਹਾਂ ਨੇ ਪੌਣੀ ਬੋਤਲ ਹਲਕ ਹੇਠਾਂ ਉਤਾਰ ਲਈ। ਫੋਰਮੈਨ ਮੈਨੂੰ ਸੰਬੋਧਨ ਕਰਕੇ ਬੋਲਿਆ:

''ਤੁਸੀਂ ਇੰਗਲੈਂਡ ਨੂੰ ਪਸੰਦ ਕਰਦੇ ਹੋ?''

ਮੈਂ ਉਸ ਦੇ ਇਸ ਸਵਾਲ ਹੇਠ ਲੁਕੇ ਗੁੱਝੇ ਤਨਜ਼ ਨੂੰ ਮਹਿਸੂਸ ਕੀਤੇ ਬਿਨਾਂ ਨਾ ਰਹਿ ਸਕਿਆ। ਤਨਜ਼ ਜੋ ਹਰ ਸਰਮਾਏਦਾਰ ਮੁਲਕ ਆਪਣੇ ਤੇ ਆਧਾਰਤ ਹਰ ਦੂਜੇ ਮੁਲਕ ਦੇ

ਵਾਸੀ ਉਤੇ ਕਰਦਾ ਹੈ।

''ਇਥੇ ਹੀ ਰਹਿ ਜਾਣ ਦਾ ਇਰਾਦਾ ਤਾਂ ਨਹੀਂ।''

ਉਸ ਨੇ ਮੈਨੂੰ ਚੁੱਪ ਵੇਖਕੇ ਸੰਦੇਹ ਪੂਰਨ ਢੰਗ ਨਾਲ ਫੇਰ ਪੁਛਿਆ। ਮੈਂ ਸੋਚ ਰਿਹਾ ਸਾਂ ਕਿ ਸ਼ਾਇਦ ਉਹ ਵੀ ਮੈਨੂੰ ਉਨ੍ਹਾਂ ਅਨੇਕਾਂ ਭਾਰਤੀਆਂ ਵਿਚੋਂ ਇਕ ਸਮਝਦਾ ਹੈ ਜਿਹੜੇ ਏਥੇ ਸੈਰ ਕਰਨ ਦੇ ਬਹਾਨੇ ਜਾਂ ਕਿਸੇ ਹੋਰ ਨਾਜਾਇਜ਼ ਤਰੀਕੇ ਨਾਲ ਆਏ ਤੇ ਮੁੜਕੇ ਕਦੇ ਨਾ ਗਏ। ਮੈਂ ਕਿਹਾ।

''ਨਾ ਤਾਂ ਮੇਰਾ ਏਥੇ ਰਹਿਣ ਦਾ ਇਰਾਦਾ ਹੈ ਤੇ ਨਾ ਹੀ ਮੈਨੂੰ ਇੰਗਲੈਂਡ ਦਾ ਮਸ਼ੀਨੀ ਜੀਵਨ ਪਸੰਦ ਹੈ।''

''ਪਰ ਤੇਰਾ ਮਿੱਤਰ ਤੇ ਇਸ ਵਰਗੇ ਕਈ ਹੋਰ ਤਾਂ ਹਜ਼ਾਰਾਂ ਦੀ ਗਿਣਤੀ ਵਿਚ ਏਥੇ ਜਾਇਜ਼ ਨਾਜਾਇਜ਼ ਤਰੀਕੇ ਨਾਲ ਦਾਖਲ ਹੋਣ ਲਈ ਉਤਾਵਲੇ ਹਨ। ਸਾਡਾ ਮੁਲਕ ਵੀ ਹੁਣ ਰੰਗਦਾਰ ਹੁੰਦਾ ਜਾ ਰਿਹਾ ਹੈ।''

ਉਸ ਨੇ ਵਿਸਕੀ ਦੀ ਤਲਖੀ ਨੂੰ ਦੰਦਾਂ ਵਿਚ ਕਰੀਚਕੇ ਆਪਣੇ ਅੰਦਰਲੇ ਨਸਲ ਤੇ ਰੰਗ ਦੇ ਵਿਤਕਰੇ ਉੱਤੇ ਜ਼ੋਰ ਦਿੰਦੇ ਹੋਏ ਆਖਿਆ।

''ਮੈਂ ਅਫਰੀਕਾ ਵਿਚ ਬੜੀ ਖੁਲ੍ਹ ਮਾਣ ਰਿਹਾ ਹਾਂ, ਹੋਰ ਅਨੇਕਾਂ ਅੰਗਰੇਜ਼ਾਂ ਵਾਂਗ ਜੋ ਇੰਗਲੈਂਡ ਦੀ ਘੁਟਨ ਨੂੰ ਪਸੰਦ ਨਹੀਂ ਕਰਦੇ ਤੇ ਅਫਰੀਕਾ ਵਿਚ ਜਾ ਵਸੇ ਹਨ। ਪੈਸੇ ਏਥੇ ਨਾਲੋਂ ਜ਼ਿਆਦਾ ਹਨ, ਚੀਜ਼ਾਂ ਸਸਤੀਆਂ ਤੇ ਸਹੂਲਤਾਂ ਵਧੇਰੇ ਹਨ। ਕੰਮ ਵੀ ਮੇਰੇ ਕੋਲ ਪੜ੍ਹੇ ਲਿਖੇ ਬੰਦਿਆਂ ਵਾਲਾ ਹੈ। ਮੈਂ ਏਥੇ ਆ ਕੇ ਫੈਕਟਰੀ ਦੀ ਭੇਡ ਚਾਲ ਵਿਚ ਕਿਉਂ ਪਵਾਂ?''

ਗੁਰਦਿਆਲ ਕਹਿਣ ਲੱਗਾ:

''ਜਰਨੈਲ ਛੱਡ ਪਰੇ—ਇਸ ਨਾਲ ਬਹਿਸ ਵਿਚ ਨਾ ਪੈ। ਇਹ ਸਾਲੀ ਦੁਧ ਵਿਚ ਮੱਖੀ ਹੈ। ਉਂਝ ਵੀ ਬਰਮਿੰਘਮ ਤੇ ਵੂਲਵਰਹੈਂਪਟਨ ਦੇ ਸਭ ਲੋਕ ਐਨੋਕ ਪਾਵਲ ਦੀਆਂ ਨਸਲੀ ਵਿਤਕਰੇ ਵਿਚ ਸੜਦੀਆਂ ਧੂੰਆਂਧਾਰ ਤਕਰੀਰਾਂ ਸੁਣਕੇ ਇਸ ਵਾਂਗ ਹੀ ਕੁਝ ਵਧੇਰੇ ਕਲਰ ਕਾਨਸ਼ਿਅਸ (Colour Conscious) ਹਨ। ਏਥੇ ਭਾਰਤੀਆਂ ਲਈ ਵਾਤਾਵਰਨ ਸੁਖਾਵਾਂ ਨਹੀਂ, ਸਖਤੀ ਕਰਦੇ ਹਨ। ਇਕ ਦਿਨ ਕੰਮ ਤੇ ਨਾ ਜਾਉ-ਛੁੱਟੀ-ਪਰ ਕੀ ਕਰੀਏ ਹੋਰ ਕਿਤੇ ਏਨੀ ਕਮਾਈ ਵਾਲਾ ਕੰਮ ਨਹੀਂ ਲੱਭਦਾ।''

''ਮਿਸਟਰ ਗੁਰਦਿਆਲ, ਤੈਨੂੰ ਕੰਮ ਤੇ ਜਾਣਾ ਹੀ ਪਵੇਗਾ। ਜੈਰੀ ਦੀ ਤਬੀਅਤ ਨਹੀਂ ਠੀਕ। ਤੂੰ ਛੇਤੀ ਛੇਤੀ ਤਿਆਰ ਹੋ।''

ਗੁਰਦਿਆਲ ਦੇ ਮਿੰਨਤ ਸਮਾਜਤ ਕਰਦਿਆਂ ਉਹ ਉਠਕੇ ਟਾਇਲੈਟ ਵਲੇ ਚਲਾ ਗਿਆ ਤੇ ਫਿਰ ਵਾਪਸੀ ਤੇ ਉਸ ਦੀ ਪਤਨੀ ਨਾਲ, ਜੋ ਅੰਗਰੇਜ਼ੀ ਨਹੀਂ ਸੀ ਜਾਣਦੀ, ਰਸੋਈ ਵਿਚ ਜਾ ਕੇ ਫ਼ਹਸ਼ ਮਖੌਲ ਕਰਨ ਲੱਗ ਪਿਆ ਸੀ। ਉਹ ਵਿਚਾਰੀ ਡੌਰ ਭੌਰ ਜਿਹੀ, ਸੁੰਗੜੀ ਹੋਈ ਉਸ ਵਲਾਂ ਵੇਖਦੀ ਹੋਈ ਰੋਣਹਾਕੀ ਹੋ ਕੇ ਕਹਿ ਰਹੀ ਸੀ;

''ਪਤਾ ਨਹੀਂ ਭਰਾ ਜੀ ਇਹ ਕਿਹੋ ਜਿਹਾ ਮੁਲਕ ਹੈ। ਮੈਂ ਤਾਂ ਸ਼ਰਮ ਨਾਲ ਪਾਣੀ

ਪਾਣੀ ਹੁੰਦੀ ਜਾਂਦੀ ਹਾਂ ਤੇ ਇਹ ਹਰ ਦੂਜੇ ਤੀਜੇ ਇਸ ਕੰਜਰ ਨੂੰ ਏਥੇ ਲੈ ਆਉਂਦੇ ਹਨ—ਬੇਸ਼ਰਮ-ਇਹੋ ਜਿਹੇ ਓਵਰ ਟਾਈਮ ਤੋਂ ਕੀ ਲੈਣਾ ਹੈ ? ਇਹੋ ਜਿਹੀ ਕਮਾਈ ਦੇ ਸਿਰ ਸਵਾਹ—ਜਦੋਂ ਧੀਆਂ ਭੈਣਾਂ ਦੀ ਇੱਜ਼ਤ ਹੀ ਨਹੀਂ ਰਹੀ ਤਾਂ ਇਹ ਪੌਂਡ ਫੂਕਣੇ ਹਨ । ਇੰਡੀਆ ਆਪਣੇ ਘਰੋਂ ਕਦੇ ਪਰਦਾ ਕੀਤੇ ਬਿਨਾਂ ਬਾਹਰ ਨਹੀਂ ਸਾਂ ਨਿਕਲੇ—ਪਰ ਏਥੇ.........।''

''ਏਥੋਂ ਦਾ ਰਿਵਾਜ ਹੋਰ ਹੈ, ਸਮਝੀ—ਹੁਣ ਸਾਨੂੰ ਭਾਰਤ ਵਾਲੀ ਜਹਾਲਤ ਛੱਡ ਦੇਣੀ ਚਾਹੀਦੀ ਹੈ ਤੇ ਸੋਸਾਇਟੀ ਵਿਚ ਮੂਵ ਕਰਨਾ ਸਿੱਖਣਾ ਚਾਹੀਦਾ ਹੈ । ਅਜੇ ਨਵੀਂ ਨਵੀਂ ਆਈ ਹੈਂ—ਗਮ ਨਾ ਕਰ—ਹੌਲੀ ਹੌਲੀ ਘਾਸੇ ਪੈ ਜਾਵੇਂਗੀ । ਇੰਗਲੈਂਡ ਨੇ ਤਾਂ ਵੱਡੇ ਵੱਡੇ ਘਸਾ ਦਿਤੇ ।''

ਕਾਹਲੀ ਕਾਹਲੀ ਰੋਟੀ ਨਿਗਲਦਾ ਹੋਇਆ ਗੁਰਦਿਆਲ ਖਸਿਆਨੀ ਹਾਸੀ ਹੱਸਦਾ ਹੋਇਆ ਕਹਿ ਰਿਹਾ ਸੀ :

''ਜਰਨੈਲ ਜੇ ਤੂੰ ਆਖੇਂ ਤਾਂ ਮੈਂ ਕੰਮ ਤੇ ਨਹੀਂ ਜਾਂਦਾ । ਪਰ ਇਹ ਬੜਾ ਭੈੜਾ ਬੰਦਾ ਹੈ । ਨੌਕਰੀਓਂ ਵੀ ਜਵਾਬ ਮਿਲ ਸਕਦਾ ਹੈ ਤੇ ਇਹੋ ਜਿਹੀ ਵਧੇਰੇ ਓਵਰ ਟਾਈਮ ਤੇ ਚੰਗੀ ਕਮਾਈ ਵਾਲੀ ਨੌਕਰੀ ਮੁੜਕੇ ਕਿਥੋਂ ਲੱਭਣੀ ਹੈ । ਮੈ ਕੋਸ਼ਿਸ਼ ਕਰਾਂਗਾ ਕਿ ਆਪਣਾ ਅੱਜ ਦਾ ਓਵਰ ਟਾਈਮ ਕਿਸੇ ਹੋਰ ਨੂੰ ਦੇ ਕੇ ਸਵੇਰੇ ਸਤ ਅੱਠ ਵਜੇ ਵਾਪਸ ਆ ਸਕਾਂ—ਫਿਰ ਆਪਾਂ ਰੱਜਕੇ ਆਪਣੀਆਂ ਗੱਲਾਂ ਕਰਾਂਗੇ । ਮੁਆਫ ਕਰੀਂ ਯਾਰ ਬੇਬਸੀ ਹੈ । ਉਂਝ ਤੇਰੇ ਨਾਲੋਂ ਮੈਨੂੰ ਹੋਰ ਕੌਣ ਚੰਗਾ ਹੈ ?

''ਦੱਸ ਫਿਰ ਕਿਵੇਂ ਕਰੀਏ ?''

ਸਵੇਰੇ ਅਸੀਂ ਹਰ ਹਾਲਤ ਵਿਚ ਵਾਪਸ ਜਾਣਾ ਸੀ ਕਿਉਂਕਿ ਫਰਾਂਸ ਜਾਣ ਲਈ ਡੋਵਰ ਤੋਂ ਬੁਲਾਇਨ ਤਕ ਦੀਆਂ ਫੈਰੀ ਦੀਆਂ ਸੀਟਾਂ ਬੁੱਕ ਕਰਵਾਈਆਂ ਹੋਈਆਂ ਸਨ । ਮੈਂ ਉਸ ਦਾ ਦਿਲ ਰੱਖਣ ਲਈ ਇਸ ਗੱਲ ਨੂੰ ਤੇ ਪੰਜ ਸਾਲ ਬਾਅਦ ਦੀ ਇਸ ਮਿਲਣੀ ਦੇ ਦਰਦ ਭਰੇ ਦੁਖਾਂਤ ਨੂੰ ਲਕਾਉਂਦੇ ਹੋਏ ਤੇ ਅੱਖਾਂ 'ਚ ਭਰ ਆਏ ਅੱਥਰੂਆਂ ਨੂੰ ਅੰਦਰੋ ਅੰਦਰ ਪੀਂਦੇ ਹੋਏ ਕਿਹਾ :

''ਕੋਈ ਨਹੀਂ, ਤੂੰ ਕੰਮ ਤੇ ਜਾਹ । ਸਵੇਰੇ ਆਪਾਂ ਰੱਜਕੇ ਗੱਲਾਂ ਬਾਤਾਂ ਕਰਾਂਗੇ । ਰੋਜ਼ੀ ਨੂੰ ਕਦੇ ਲੱਤ ਨਹੀਂ ਮਾਰਨੀ ਚਾਹੀਦੀ ।''

... ... ... ...

ਰਾਤ ਭਰ ਉਹ ਸੁੱਤਾ ਨਹੀਂ ਸੀ । ਸਵੇਰੇ ਉਹ ਅੱਠ ਕੁ ਵਜੇ ਆਇਆ ਤਾਂ ਅਸੀਂ ਘੂਕ ਸੁੱਤੇ ਪਏ ਸਾਂ । ਜਦੋਂ ਨੌ ਕੁ ਵਜੇ ਮੇਰੀ ਅੱਖ ਖੁਲ੍ਹੀ ਤਾਂ ਮੈਂ ਵੇਖਿਆ ਉਹ ਮੇਰੇ ਨਾਲ ਹੀ ਮੰਜੇ ਉਤੇ ਭੱਜਾ ਟੁੱਟਾ ਗੂੜ੍ਹੀ ਨੀਂਦ ਸੁੱਤਾ ਹੋਇਆ ਸੀ ।

ਉਸ ਦੀ ਪਤਨੀ ਨੇ ਬਥੇਰਾ ਕਿਹਾ ਕਿ ''ਮੈਂ ਉਨ੍ਹਾਂ ਨੂੰ ਜਗਾਉਂਦੀ ਹਾਂ, ਤੁਸੀਂ ਤਾਂ ਆਪਣੇ ਦੁੱਖ ਸੁੱਖ ਦੀ ਕੋਈ ਗੱਲ ਵੀ ਨਹੀਂ ਕੀਤੀ ਤੇ ਹੁਣ ਤੁਰ ਚਲੇ ਹੋ । ਇਹ ਠੀਕ ਨਹੀਂ ਫਿਰ ਪਤਾ ਨਹੀਂ ਕਦੋਂ ਮੇਲੇ ਹੋਣ ।''

ਪਰ ਮੈਂ ਕਿਹਾ "ਨਹੀਂ, ਉਸ ਨੂੰ ਸੁੱਤਾ ਰਹਿਣ ਦਿਓ। ਫਰਾਂਸ ਤੋਂ ਪਰਤ ਕੇ ਮੈਂ ਫਿਰ ਇਕ ਅੱਧ ਦਿਨ ਲਈ ਆਉਣ ਦੀ ਕੋਸ਼ਿਸ਼ ਕਰਾਂਗਾ।"

ਪਰ ਜਦੋਂ ਉਸ ਦੀ ਪਤਨੀ ਉਸ ਨੂੰ ਜਗਾਉਣ ਤੇ ਤੁਲ ਹੀ ਗਈ ਤਾਂ ਮੈਨੂੰ ਕਹਿਣਾ ਹੀ ਪਿਆ :

"ਨਹੀਂ, ਨਹੀਂ ਭਰਜਾਈ ਜੀ ਇੰਜ ਨਾ ਕਰੋ। ਆਪਣਾ ਟਾਈਮ ਪੂਰਾ ਕਰਕੇ ਤਾਂ ਮਸ਼ੀਨ ਵੀ ਆਰਾਮ ਮੰਗਦੀ ਹੈ। ਇਹ ਤਾਂ ਜਿਉਂਦਾ ਜਾਗਦਾ ਮਨੁੱਖ ਹੈ—ਇਸ ਵੇਲੇ ਇਸ ਨੂੰ ਆਰਾਮ ਦੀ ਸਖਤ ਜ਼ਰੂਰਤ ਹੈ। ਵੇਖੋ ਕਿਵੇਂ ਘੂਕ ਤੇ ਅਡੋਲ ਸੁੱਤਾ ਪਿਆ ਹੈ—ਖੜੋਤੀ ਹੋਈ ਮਸ਼ੀਨ ਵਾਂਗ।"

ਇਹ ਆਖਕੇ ਅਸੀਂ ਭਾਰੇ ਦਿਲ ਨਾਲ ਉਥੋਂ ਲੰਡਨ ਲਈ ਤੁਰ ਪਏ।

———

## ਕੁਲਵੰਤ ਸਿੰਘ ਵਿਰਕ



ਪੰਜਾਬੀ ਵਿਚ ਉਤਮ ਕ੍ਰਿਤ ਦੀ ਰਚਨਾ ਲਈ ਇਸ ਵਰ੍ਹੇ ਸਾਹਿਤ ਅਕਾਦਮੀ ਨੇ ਪ੍ਰਸਿੱਧ ਕਹਾਣੀ ਲੇਖਕ ਸ੍ਰੀ ਕੁਲਵੰਤ ਸਿੰਘ ਵਿਰਕ ਨੂੰ ਉਸਦੀ ਪੁਸਤਕ "ਨਵੇਂ ਲੋਕ" ਉਪਰ ਪੁਰਸਕਾਰ ਦਿੱਤਾ ਹੈ।

ਕੁਲਵੰਤ ਸਿੰਘ ਵਿਰਕ ਪੰਜਾਬੀ ਦਾ ਸ਼ਿਰੋਮਣੀ ਕਹਾਣੀ ਲੇਖਕ ਹੈ। ਉਹ ਸ਼ਾਇਦ ਪੰਜਾਬੀ ਦਾ ਇਕੋ ਇਕ ਸਾਹਿੱਤਕਾਰ ਹੈ ਜਿਸਨੇ ਨਿਰੋਲ ਕਹਾਣੀਆਂ ਲਿਖਣ ਦੁਆਰਾ ਸਾਹਿਤ ਸੰਸਾਰ ਤੋਂ ਸਵੀਕ੍ਰਿਤੀ ਪ੍ਰਾਪਤ ਕੀਤੀ ਹੈ। "ਛਾਹ ਵੇਲਾ", "ਤੂੜੀ ਦੀ ਪੰਡ", ਏਕਸ ਕੇ ਹਮ ਬਾਰਿਕ", "ਗੋਲ੍ਹਾਂ" ਅਤੇ "ਨਵੇਂ ਲੋਕ" ਕੋਈ ਅੱਧੀ ਕੁ ਦਰਜਣ ਕਹਾਣੀ ਸੰਗ੍ਰਹਿ ਉਸਨੇ ਪੰਜਾਬੀ ਸਾਹਿਤ ਦੀ ਭੇਟ ਕੀਤੇ ਹਨ। ਅਪਣੇ ਹਰ ਨਵੇਂ ਕਹਾਣੀ ਸੰਗ੍ਰਹਿ ਵਿਚ ਉਹ ਬਿਲਕੁਲ ਸਜਰੇ ਰੂਪ ਵਿਚ ਪੇਸ਼ ਹੋਇਆ ਹੈ। ਪੰਜਾਬੀ ਪੇਂਡੂ ਜੀਵਨ ਅਤੇ ਵਿਸ਼ੇਸ਼ ਕਰਕੇ ਕਿਰਸਾਣੀ ਜੀਵਨ ਨੂੰ ਜਿਸ ਬਰੀਕ ਸੂਝ ਨਾਲ ਉਸਨੇ ਵੇਖਿਆ ਅਤੇ ਕਲਾਮਈ ਰੂਪ ਵਿਚ ਪ੍ਰਸਤੁਤ ਕੀਤਾ ਹੈ, ਬਹੁਤ ਘੱਟ ਪੰਜਾਬੀ ਕਹਾਣੀ ਲੇਖਕ ਉਸਦੇ ਟਾਕਰੇ ਵਿਚ ਆਉਂਦੇ ਹਨ। ਉਹ ਭਾਵੇਂ ਆਧੁਨਿਕ ਕਹਾਣੀ ਲੇਖਕਾਂ ਦੀ ਦੂਸਰੀ ਪੀੜ੍ਹੀ ਵਿਚ ਆਉਂਦਾ ਹੈ ਪਰ, ਕੀ ਸਟਾਈਲ ਤੇ ਕੀ ਵਸਤ ਦੀ ਚੋਣ ਵਿਚ, ਨਵੇਂ ਕਹਾਣੀਕਾਰਾਂ ਨੂੰ ਉਸਨੇ ਸਭ ਤੋਂ ਵਧ ਪ੍ਰਭਾਵਤ ਕੀਤਾ ਹੈ ਜੋ ਉਸਦੀ ਪ੍ਰਤਿਭਾ ਦੀ ਸਭ ਤੋਂ ਵੱਡੀ ਉਗਾਹੀ ਹੈ। ਆਪਣੀ ਕਹਾਣੀ ਨੂੰ ਉਸਨੇ ਕਿਸੇ ਨਿਸਚਤ ਵਿਚਾਰ ਪ੍ਰਬੰਧ ਅਧੀਨ ਲਿਆਉਣ ਦਾ ਯਤਨ ਤਾਂ ਨਹੀਂ ਕੀਤਾ ਪਰ ਉਸਦੀ ਦ੍ਰਿਸ਼ਟੀ ਸਦਾ ਉਸਾਰੂ ਅਥਵਾ ਮਾਨਵ-ਵਾਦੀ ਰਹੀ ਹੈ।

ਅਸੀਂ ਸਾਹਿਤ ਅਕਾਦਮੀ ਨੂੰ ਇਸ ਸੁਚੱਜੀ ਚੋਣ ਅਤੇ ਕੁਲਵੰਤ ਸਿੰਘ ਵਿਰਕ ਨੂੰ ਉਸਦੀ ਇਸ ਪ੍ਰਾਪਤੀ ਉਪਰ ਵਧਾਈ ਦਿੰਦੇ ਹਾਂ।

---

# ਲਿਖਤੁਮ ਕੁਲਵੰਤ ਸਿੰਘ ਵਿਰਕ / ਪ੍ਰੇਮ ਪ੍ਰਕਾਸ਼

ਕੁਲਵੰਤ ਸਿੰਘ ਵਿਰਕ ਨੇ ਸਾਹਿਤ ਬਾਰੇ ਆਪਣੇ ਵਿਚਾਰ ਦੱਸਣ ਲਈ ਕਦੇ ਲੇਖ ਨਹੀਂ ਲਿਖੇ, ਕੇਵਲ ਆਪਣੀ ਕਿਸੇ ਕਿਤਾਬ ਦਾ ਮੁਖਬੰਦ ਲਿਖਿਆ ਹੈ ਜਾਂ ਕਿਸੇ ਦੂਜੇ ਲੇਖਕ ਦੀ ਕਿਤਾਬ ਦਾ। ਦੂਜੀ ਗੱਲ ਸ਼ਾਇਦ ਝੂਠੀ ਹੈ। ਮੇਰਾ ਖਿਆਲ ਹੈ, ਉਹ ਕਿਸੇ ਦੀ ਕਿਤਾਬ ਦਾ ਮੁਖ-ਬੰਦ ਨਹੀਂ ਲਿਖਦਾ, ਕਿਸੇ ਦੇ ਖਹਿੜੇ ਪੈਣ 'ਤੇ ਕਿਸੇ ਹੋਰ ਤੋਂ ਲਿਖਵਾ ਜ਼ਰੂਰ ਦੇਂਦਾ ਹੈ। ਜਿਵੇਂ ਕੋਈ ਚੱਲੀ ਦੁਕਾਨ ਵਾਲਾ ਦਰਜ਼ੀ ਕਿਸੇ ਮਾੜੇ ਗਾਹਕ ਦੀ ਸਿਲਾਈ, ਉਸ ਗਾਹਕ ਵਰਗੇ ਹੀ ਕਿਸੇ ਫੱਟਾ-ਦਰਜ਼ੀ ਤੋਂ ਕਰਵਾ ਦੇਂਦਾ ਹੈ। ਇਹ ਗੱਲ ਮੇਰੀ ਕਿਤਾਬ "ਕੁੱਕੜੇ" ਦੇ ਬਾਹਰਲੇ ਪਾਸੇ ਲਿਖੀ ਉਹਦੀ ਰਾਏ ਬਾਰੇ ਵੀ ਸ਼ਾਇਦ ਸੱਚ ਹੈ।

ਵਿਰਕ ਨੇ ਜਿਹੜੇ ਇਕ ਦੋ ਲੇਖ ਲਿਖੇ ਨੇ, ਉਹਨਾਂ 'ਚ ਸਿਰਫ ਨਸ਼ਤਰ-ਬਾਜ਼ੀ ਹੈ ਮੂੰਹ ਦਾ ਸੁਆਦ ਬਦਲਣ ਲਈ। ਇਹ ਖੇਡ ਉਹ ਚਿਠੀਆਂ 'ਚ ਵਾਹਵਾ ਖੁਲ੍ਹਕੇ ਖੇਡਦਾ ਹੈ।

•

ਇਹ ਗੱਲ ਠੀਕ ਹੈ ਕਿ ਵਿਰਕ ਲੇਖ ਲਿਖ ਹੀ ਨਹੀਂ ਸਕਦਾ। ਉਹ ਭਾਸ਼ਣ ਵੀ ਨਹੀਂ ਦੇ ਸਕਦਾ, ਸਿਰਫ ਗੱਲਾਂ ਕਰ ਸਕਦਾ ਹੈ। ਗੱਲਾਂ ਕਰਨ ਦੀ ਇਹ ਸੌਖਿਆਈ ਹੁੰਦੀ ਹੈ ਕਿ ਲੜੀ ਆਪ ਜੋੜਨੀ ਨਹੀਂ ਪੈਂਦੀ, ਦੂਜਾ ਜੋੜਦਾ ਹੈ। ਵਿਰਕ ਲਈ ਇਹ ਕੰਮ ਟੈਲੀਫੋਨ ਉਤੇ ਹੋਰ ਵੀ ਸੌਖਾ ਹੋ ਜਾਂਦਾ ਹੈ। ਦੂਜੇ ਦੀਆਂ ਗੱਲਾਂ ਚੋਂ ਜਿੰਨਾ ਕੁ ਸਤ ਨੁਚੜਿਆ, ਨਚੋੜ ਲਿਆ। ਜਦ ਅਗਲਾ ਪੁਛ ਬੈਠੇ-ਹੋਰ ਕੋਈ ਗੱਲ ਸੁਣਾ ਨਵੀਂ ਤਾਜ਼ੀ ਤਾਂ ਸਾਹਮਣੇ ਬੈਠੇ ਬੰਦੇ ਸਾਹਮਣੇ ਉਹਦੀ ਇਸ ਗੱਲ ਤੇ ਔਖਿਆਈ ਦੱਸਣ ਨਾਲੋਂ ਕਿੰਨਾ ਚੰਗਾ ਹੁੰਦਾ ਹੈ ਕਿ 'ਚੰਗਾ ਬਈ' ਕਹਿ ਕੇ ਬੰਦ ਕਰ ਦਿਤਾ।

ਚਿੱਠੀਆਂ 'ਚ ਗੱਲਾਂ ਕਰਨੀਆਂ ਹੋਰ ਵੀ ਸੌਖੀਆਂ ਨੇ। ਜਦ ਗੱਲ ਸੁਝੀ ਲਿਖ ਛਡੀ। ਨਾਲੇ ਲਿਖਣ ਤੋਂ ਤਰਤੀਬ ਦੇਣ ਦਾ ਮੌਕਾ ਮਿਲ ਗਿਆ। ਤੁਰਤ ਉਤਰ ਜਾਂ ਤੋੜ ਦਾ ਡਰ ਨਹੀਂ।

ਹੇਠ ਲਿਖੀਆ ਗੱਲਾਂ ਵਿਰਕ ਨੇ ਚਿੱਠੀਆਂ 'ਚ ਲਿਖੀਆਂ ਨੇ। ਇਹ ਭਾਵੇਂ ਕਿਸੇ ਇਕ ਲਈ ਸਨ, ਪਰ ਕੁਝ ਚੁਗਵੇਂ ਹਿੱਸੇ ਸ਼ਾਇਦ ਹੋਰਾਂ ਦਾ ਕੋਈ ਕੰਮ ਸੁਆਰ ਦੇਣ।

ਪ੍ਰੇਮ ਪ੍ਰਕਾਸ਼

## ਕਹਾਣੀ ਲੇਖਕ ਜਾਂ ਢੱਗਾ

ਇਹ ਗੱਲ ਕਹਿਣੀ ਠੀਕ ਨਹੀਂ ਕਿ ਕੋਈ ਲੇਖਕ ਕਿਸੇ ਨਾਲੋਂ ਅੱਜ ਕਲ ਚੰਗੀਆਂ ਕਹਾਣੀਆਂ ਲਿਖ ਰਿਹਾ ਹੈ ਤੇ ਉਹ ਪਹਿਲਾ ਪਿਛੇ ਰਹਿ ਗਿਆ ਹੈ। —ਕਹਾਣੀਆਂ ਲਿਖਣਾ ਹਲੀਂ ਜੁਪਣ ਨਾਲੋਂ ਵੱਖਰਾ ਕੰਮ ਹੈ। ਜਿਹੜਾ ਢੱਗਾ ਕਿਸੇ ਵੇਲੇ ਚੰਗਾ ਵਗਦਾ ਹੋਵੇ, ਉਸ ਬਾਰੇ ਉਸੇ ਵੇਲੇ ਇਹ ਕਿਹਾ ਜਾ ਸਕਦਾ ਹੈ ਕਿ ਉਹ ਚੰਗਾ ਵਗਦਾ ਹੈ। ਉਸ ਤੋਂ ਪਹਿਲਾਂ ਦੂਜੇ ਢੱਗੇ ਭਾਵੇਂ ਉਸ ਤੋਂ ਚੰਗੇ ਵਗਦੇ ਰਹੇ ਹੋਣ। ਉਸ ਦੀ ਪਹਿਲੋਂ ਵਿਖਾਈ ਚਾਲ ਮਿੱਟੀ ਵਿਚ ਖਪ ਗਈ ਹੁੰਦੀ ਹੈ। —ਪਰ ਕਹਾਣੀ ਜਿਸ ਵੇਲੇ ਵੀ ਕਿਸੇ ਨੇ ਲਿਖੀ ਹੈ, ਉਹ ਜਿਊਂਦੀ ਹੈ ਤੇ ਹਰ ਵੇਲੇ ਮੁਕਾਬਲੇ ਤੇ ਖੜੀ ਹੈ। ਕਿਸੇ ਦੇ ਸਾਲ ਦੋ ਸਾਲ ਨਾ ਲਿਖਣ ਨਾਲ ਜਾਂ ਅਗੋਂ ਉਕਾ ਹੀ ਨਾ ਲਿਖਣ ਨਾਲ ਉਹਦੀਆਂ ਪਹਿਲੀਆਂ ਲਿਖਤਾਂ ਦੀ ਕੀਮਤ ਘਟ ਨਹੀਂ ਜਾਂਦੀ।

## ਆਪ ਸਵਾਲ, ਆਪ ਜਵਾਬ

ਇਹ ਮੈਂ ਤੇਰੀ ਗੱਲ ਮੰਨਦਾ ਹਾਂ ਕਿ ਜ਼ਿੰਦਗੀ ਬਹੁਤ ਦਿਲਚਸਪ ਹੈ। ਪਰ ਗੱਲ ਇਸ ਸੁਆਦ ਨੂੰ ਅਗਲੇ ਤੀਕ ਅਪੜਾਉਣ ਦੀ ਹੈ। ਇਹ ਨਹੀਂ ਹੋ ਰਿਹਾ। ਕੀ ਸਾਡੇ ਮਨ ਅਗਲਿਆਂ (ਪਾਠਕਾਂ) ਨਾਲੋਂ ਵੱਖਰੇ ਹਨ ਕਿ ਸਾਡੀ ਗੱਲ ਅੱਪੜ ਨਹੀਂ ਸਕਦੀ ? ਕੁਝ ਹੱਦ ਤਕ—ਹਾਂ। ਕੀ ਅਸੀਂ ਸੰਗਦੇ ਪੂਰੀ ਗੱਲ ਨਹੀਂ ਕਰਦੇ, ਜਾਂ ਪਾਠਕਾਂ ਉਤੇ......ਵਾਂਗ ਰੁਹਬ ਪਾਉਣ 'ਚ ਰੁਝੇ ਰਹਿੰਦੇ ਹਾਂ ! ਕੁਝ ਹੱਦ ਤਕ—ਹਾਂ। ਕੀ ਕਹਾਣੀ ਲਿਖਣ ਵਾਲਿਆਂ ਦੀ ਕੋਈ ਕਦਰ ਨਹੀਂ ਅਤੇ ਜਿੰਨੀ ਮਿਹਨਤ ਇਹ ਮੰਗਦੀ ਹੈ, ਉਨੀ ਕਰਨ ਨੂੰ ਜੀਅ ਨਹੀਂ ਕਰਦਾ ? ਕੁਝ ਹੱਦ ਤਕ—ਹਾਂ। ਕੀ ਕੀਮਤਾਂ ਨੇ ਲੇਖਕਾਂ ਨੂੰ ਦਬ ਲਿਆ ਹੈ ? ਕੁਝ ਹਦ ਤਕ—ਹਾਂ। ਪੰਜਾਬੀ ਲੇਖਕਾਂ ਚੋਂ 90 ਫੀਸਦੀ ਤਨਖਾਹ ਲੈਣ ਵਾਲੇ ਹਨ।

## ਕੋਈ ਕੱਦਾਵਰ ਗੱਲ

ਜਿਹੜਾ ਤੂੰ ਕਿਹਾ ਕਿ Loneliness and Self pity ਦੇ ਵਿਸ਼ੇ ਉਤੇ ਇਕ ਪੂਰਾ ਲੇਖ ਲਿਖਣਾ ਚਾਹੀਦਾ ਹੈ, ਇਹ ਗੱਲ ਤਾਂ ਬਹੁਤ ਚੰਗੀ ਹੈ ਪਰ ਮੇਰਾ ਇਸ ਬਾਰੇ ਲਿਖਣ ਨੂੰ ਜੀਅ ਨਹੀਂ ਕਰਦਾ। ਐਵੇਂ ਮਰਿਆਂ ਨੂੰ ਮਾਰਨ ਵਾਲੀ ਗੱਲ ਹੈ। ਆਖਰ ਲੋਕ ਇਹੋ ਜਿਹੀਆਂ ਗੱਲਾਂ ਕਿਉਂ ਲਿਖਦੇ ਹਨ ? ਕਿਉਂਕਿ ਕਿਸੇ ਹੋਰ ਵਿਸ਼ੇ ਦੀ ਮਨ ਤੇ ਪਕੜ ਨਹੀਂ ਹੈ ਹੋਰ ਜ਼ਬਾਨਾਂ ਵਿਚ ਇਸ ਤਰ੍ਹਾਂ ਦੀਆਂ ਗੱਲਾਂ ਹੁੰਦੀਆਂ ਹਨ, ਇਹ ਵੀ ਕਰਨ ਲਗ ਜਾਂਦੇ ਹਨ।

ਦੂਜੀ ਗੱਲ ਇਹ ਹੈ ਕਿ ਕੋਈ ਵੀ ਕੋਈ ਕੱਦਾਵਰ ਗੱਲ ਨਹੀਂ ਕਰ ਰਿਹਾ। ਜੇ ਇਹ ਹੋ ਜਾਵੇ ਤਾਂ ਇਹ ਲੋਕ ਆਪੇ ਹੀ ਚੁਪ ਹੋ ਜਾਣ।

## ਕਿਸ ਲਈ ਲਿਖਾਂ

ਲਿਖਿਆ ਕਿਉਂ ਨਹੀਂ ਜਾ ਰਿਹਾ ? ਕੀ ਪੜ੍ਹਣ ਵਾਲਿਆਂ ਦੀ ਘਾਟ ਕਰਕੇ ? ਅੱਗੇ ਮੈਨੂੰ ਇਹ ਗੱਲ ਠੀਕ ਨਹੀਂ ਸੀ ਲਗਦੀ। ਮੈਂ ਸੋਚਦਾ ਸਾਂ, ਕਿ ਕੋਈ ਕਿਸੇ ਲਈ ਕਿਉਂ ਲਿਖੇ ? ਲਿਖਣਾ ਤਾਂ ਆਪਣੇ ਖਿਆਲਾਂ ਨੂੰ ਤਰਤੀਬ ਦੇਣ ਲਈ ਹੈ, ਜਿਵੇਂ ਇਸਤਰੀਆਂ ਘਰ ਦੀ ਸਫਾਈ ਕਰਦੀਆਂ ਹਨ। ਬਿਨਾ ਤਰਤੀਬ ਦੇ ਕੋਈ ਖਿਆਲ ਮਨ ਵਿਚ ਪਿਆ ਬਹੁਤ ਔਖਿਆਂ ਕਰਦਾ

ਹੈ। ਐਵੇਂ ਥਾਂ ਮੱਲੀ ਰਖਦਾ ਹੈ। ਨਾ ਉਸ ਨੂੰ ਪਤਾ ਹੁੰਦਾ ਹੈ ਕਿ ਉਸ ਦੀ ਕਿੰਨੀ ਅਤੇ ਕਿਹੜੀ ਥਾਂ ਹੈ (ਜਾਂ ਥਾਂ ਹੈ ਵੀ ਕਿ ਨਹੀਂ) ਨਾ ਆਪ ਨੂੰ। ਇਸ ਤਰ੍ਹਾਂ ਉਹ ਜੀਵਨ ਦਾ ਸੁਆਦ ਘਟਾਂਦਾ ਹੈ। ਲਿਖਣ ਨਾਲ ਕੁਝ ਮੋਟੇ ਖਿਆਲਾਂ ਨੂੰ ਜਾਂ ਬਹੁਤਾ ਲਿਖਣ ਨਾਲ ਜੀਵਨ ਦੇ ਖਿਆਲਾਂ ਨੂੰ ਤਰਤੀਬ ਮਿਲ ਜਾਂਦੀ ਹੈ।

ਪਰ ਹੁਣ ਮੈਂ ਪੜ੍ਹਣ ਵਾਲਿਆਂ ਦੀ ਜ਼ਰੂਰਤ ਨੂੰ ਸਮਝਣ ਲਗ ਪਿਆ ਹਾਂ। ਕੋਈ ਗੱਲ ਉਹੋ ਜਿਹੀ ਜਾਂ ਉਨੀ ਬਰੀਕ ਅਤੇ ਮਹਤਵਪੂਰਨ ਸ਼ਕਲ ਧਾਰਦੀ ਹੈ, ਜਿਹੋ ਜਿਹਾ ਸੁਣਨ ਵਾਲਾ ਹੋਵੇ। ਮੈਂ ਇਕ ਗੱਲ ਆਪਣੇ ਬਚਿਆਂ ਨੂੰ ਹੋਰ ਤਰ੍ਹਾਂ ਸੁਣਾਂਦਾ ਹਾਂ, ਵਹੁਟੀ ਨੂੰ ਹੋਰ ਤਰ੍ਹਾਂ, ਕਿਸੇ ਸਿਆਣੀ ਕੁੜੀ ਨੂੰ ਹੋਰ ਤਰ੍ਹਾਂ ਤੇ... ..ਸਿੰਘ ਨੂੰ ਹੋਰ ਤਰ੍ਹਾਂ। ਇਸ ਵਿਚ ਕੋਈ ਬੇਈਮਾਨੀ ਨਹੀਂ।

## ਅਧਾ ਜੱਟ

ਕਹਾਣੀਆਂ ਲਿਖ ਲਿਖ ਮੈਂ ਅੱਕ ਗਿਆ ਹਾਂ। ਪੜ੍ਹਨ ਵਾਲੇ ਜਿਹੜੇ ਤੀਹ ਚਾਲੀ ਹੋਣਗੇ, ਉਹ ਵੀ ਸ਼ਾਇਦ ਅੱਕ ਗਏ ਹੋਣਗੇ। .........ਹੁਣ ਮੈਂ ਕੁਝ ਵਰ੍ਹਿਆਂ ਤੀਕ ਨਾਵਲ ਲਿਖਾਂਗਾ।.........

ਜੱਟ ਗੈਰ-ਜੱਟ ਦਾ ਕੁਝ ਰੌਲਾ ਪਿਆ ਹੋਇਆ ਹੈ। ਤੂੰ ਤਾਂ ਮੇਰੇ ਨਾਲੋਂ ਭੋਰਾ ਵਧ ਜੱਟ ਹੈ, ਕਿਉਂਕਿ ਮੇਰਾ ਪਿੰਡ ਉਜੜਿਆ ਹੋਇਆ ਹੈ, ਤੇ ਤੇਰਾ ਪਹਿਲਾਂ ਵਾਂਗ ਹੀ ਹੈ। ਕੀ ਕੋਈ ਬਗੈਰ ਪਿੰਡ ਤੋਂ ਵੀ ਜੱਟ ਹੋ ਸਕਦਾ ਹੈ ?

ਮੈਂ ਜੱਟਾਂ ਬਾਰੇ ਲਿਖਣ ਦੇ ਹਕ 'ਚ ਇਸ ਲਈ ਹਾਂ ਕਿ ਕੁਦਰਤ ਦਾ ਵਾਰ ਉਹ ਹੀ ਨੰਗੇ ਪਿੰਡੇ ਸਹਿੰਦਾ ਹੈ, ਜਿਵੇਂ ਇਸ ਔੜ ਵਿਚ। ਕੁਝ ਮਾੜਾ ਮੋਟਾ ਝੜਨ ਲਈ ਕੁਦਰਤ ਨੂੰ ਉਹ ਹੀ ਪਸਮਾਉਂਦਾ ਹੈ। ਆਪਣੇ ਹਾਲਾਤ ਲਈ ਆਪਣੇ ਆਪ ਨੂੰ ਜ਼ਿਮੇਂਦਾਰ ਮੰਨਦਾ ਹੈ। ਤਾਂ ਹੀ ਤਾਂ ਉਹਨਾਂ ਨੂੰ ਬਦਲਣ ਲਈ ਲੜਦੀਆਂ ਅਤੇ ਕਤਲ ਕਰਦਾ ਹੈ। ਬਾਕੀ ਲੋਕ ਲਾਈਨਾਂ ਤੋਂ ਬਾਹਰ ਖਲੋਣ ਵਾਲੇ ਹਨ। ਜਦੋਂ ਕੋਈ ਖੇਡ ਹਰਦੀ ਹੈ ਤਾਂ ਕਈ ਵਾਰ ਲਾਈਨਾਂ ਤੋਂ ਬਾਹਰ ਖਲੋਣ ਵਾਲਿਆਂ ਨੂੰ ਖੇਡਣ ਵਾਲਿਆਂ ਤੋਂ ਵੀ ਵਧ ਅਫਸੋਸ ਹੁੰਦਾ ਹੈ, ਪਰ ਇਸ ਨਾਲ ਉਹ ਖੇਡਣ ਵਾਲੇ ਨਹੀਂ ਬਣ ਜਾਂਦੇ। ਉਹ ਵੇਖਣ ਵਾਲੇ ਤੇ ਸਹਿਣ ਵਾਲੇ ਹੀ ਰਹਿੰਦੇ ਹਨ।

ਖੇਡਣ ਵਾਲਾ ਕਿਰਸਾਨ ਹੀ ਹੈ। ਕੀ ਪੰਜਾਬੀ ਦੇ ਨਾਵਲਾਂ 'ਚ ਕਿਰਸਾਨ ਆਇਆ ਹੈ ? ਕੀ ਉਸ ਬਾਰੇ ਲਿਖਣ ਦੀ ਲੋੜ ਨਹੀਂ ? ਜੇ ਆਪਾਂ ਨਹੀਂ ਲਿਖਾਂਗੇ ਤਾਂ ਹੋਰ ਕੌਣ ਲਿਖੇਗਾ ?........ ?

## ਧਰਮ ਨੂੰ ਹੱਥ

ਰਾਤੀਂ ਇਕ ਮਰਾਠੀ ਨਾਟਕ ਵੇਖਿਆ, ਹਿੰਦੀ ਵਿਚ। ਬੜਾ ਦਲੇਰ ਸੀ। ਕਈ ਤਰ੍ਹਾਂ ਦੇ ਪਖੰਡਾਂ ਉਤੇ ਸਿਧੇ ਹਮਲੇ ਕੀਤੇ ਗਏ ਸਨ। ਮੋਨ ਵਰਤ ਤੇ ਗੀਤਾ ਦੇ ਸ਼ਲੋਕਾਂ ਨੂੰ ਯਾਦ ਕਰਨਾ ਵੀ ਪਖੰਡਾਂ ਦੀ ਸੂਚੀ 'ਚ ਸ਼ਾਮਲ ਸੀ। ਉਹ ਲੋਕ ਧਰਮ ਅਤੇ ਸਿਆਸਤ ਨੂੰ ਤਕੜੇ ਹੋ ਕੇ ਹੱਥ ਪਾਂਦੇ ਹਨ, ਅਸੀਂ ਨਹੀਂ ਪਾ ਸਕਦੇ। ਥੇਟਰ ਦੇ ਮਾਮਲੇ ਵਿਚ ਬਹੁਤ ਜਨਤਾ ਉਹਨਾਂ ਦੇ ਨਾਲ

ਹੈ, ਸਾਡੇ ਨਾਲ ਕੋਈ ਵੀ ਨਹੀਂ । ਅਸੀਂ ਆਪ ਵੀ ਆਪਣੇ ਨਾਲ ਨਹੀਂ, ਕੇਵਲ ਕਿਸੇ ਨਾ ਕਿਸੇ ਦੇ ਪਿਛੇ ਹਾਂ ।

**ਪੰਜਾਬੀ ਸਬਾ**

ਪੰਜਾਬੀ ਸੂਬਾ ਇਕੱਲਾ ਗੱਲਾਂ ਦਾ ਵਿਸ਼ਾ ਨਹੀਂ ਹੈ, ਬੇਘਰ ਲੋਕਾਂ ਦੇ ਵਸਣ ਲਈ ਥਾਂ ਬਣੀ ਹੈ । ਪਰ ਸਜਦਿਆਂ ਸੌਰਦਿਆਂ ਚਾਰ ਪੰਜ ਸਾਲ ਲਗ ਜਾਣਗੇ । ਫਿਰ ਵੇਖਣਾ !

## ਵਿਚਾਰੇ ਕੇਰੇਕਟਰ ਤੇ ਮੁਆਫੀ

ਸਾਡਾ (ਨਾਵਲ 'ਚ) ਨਾ ਕੇਵਲ ਪੱਧਰ ਨੀਵਾਂ ਹੈ, ਉਪਜ ਵੀ ਬਹੁਤ ਘਟ ਹੈ । ਦੂਜੇ ਆਪਣੇ ਪੈਰਾਂ ਤੇ ਨਹੀਂ ਖੜ੍ਹੇ—ਹਰ ਲੇਖਕ ਕਿਸੇ ਨਾ ਕਿਸੇ ਸੱਚੇ 'ਚ ਫਿਟ ਬੈਠਣ ਦੀ ਕੋਸ਼ਿਸ਼ 'ਚ ਆਤਮ ਹਤਿਆ ਕਰ ਰਿਹਾ ਹੈ । ਇਹ ਸੱਚੇ ਦੇਸੀ ਤੇ ਥੋੜ ਘਟ ਹਨ, ਬਦੇਸੀ ਬਹੁਤੇ ਹਨ । ਨਿਰੇ ਰੂਸੀ ਨਹੀਂ, ਦੂਜੇ ਦੇਸਾਂ ਵਿਚੋਂ ਮੰਗੇ ਜਾਂ ਮੰਗਵਾਏ ਗਏ ਹਨ, ਖਾਸ ਕਰ ਅਮਰੀਕਾ ਅਤੇ ਇੰਗਲੈਂਡ ਤੋਂ । —ਪੰਜਾਬੀ ਕੈਰੇਕਟਰ ਵਲਾਇਤੀ ਗੱਲਾਂ ਕਰੀ ਜਾਂਦੇ ਹਨ । ਵਿਚਾਰੇ ਕੇਰੇਕਟਰਾਂ ਵਲ ਧਿਆਨ ਘਟ ਹੈ, ਉਹਨਾਂ ਤੋਂ ਕਰਵਾਉਣ ਵਾਲੀਆਂ ਗੱਲਾਂ ਵਲ ਬਹੁਤਾ । ਬੱਸ ਇਹੀ ਸਾਰੇ ਪੁਆੜੇ ਦੀ ਜੜ ਹੈ । ਦੂਜੀ ਪੁਆੜੇ ਦਾ ਤਨਾ ਤੇ ਟਾਹਣ ਇਹ ਹੈ ਕਿ ਵਿਹਲ ਘੱਟ ਹੈ । ਕੇਵਲ ਲਿਖਣ ਲਈ ਹੀ ਵਿਹਲ ਨਹੀਂ ਚਾਹੀਦਾ. ਵਿਹਲੇ ਰਹਿਣ ਲਈ ਵੀ ਵਿਹਲ ਚਾਹੀਦਾ ਹੈ ।

ਵਿਹਲ ਕਿਉਂ ਨਹੀਂ ? ਕਿਉਂਕਿ ਲਿਖਣ ਦੇ ਕੰਮ ਵਿਚ ਏਨੀ ਸੱਤਾ ਨਹੀਂ ਕਿ ਤੁਹਾਡੀ ਦਿਹਾੜੀ ਉੱਤੇ ਛਾਂ ਕਰ ਸਕੇ । ਇਸ ਨੂੰ ਸਭ ਤੋਂ ਨਖਿਧ ਕੰਮ ਗਿਣਿਆ ਜਾਂਦਾ ਹੈ । ਤੇ ਵਧ ਤੋਂ ਵਧ ਜੋ ਕੁਝ ਤੁਹਾਡੇ ਲਈ ਕਰਨ ਵਾਸਤੇ ਤਿਆਰ ਹੈ,ਉਹ ਤੁਹਾਨੂੰ ਮੁਆਫ ਕਰ ਦੇਣਾ ਹੈ । ਸਿਧੇ ਢੰਗ ਨਾਲ ਨਾ ਤੁਹਾਨੂੰ ਮੁਆਫੀ ਮੰਗਣ ਲਈ ਕਿਹਾ ਜਾਂਦਾ ਹੈ ਤੇ ਨਾ ਆਖ ਕੇ ਮੁਆਫੀ ਦਿਤੀ ਜਾਂਦੀ ਹੈ । ਮੁਆਫ ਕਰਨ ਲਈ ਸ਼ਰਤਾਂ ਰਖੀਆਂ ਜਾਂਦੀਆਂ ਹਨ । ਫਲਾਣੇ ਥਾਂ ਲਾਇਬਰੇਰੀ ਖੁਲ੍ਹੀ ਹੈ, ਤੁਸੀਂ ਪੰਜਾਬੀ ਦੇ ਮੰਨੇ ਪ੍ਰਮੰਨੇ ਲੇਖਕ ਹੋ, ਉਥੇ ਲਈ ਆਪਣੀਆਂ ਕਿਤਾਬਾਂ ਦਾ ਇਕ ਸੈੱਟ ਡਾਕ ਰਾਹੀਂ ਘੱਲ ਦਿਓ । ਇਸ ਨਾਲ ਤੁਹਾਡੇ ਪਾਠਕਾਂ ਦਾ ਘੇਰਾ ਵਧੇਗਾ, ਮਾਤ ਬੋਲੀ ਦੀ ਸੇਵਾ ਹੋਵੇਗੀ (ਤੇ ਤੁਹਾਨੂੰ ਮੰਨੇ ਪ੍ਰਮੰਨੇ ਲੇਖਕ ਹੋਣ ਲਈ ਮੁਆਫ ਕਰ ਦਿਤਾ ਜਾਵੇਗਾ ।)

————

## ਕਵੀ ਸਿਪਾਹੀ / ਰਘਬੀਰ ਢੰਡ

ਜੁਲਾਈ, 1946, ਪੈਰਿਸ :

ਦਰਿਆ ਦੇ ਕੰਢੇ ਉਤੇ ਉਸਰੇ ਉਸ ਮਹਿਲ ਦੇ ਸਵਾਗਤੀ ਕਮਰੇ ਵਿਚ ਇਕ ਪਤਲਾ ਜਿਹਾ ਆਦਮੀ ਬੈਠਾ ਸੀ। ਉਸ ਦੇ ਚਿਹਰੇ ਉਤੇ ਜੀਵਨ ਭਰ ਦੇ ਤਲਖ਼ ਘੋਲਾਂ ਦੇ ਡੂੰਘੇ ਚਿੰਨ੍ਹ ਵਿਖਾਈ ਦੇ ਰਹੇ ਸਨ। ਉਸਦੇ ਸਾਹਮਣੇ ਸੂਹੇ ਗੁਲਾਬੀ ਫੁੱਲਾਂ ਦਾ ਇਕ ਨਿੱਕਾ ਜਿਹਾ ਗੁਲਦਸਤਾ ਪਿਆ ਸੀ। ਇਕ ਖੁਸ਼-ਦਿਲ ਤੇ ਚੰਚਲ ਪੱਤਰਕਾਰ ਕੋਈ ਪੰਦਰਾਂ ਮਿੰਟ ਤਕ ਉਸ ਨੂੰ ਗੁੰਝਲਦਾਰ ਸਵਾਲਾਂ ਵਿਚ ਉਲਝਾਉਣ ਦੀ ਕੋਸ਼ਿਸ਼ ਕਰਦਾ ਰਿਹਾ। ਉਸੇ ਕਮਰੇ ਵਿਚ ਬਾਕੀ ਦੇਸ਼ਾਂ ਤੋਂ ਆਏ ਤਕਰੀਬਨ ਇਕ ਸੌ ਅਖ਼ਬਾਰੀ ਨੁਮਾਇੰਦੇ ਹੋਰ ਵੀ ਬੈਠੇ ਸਨ... ...

"ਪ੍ਰਧਾਨ ਜੀ, ਕੀ ਤੁਸੀਂ ਕਮਿਊਨਿਸਟ ਹੋ ?" ਚੰਚਲ ਪੱਤਰਕਾਰ ਨੇ ਪੈਂਦਿਆਂ ਹੀ ਸਵਾਲ ਕੀਤਾ।

"ਹਾਂ", ਪਤਲੇ ਮਨੁੱਖ ਨੇ ਗੰਭੀਰਤਾ ਨਾਲ ਜਵਾਬ ਦਿਤਾ।

"ਤੁਸੀਂ ਲੜਾਈ ਵਿਚ ਵੀ ਭਾਗ ਲਿਆ ਏ ?"

"ਹਾਂ।"

"ਕਿੰਨਾ ਕੁ ਚਿਰ ?"

"ਤਕਰੀਬਨ ਚਾਲੀ ਸਾਲ।"

"ਤੁਸੀਂ ਜੇਲ੍ਹ ਵਿਚ ਵੀ ਰਹੇ ਹੋ ?" ਸਾਫ਼ ਜ਼ਾਹਿਰ ਸੀ ਕਿ ਪੱਤਰਕਾਰ ਕੀ ਅਖਵਾਉਣਾ ਚਾਹੁੰਦਾ ਸੀ।

"ਹਾਂ।"

"ਕਿਹੜੀ ਜੇਲ੍ਹ ਵਿਚ ?"

"ਬਹੁਤ ਸਾਰੀਆਂ ਵਿਚ, ਜਨਾਬ !"

"ਲੰਮੇ ਸਮੇਂ ਲਈ ?"

ਪਤਲੇ ਜਿਹੇ ਆਦਮੀ ਨੇ ਗੰਭੀਰ ਮੁਸਕਾਣ ਨਾਲ ਚੰਚਲ ਪੱਤਰਕਾਰ ਵੱਲ ਵੇਖਿਆ ਅਤੇ ਫਿਰ ਆਖਿਆ, "ਜੇਲ੍ਹ ਵਿਚ ਸਮਾਂ ਹਮੇਸ਼ਾ ਲੰਮਾ ਹੁੰਦਾ ਹੈ।"

ਇਕਦਮ ਫਰਾਂਸੀਸੀ ਜ਼ਬਾਨ ਵਿਚ ਦਿੱਤੇ ਇਸ ਉੱਤਰ ਦੀ ਪੱਤਰਕਾਰ ਨੂੰ ਉੱਕੀ ਹੀ ਆਸ ਨਹੀਂ ਸੀ। ਇਹ ਸ਼ਬਦ ਝਾੜ ਵਜੋਂ ਕਹੇ ਸਨ, ਵਿਅੰਗ ਵਜੋਂ ਕਹੇ ਸਨ, ਜਾਂ ਮਜ਼ਾਕ

ਵਜੋਂ ਕਹੇ ਸਨ, ਇਸ ਬਾਰੇ ਪੂਰੀ ਤਰ੍ਹਾਂ ਕੁਝ ਨਹੀਂ ਆਖਿਆ ਜਾ ਸਕਦਾ। ਹਾਂ, ਕਮਰੇ ਵਿਚ ਹਾਜ਼ਰ ਫਰਾਂਸੀਸੀ ਅੰਗਰੇਜ਼ ਅਤੇ ਅਮਰੀਕਣ ਅਖ਼ਬਾਰੀ ਨੁਮਾਇੰਦੇ, ਇਸ ਬੱਕਰੀ ਦਾੜ੍ਹੀ ਵਾਲੇ ਮਨੁੱਖ ਵੱਲ ਵੇਖ ਹੈਰਾਨ ਰਹਿ ਗਏ, ਜਿਹੜਾ ਲੰਡਨ ਅਤੇ ਪੈਰਿਸ ਵਿਚ ਵੀ ਹਨੋਈ ਵਾਂਗ ਹੀ ਮੁਸਕਰਾ ਸਕਦਾ ਸੀ। ਇਹ ਉਸ ਸਿਆਣੇ ਮਨੁੱਖ ਦੀ ਮੁਸਕਰਾਹਟ ਸੀ ਜਿਹੜਾ ਵਰਤਮਾਨ ਦੀਆਂ ਹੱਦਾਂ ਤੋਂ ਵੀ ਕਿਤੇ ਦੂਰ ਤਕ ਸੋਚ ਸਕਦਾ ਸੀ।

ਪਤਰਕਾਰ, ਤੂੰ ਕੋਈ ਹੋਰ ਸਵਾਲ ਵੀ ਪੁਛਣਾ ਹੈ?

"ਜੇਲ੍ਹ ਵਿਚ ਸਮਾਂ ਹਮੇਸ਼ਾ ਲੰਮਾ ਹੀ ਹੁੰਦਾ ਹੈ।" (ਜੇਲ੍ਹ ਡਾਇਰੀ ਵਿਚੋਂ)

ਇਹ ਬੱਕਰੀ-ਦਾੜ੍ਹੀ ਵਾਲਾ ਮਨੁੱਖ ਕੌਣ ਸੀ?

ਇਹ ਉਹੀ ਮਨੁੱਖ ਸੀ ਜਿਸਦਾ ਨਾਂ ਸੁਣਦਿਆਂ ਗ਼ੈਰ ਕਮਿਊਨਿਸਟਾਂ ਦਾ ਸਿਰ ਵੀ ਸ਼ਰਧਾ ਨਾਲ ਝੁਕ ਜਾਂਦਾ ਹੈ।

ਇਹ ਉਹੀ ਮਨੁੱਖ ਸੀ ਜਿਸ ਬਾਰੇ ਮਾਰਸ਼ਲ ਕਾਈ ਵਰਗੇ ਗ਼ੱਦਾਰ ਨੂੰ ਵੀ ਕਹਿਣਾ ਪਿਆ ਸੀ, "ਲੋਕ ਕਿਉਂ ਹੋ-ਚੀ-ਮਿਨ੍ਹ ਅਤੇ ਜਿਆਪ ਦੀ ਕਦਰ ਕਰਦੇ ਹਨ? ਕਿਉਂਕਿ ਉਹ ਕਿਸੇ ਦੇ ਹੱਥਾਂ ਵਲ ਨਹੀਂ ਵੇਖਦੇ।"

ਇਹ ਉਹੀ ਮਨੁੱਖ ਸੀ ਜਿਸਦਾ ਦੇਸ਼ ਭਗਤ ਗੁਰੀਲਾ ਮਰਨ ਤੋਂ ਪਹਿਲਾਂ ਅਪਣੇ ਖ਼ੂਨ ਨਾਲ ਨਾਂ ਲਿਖਦਾ ਹੈ।

ਇਹ ਉਹੀ ਮਨੁੱਖ ਸੀ ਜਿਸਦੀ ਸ਼ਾਨ ਵਿਚ ਜਦੋਂ ਇਕ ਅਮਰੀਕਣ ਕਮਾਂਡਰ ਨੇ ਕੁਝ ਅਸਭਿਆ ਸ਼ਬਦ ਆਖੇ ਤਾਂ ਇਕ ਕੈਦੀ ਵੀਅਤਨਾਮੀ ਗੁਰੀਲੇ ਨੇ ਉਸਦੇ ਮੂੰਹ ਉਤੇ ਥੁਕਦਿਆਂ ਆਖਿਆ, "ਜ਼ਾਲਮ ਯਾਂਕੀ, ਖ਼ਬਰਦਾਰ ਜੇ ਸਾਡੇ ਹੋ ਦੇ ਖਿਲਾਫ਼ ਇਕ ਵੀ ਲਫ਼ਜ਼ ਬੋਲਿਆ ਤੇ......"

ਇਹ ਉਹੀ ਮਨੁੱਖ ਸੀ ਜਿਸਨੂੰ ਫ਼ਰਾਂਸੀਸੀਆਂ ਨਾਲ ਲੜਾਈ ਦੇ ਸਮੇਂ ਇਕ ਪੱਤਰਕਾਰ ਨੇ ਪੁਛਿਆ ਸੀ, "ਫ਼ਰਾਂਸੀਸੀਆਂ ਕੋਲ ਹਵਾਈ ਤਾਕਤ, ਵਧੀਆ ਹਥਿਆਰ, ਆਵਾਜਾਈ ਦੇ ਸਾਧਨ ਅਤੇ ਖ਼ੁਰਾਕ ਤੁਹਾਡੇ ਨਾਲੋਂ ਕਿਤੇ ਵਧੀਆ ਹੈ। ਇਸ ਹਾਲਤ ਵਿਚ ਤੁਹਾਨੂੰ ਜਿੱਤ ਦੀ ਕੀ ਆਸ ਹੋ ਸਕਦੀ ਹੈ?"

ਇਸਦੇ ਜਵਾਬ ਵਿਚ ਇਸ ਮਨੁੱਖ ਨੇ ਆਖਿਆ ਸੀ, "ਹਾਂ ਉਹ ਸਾਡੇ ਨਾਲੋਂ ਇਹਨਾਂ ਚੀਜ਼ਾਂ ਵਿਚ ਕਿਤੇ ਵਧੀਆ ਹਨ। ਪਰ ਇਕ ਚੀਜ਼ ਵਿਚ ਉਹ ਸਾਡੇ ਨਾਲੋਂ ਕਿਤੇ ਘਟੀਆ ਹਨ।"

"ਉਹ ਕੀ?" ਪੱਤਰਕਾਰ ਨੇ ਬੜੀ ਬੇ-ਸਬਰੀ ਨਾਲ ਪੁਛਿਆ।

"ਵੀ ਡਾਈ ਬੈਟਰ!" (ਅਸੀਂ ਉਹਨਾਂ ਨਾਲੋਂ ਮਰਦੇ ਵਧੀਆ ਹਾਂ)

ਹਾਂ, ਇਹ ਉਹੀ ਮਨੁੱਖ ਸੀ ਜਿਹੜਾ ਇਸ ਭੀੜਾਂ ਭਰੇ ਸਮੇਂ ਵਿਚ ਹਰ ਪਲ ਰੁੱਝੇ ਹੋਣ ਦੇ ਬਾਵਜੂਦ ਵੀ ਖੇਤਾਂ ਵਿਚ ਕੰਮ ਕਰ ਰਹੇ ਕਿਸਾਨਾਂ ਕੋਲ ਜਾਂਦਾ ਹੈ—ਉਹਨਾਂ ਨਾਲ ਘਾਹ ਉਤੇ ਬਹਿ ਜਾਂਦਾ ਹੈ ਅਤੇ ਉਹਨਾਂ ਨੂੰ ਬੜੀ ਨਿੰਮ੍ਰਤਾ ਨਾਲ ਪੁਛਦਾ ਹੈ, "ਸਾਥੀਓ, ਅਸੀਂ ਠੀਕ ਲੜ ਰਹੇ ਹਾਂ—ਜੇ ਲੜਣ ਢੰਗ ਵਿਚ ਨੁਕਸ ਏ ਤਾਂ ਦਸੋ!"

ਹਾਂ, ਇਹ ਉਹੀ ਮਨੁੱਖ ਸੀ ਜਿਸਨੇ ਅਪਣੇ ਮਹਿਬੂਬ ਲੋਕਾਂ ਦੀ ਸ਼ਕਤੀ ਵਿਚ ਅਡੋਲ ਵਿਸ਼ਵਾਸ਼ ਰਖਦਿਆਂ, ਦੁਨੀਆਂ ਦੇ ਬੇ-ਪਨਾਹ ਫੌਜੀ ਸ਼ਕਤੀ ਵਾਲੇ ਤੇ ਦੁਨੀਆਂ ਦੀ ਸੱਠ ਫ਼ੀ ਸਦੀ ਦੌਲਤ ਦੇ ਸੋਮਿਆਂ ਉਤੇ ਕਾਬਜ਼ ਅਮਰੀਕਣ ਸਾਮਰਾਜ ਨੂੰ ਸੁਲਾਹ ਦੀ ਗੱਲ ਬਾਤ ਕਰਨ ਲਈ ਮਜਬੂਰ ਕਰ ਦਿੱਤਾ ਹੈ.........

ਇਸੇ ਮਨੁੱਖ ਨੂੰ ਅਗਸਤ, 1942 ਵਿਚ, ਜਦੋਂ ਦੂਜੇ ਮਹਾਂ ਯੁੱਧ ਦਾ ਦੂਜਾ ਸਾਲ ਮੁਕਣ ਤੇ ਆਇਆ ਹੋਇਆ ਸੀ, ਚੀਨ-ਵੀਅਤਨਾਮੀ ਹੱਦ ਦੇ ਕੋਲ ਚਿਆਂਗ-ਕਾਈ-ਸ਼ੈਕ ਦੀ ਜ਼ਾਲਮ ਪੁਲਸ ਨੇ ਫੜ ਲਿਆ ਸੀ। ਇਸਦਾ ਦੋਸ਼? ਆਪਣੀ ਇਕ ਕਵਿਤਾ ਵਿਚ ਉਹ ਇੰਝ ਬਿਆਨਦਾ ਹੈ:

''ਮੈਂ ਵੀਅਤਨਾਮ ਦੇ ਪ੍ਰਤਿਨਿਧ ਦੀ ਹੈਸੀਅਤ ਵਿਚ ਚੀਨ ਦੀ ਇਕ ਪ੍ਰਸਿਧ ਸ਼ਖ਼ਸੀਅਤ ਨੂੰ ਮਿਲਣ ਜਾ ਰਿਹਾ ਸਾਂ। ਸੁੰਨਸਾਨ ਸੜਕ ਤੇ ਤੁਰਦਿਆਂ ਇਕ ਹਨੇਰੀ ਝੁੱਲ ਪਈ ਅਤੇ ਮੈਨੂੰ ਸਤਿਕਾਰੇ ਮਹਿਮਾਨ ਵਾਂਗ ਜੇਲ੍ਹ ਵਿਚ ਸੁੱਟ ਦਿੱਤਾ ਗਿਆ.........।''

''ਮੈਂ ਇਕ ਸਿੱਧਾ-ਸਾਦਾ ਇਨਸਾਨ ਹਾਂ ਅਤੇ ਮੈਂ ਕਦੀ ਕੋਈ ਪਾਪ ਨਹੀਂ ਕੀਤਾ। ਪਰ ਮੇਰੇ ਉਤੇ ਇਹ ਇਲਜ਼ਾਮ ਲਾਇਆ ਗਿਆ ਕਿ ਮੈਂ ਜਾਸੂਸੀ ਕਰਦਾ ਹਾਂ......।''

ਇਸ ਮਨੁੱਖ ਨੂੰ ਚੌਦਾਂ ਮਹੀਨਿਆਂ ਤਕ ਕੈਦ ਵਿਚ ਰਖਿਆ ਗਿਆ ਜਿਥੇ ਉਸਨੂੰ ਬੇ-ਅੰਤ ਕਸ਼ਟ ਸਹਿਣੇ ਪਏ। ਉਸਨੂੰ, ਪੈਰਾਂ ਵਿਚ ਬੇੜੀਆਂ ਪਾਕੇ, ਤੇਰ੍ਹਾਂ ਸੂਬਿਆਂ ਵਿਚ ਪੰਜਾਹ ਪੰਜਾਹ ਕਿਲੋਮੀਟਰ ਇਕ ਇਕ ਦਿਨ ਵਿਚ ਤੋਰਿਆ ਗਿਆ। ਉਸਨੂੰ ਤੀਹ ਜੇਲ੍ਹਾਂ ਵਿਚ ਰਖਿਆ ਗਿਆ, ਜੇਲ੍ਹਾਂ ਜਿਥੇ ਗੰਦਗੀ ਅਤੇ ਜੂਆਂ ਦੇ ਢੇਰ ਸਨ, ਪਾਲੇ ਅਤੇ ਝੱਖੜ ਸਨ ਅਤੇ ਅਣਮਨੁੱਖੀ ਸਲੂਕ ਸੀ। ਜਦੋਂ ਇਸ ਨੂੰ ਛੱਡਿਆ ਗਿਆ, ਉਹ ਇੰਨਾ ਕਮਜ਼ੋਰ ਹੋ ਚੁਕਿਆ ਸੀ ਕਿ ਉਸ ਲਈ ਖਲੋਣਾ ਵੀ ਮੁਸ਼ਕਲ ਹੋ ਗਿਆ ਸੀ।

ਪਰ ਇਸ ਕੈਦੀ ਨੇ ਕਦੀ ਦਿਲ ਨਹੀਂ ਛਡਿਆ। ਪੈਰਾਂ ਵਿਚ ਬੇੜੀਆਂ ਪਾਕੇ ਜਦੋਂ ਇਸਨੂੰ ਪਹਾੜਾਂ ਉਤੋਂ ਦੀ ਲੈਕੇ ਜਾ ਰਹੇ ਸਨ। ਇਹ ਉਦੋਂ ਵੀ ਪੰਛੀਆਂ ਦੇ ਗੀਤਾਂ ਵਿਚ ਮਗਨ ਹੋ ਜਾਂਦਾ ਸੀ—ਪਾਣੀ ਦੇ ਚਸ਼ਮਿਆਂ ਨਾਲ ਅੱਖਾਂ ਠੰਢਿਆ ਲੈਂਦਾ ਸੀ, ਕਿਸੇ ਨਾਲ ਦੇ ਪਿੰਡ ਵਿਚੋਂ ਕਿਸੇ ਵੀਅਤਨਾਮੀ ਸੁੰਦਰੀ ਦੀ ਚੱਕੀ ਦੀ ਆਵਾਜ਼ ਨਾਲ ਆਪਣੀਆਂ ਧੜਕਣਾਂ ਸਾਂਝੀਆਂ ਕਰ ਲੈਂਦਾ ਸੀ ਅਤੇ ਜੇਲ੍ਹ ਦੀ ਨਿੱਕੀ ਕੋਠੜੀ ਵਿਚ ਦੂਜੇ ਕੈਦੀਆਂ ਨਾਲ ਤੂੜਿਆ ਹੋਇਆ ਵੀ ਛੱਤ ਦੇ ਮੋਘੇ ਹੇਠ ਖਲੋਕੇ ਚੰਦ ਨਾਲ ਗੱਲਾਂ ਕਰ ਸਕਦਾ ਸੀ।

ਇਹ ਮਨੁੱਖ ਇਹੋ ਜਿਹੇ ਮਾਹੌਲ ਵਿਚ ਵੀ ਕਵਿਤਾ ਰਚਦਾ ਰਿਹਾ ਜਿਥੇ ਕਿ ਇਸਦੀ ਹਰ ਹਰਕਤ ਉਤੇ ਕੜੀ ਨਿਗਰਾਨੀ ਰਖੀ ਜਾਂਦੀ ਸੀ। ਉਹਨਾਂ ਕਵਿਤਾਵਾਂ ਵਿਚੋਂ ਚਾਰ ਕਵਿਤਾਵਾਂ ਦੇ ਅਨੁਵਾਦ ਸਾਰੇ ਸਤਿਕਾਰ ਨਾਲ ਹਾਜ਼ਰ ਹਨ।

———

## ਚਾਰ ਕਵਿਤਾਵਾਂ/ ਹੋ ਚੀ ਮਿੰਨ੍ਹ

### ਆਥਣ

ਆਥਣ ਹੋਈ, ਥੱਕੇ ਪੰਛੀ ਵਲ ਜੰਗਲ ਦੇ ਪਰਤ ਰਹੇ ਨੇ,
ਦੂਰ ਅਕਾਸ਼ ਦੀ ਸੱਖਣੀ ਹਿੱਕ 'ਤੇ ਇਕ ਬਦਲੌਟੀ ਤੁਰਦੀ ਜਾਂਦੀ,
ਦੂਰ ਪਹਾੜੀ ਪਿੰਡ ਦੇ ਅੰਦਰ ਇਕ ਮੁਟਿਆਰ ਹੈ ਮੱਕੀ ਪੀਂਹਦੀ,
ਮੱਕੀ ਪੀਂਹਕੇ ਉਸ ਸੁੰਦਰੀ ਨੇ, ਚੁਲ੍ਹੇ ਲਾਲ ਅੱਗ ਸੁਲਗਾਈ।

### ਚੰਨ-ਚਾਨਣੀ

ਅਸੀਂ ਹਾਂ ਕੈਦੀ ਫੁਲੋਂ ਅਤੇ ਸ਼ਰਾਬੋਂ ਸੱਖਣੇ
ਇੰਨੀ ਸੁਹਣੀ ਰਾਤ ਦਾ ਦੱਸੋ ਕਿੱਦਾਂ ਯਾਰੋ ਜਸ਼ਨ ਮਨਾਈਏ !
ਮੈਂ ਮੋਘੇ ਦੇ ਹੇਠ ਖਲੋਕੇ ਸੁਹਣੇ ਚੰਨ ਨੂੰ ਤੱਕਾਂ,
ਚੰਨ ਵੀ ਕਵੀ ਨੂੰ ਮੋਘੇ ਵਿਚ ਥੀਂ ਚੁੰਮਣ ਸੁੱਟੇ।

### ਮਨ

ਮੈਂ ਬੈਠਾ ਹਾਂ ਵਿਚ ਜੇਲ੍ਹ ਦੇ
ਮਨ ਮੇਰਾ ਪਰ ਬਾਹਰ ਭਾਉਂਦਾ
ਵੱਡੇ ਕਾਰਜ ਤਾਂ ਹੀ ਹੋਵਣ
ਮਨ ਹੋਵੇ ਅਡੋਲ ਵਿਸ਼ਾਲ।

### ਕਵੀ

ਪਿਛਲੇ ਸਮੇਂ 'ਚ ਕਵੀ ਲੋਕ ਸਨ
ਕੁਦਰਤ ਦੀ ਪ੍ਰਸੰਸਾ ਕਰਦੇ—
ਬਰਫਾਂ, ਫੁੱਲਾਂ, ਪਰਬਤ, ਨਦੀਆਂ,
ਚੰਨ, ਹਵਾਵਾਂ, ਧੁੰਦ ਦੀਆਂ ਗੱਲਾਂ।
ਅੱਜ ਸਮਾਂ ਹੈ ਅਸੀਂ ਬਣਾਈਏ,
ਲੋਹੇ ਅਤੇ ਫੌਲਾਦੀ ਨਜ਼ਮਾਂ।
ਅੱਜ ਕਵੀ ਲਈ ਬੜਾ ਜ਼ਰੂਰੀ,
ਹਮਲੇ ਦੀ ਅਗਵਾਈ ਕਰਨਾ।

———

# ਪੰਜਾਬੀ ਸਾਹਿਤ ਦੇ ਪਸਾਰ ਦਾ ਮਸਲਾ / ਤ. ਰ. ਵਿਨੋਦ

ਸਾਹਿਤ ਮਨੁੱਖ ਦੀ ਸੰਸਕ੍ਰਿਤੀ ਦਾ ਸਭ ਤੋਂ ਪ੍ਰਬਲ ਵਾਹਕ ਹੈ। ਇਸ ਦੀ ਪ੍ਰਬਲਤਾ ਦੇ ਦੋ ਕਾਰਣ ਹਨ। ਇਕ ਤਾਂ ਸਾਹਿਤ ਵਿਚ ਮਨੁਖੀ ਸੰਕਲਪਾਂ ਨੂੰ ਜਜ਼ਬੇ ਦਾ ਅੰਗ ਬਣਾਕੇ ਪੇਸ਼ ਕੀਤਾ ਜਾਂਦਾ ਹੈ ਅਤੇ ਜਜ਼ਬਾ ਮਨੁੱਖ ਦੀ ਸੰਚਾਲਕ ਸ਼ਕਤੀ ਹੈ। ਬੌਧਿਕ ਤੌਰ ਤੇ ਆਪਣਾ-ਇਆ ਹੋਇਆ ਕੋਈ ਸੰਕਲਪ ਮਨੁੱਖ ਨੂੰ ਠੀਕ ਗਲਤ ਦੀ ਤਮੀਜ਼ ਤਾਂ ਕਰਵਾ ਦਿੰਦਾ ਹੈ ਪਰ ਉਸ ਸੰਕਲਪ ਨੂੰ ਸਾਕਾਰ ਕਰਨ ਲਈ ਮਨੁੱਖ ਉਤਸਾਹ ਨਾਲ ਤਦੋਂ ਹੀ ਲੜਦਾ ਹੈ ਜਦੋਂ ਉਸ ਸੰਕਲਪ ਦੀ ਮਨੁੱਖ ਦਾ ਦਿਲ ਹਾਮੀ ਭਰੇ, ਉਹ ਸੰਕਲਪ ਮਨੁੱਖ ਦੇ ਇਕ ਜਾਂ ਦੂਸਰੇ ਜਜ਼ਬੇ ਦਾ ਅੰਗ ਬਣ ਜਾਵੇ ਅਤੇ ਜਜ਼ਬੇ ਦਾ ਧੱਕਿਆ ਹੋਇਆ ਮਨੁੱਖ ਉਦੋਂ ਤੀਕ ਆਪਣੇ ਆਪ ਨੂੰ ਜੀਉਂਦਿਆਂ ਵਿਚ ਨਾ ਸਮਝੇ ਜਦੋਂ ਤੀਕ ਕਿ ਉਹ ਆਪਣੀ ਮੰਜ਼ਿਲ ਉਤੇ ਨਾ ਪਹੁੰਚ ਜਾਵੇ। ਕਿਸੇ ਸੰਕਲਪ ਨਾਲ ਮਨੁੱਖੀ ਜਜ਼ਬੇ ਦਾ ਇਉਂ ਬੱਝ ਜਾਣਾ ਉਸ ਸੰਕਲਪ ਨੂੰ ਸੰਸਕਾਰ ਬਣਾ ਦਿੰਦਾ ਹੈ ਅਤੇ ਸੰਸਕਾਰਾਂ ਦਾ ਸਮੂਹ ਹੀ ਵਾਸਤਵ ਵਿਚ ਸੰਸਕ੍ਰਿਤੀ ਹੈ ਜਿਸਦਾ ਪਸਾਰ ਸਾਹਿਤ ਕਰਦਾ ਹੈ।

ਦੂਸਰੇ ਸਾਹਿਤ ਮਨੁੱਖੀ ਸੰਸਕਾਰਾਂ ਨੂੰ ਮਾਨਵੀ ਵਿਸ਼ਿਆਂ(Humanities) ਦੇ ਮਾਹਿਰਾਂ ਦੀ ਤਰ੍ਹਾਂ ਸਾਮਾਨਯ (Generalised) ਰੂਪ ਵਿਚ ਪੇਸ਼ ਨਹੀਂ ਕਰਦਾ। ਸਾਹਿਤਕਾਰ ਇਹ ਨਹੀਂ ਕਹਿੰਦਾ ਕਿ ਸਭਿਅਤਾ ਦੇ ਵਿਕਾਸ ਨਾਲ ਮਨੁੱਖੀ ਮਨ ਵਿਚ 'ਪਿਆਰ' ਦਾ ਜਜ਼ਬਾ ਇਤਨਾ ਪਰਬਲ ਰੂਪ ਧਾਰਣ ਕਰ ਗਇਆ ਹੈ ਕਿ ਪਰੇਮੀ ਸਭ ਕੁਝ ਕੁਰਬਾਨ ਕਰਨ ਨੂੰ ਤਿਆਰ ਹੋ ਜਾਂਦਾ ਹੈ। ਸਗੋਂ ਉਹ 'ਪਿਆਰ' ਦੀ ਉਕਤ ਪ੍ਰਬਲਤਾ ਨੂੰ 'ਵਿਸ਼ੇਸ਼ ਮਨੁੱਖ' ਦੇ ਚਿਤਰ ਰਾਹੀਂ ਪੇਸ਼ ਕਰਦਾ ਹੈ। ਸੰਸਕਾਰਾਂ ਨੂੰ 'ਵਿਸ਼ੇਸ਼' ਮਨੁੱਖ ਦੇ ਚਿਤਰ ਰਾਹੀਂ ਪੇਸ਼ ਕਰਨ ਦਾ ਸਾਹਿਤ ਦਾ ਤਰੀਕਾ ਪਾਠਕ ਦੇ ਮਨ ਵਿਚ ਉਸ ਮਨੁੱਖ ਦਾ ਚਿਤਰ ਖੜਾ ਕਰਦਾ ਹੈ ਅਤੇ ਮਨੁੱਖੀ ਨਸਲ ਵਿਚਕਾਰ ਕੁਦਰਤੀ ਸਾਂਝ ਹੋਣ ਦੇ ਕਾਰਣ ਪਾਠਕ ਉਸ ਵਿਸ਼ੇਸ਼ ਮਨੁੱਖ ਨਾਲ ਇਕਮਿਕਤਾ ਮਹਿਸੂਸ ਕਰਦਾ ਹੈ। ਸਹਾਨੁਭੂਤੀ ਦੀ ਜੇਹੜੀ ਭਾਵਨਾ ਸਾਹਿਤ ਵਿਚ ਕਿਸੇ ਸੰਸਕਾਰ ਨੂੰ ਪੇਸ਼ ਕਰਨ ਦੇ ਤਰੀਕੇ ਕਾਰਣ ਪਾਠਕ ਵਿਚ ਉਪਜਦੀ ਹੈ, ਉਹ ਉਸ ਨੂੰ ਸਹਿਜੇ ਹੀ ਆਪਣੀ ਪਕੜ ਵਿਚ ਕਸ ਲੈਂਦੀ ਹੈ ਅਤੇ ਉਸ ਦੇ ਮਨ ਵਿਚ ਮੌਜੂਦ ਸੰਸਕਾਰਾਂ ਨੂੰ ਪਛਾੜ ਸਾਹਿਤ ਵਿਚ ਵਿਚ ਵਰਣਿਤ ਸੰਸਕਾਰਾਂ ਨਾਲ ਉਸਦੀ ਸਾਂਝ ਪੁਆ ਜਾਂਦੀ ਹੈ। ਜਾਂ ਜੇ ਪਹਿਲੋਂ ਮੌਜੂਦ ਸੰਸਕਾਰ ਸਾਹਿਤ ਵਿਚ ਪਰਗਟ ਸੰਸਕਾਰ ਨਾਲ ਮਿਲਦਾ-ਜੁਲਦਾ ਹੋਵੇ, ਤਾਂ ਉਸਨੂੰ ਹੋਰ ਮਜ਼ਬੂਤ ਕਰ ਜਾਂਦੀ ਹੈ।

ਸਾਹਿਤ ਦੀ ਇਹ ਵਿਸ਼ੇਸ਼ ਸਮਰੱਥਾ ਹੈ ਅਤੇ ਮਨੁੱਖੀ ਸਮਾਜ ਦੀ ਉਸਾਰੀ ਵਿਚ ਸਾਹਿਤ ਆਪਣੀ ਇਸੇ ਸਮਰੱਥਾ ਕਾਰਣ ਰੋਲ ਅਦਾ ਕਰਦਾ ਆ ਰਿਹਾ ਹੈ। ਸਾਹਿਤ ਦੀ ਇਸ ਸਮ-ਰੱਥਾ ਨੂੰ ਸਮਾਜੀ ਵਿਕਾਸ ਲਈ ਨਾ ਵਰਤਣਾ ਸਾਹਿਤਕਾਰ ਦਾ ਆਪਣੀ ਸਮਾਜਿਕ ਜ਼ੁੰਮੇਵਾਰੀ ਤੋਂ

ਮੁਨਕਰ ਹੋਣਾ ਹੈ।

ਪਰੰਤੂ ਸਾਹਿਤ ਦੀ ਉਪਰੋਕਤ ਸਮਰੱਥਾ ਦਾ ਉਪਯੋਗ ਤਦੇ ਹੋ ਸਕਦਾ ਹੈ ਜੇ ਸਾਹਿਤ ਵਧ ਤੋਂ ਵਧ ਹੱਥਾਂ ਵਿਚ ਪਹੁੰਚੇ। ਜਿਹੜੇ ਸਾਹਿਤਕਾਰ ਸਾਹਿਤ ਦੀ ਰਚਨਾ ਕੇਵਲ 'ਆਪਣੇ ਲਈ' ਕਰਦੇ ਹਨ, ਉਹਨਾਂ ਸਾਮ੍ਹਣੇ ਤਾਂ ਇਹ ਮਸਲਾ ਹੀ ਪੈਦਾ ਨਹੀਂ ਹੁੰਦਾ। ਸਾਹਿਤ ਦੀ ਰਚਨਾ ਕਰਦੇ ਸਮੇਂ ਉਹਨਾਂ ਦੇ ਮਨ ਵਿਕ ਪਾਠਕ ਦਾ ਸੰਕਲਪ ਹੀ ਨਹੀਂ ਹੁੰਦਾ, ਜੇ ਹੁੰਦਾ ਹੈ ਤਾਂ ਉਹਨਾਂ ਦੇ ਆਪਣੇ ਉਦੇਸ਼ ਅਨੁਸਾਰ ਇਹ ਹੋਣਾ ਨਹੀਂ ਚਾਹੀਦਾ ਕਿਉਂਕਿ ਉਹਨਾਂ ਨੂੰ ਪਾਠਕ ਦੀ ਲੋੜ ਨਹੀਂ। ਪ੍ਰਯੋਗਵਾਦ-ਅਧੁਨਿਕਤਾ ਅਧੀਨ ਲਿਖਣ ਵਾਲੇ ਕੁਝ ਇਕ ਸਾਹਿਤਕਾਰਾਂ ਦੀਆਂ ਕੁਝ ਇਕ ਲਿਖਤਾਂ ਇਸ ਉਦੇਸ਼ ਉਤੇ ਪੂਰੀਆਂ ਵੀ ਉਤਰਦੀਆਂ ਹਨ ਅਤੇ ਇਸ ਗਲੋਂ ਉਹ ਵਧਾਈ ਦੀਆਂ ਹਕਦਾਰ ਹਨ। 'ਆਪਣੇ ਲਈ' ਲਿਖਣ ਦਾ ਮਤਲਬ ਹੈ ਕਿ ਮਨ ਵਿਚ ਪੈਦਾ ਹੋਣ ਵਾਲਾ ਕੋਈ ਵੀ ਜਜ਼ਬਾ ਕਿਸੇ ਭਾਂਤ ਵੀ ਚਿਤਰਿਆ ਜਾ ਸਕਦਾ ਹੈ, ਉਦੇਸ਼ ਕੇਵਲ ਇਤਨਾ ਹੁੰਦਾ ਹੈ ਕਿ ਸਾਹਿਤਕਾਰ ਉਸ ਪੈਦਾ ਹੋ ਚੁੱਕੇ ਜਜ਼ਬੇ ਨੂੰ ਉਗਲਕੇ ਸ਼ਾਂਤੀ ਨਸੀਬ ਕਰਨਾ ਚਾਹੁੰਦਾ ਹੈ। ਪਰੰਤੂ ਜਿਹੜੇ ਸਾਹਿਤਕਾਰ ਮਨੁੱਖੀ ਜਜ਼ਬਿਆਂ ਦੀ ਨਿਪਟ ਅਭਿਵਿਅਕਤੀ ਨਾਲ ਸੰਤੁਸ਼ਟ ਨਾ ਹੋਕੇ, ਆਪਣੀ ਸਮਝ ਅਨੁਸਾਰ, ਲੋਕ-ਜਜ਼ਬਿਆਂ ਨੂੰ ਬਦਲਣਾ, ਵਿਉਂਤਣਾ ਅਤੇ ਕਿਸੇ ਖਾਸ ਪਾਸੇ ਵਲ ਮੋੜਨਾ ਚਾਹੁੰਦੇ ਹਨ, ਉਹਨਾਂ ਲਈ 'ਪਾਠਕਾਂ' ਦਾ ਮਸਲਾ ਬੇਅੰਤ ਅਹਿਮ ਹੈ।

ਪੰਜਾਬੀ ਸਾਹਿਤ ਦੀ ਇਹ ਤ੍ਰਾਸਦੀ ਰਹੀ ਹੈ ਕਿ ਪੰਜਾਬੀ ਦਾ ਕੋਈ ਵੀ ਸਾਹਿਤਕਾਰ 'ਸਾਹਿਤ ਰਚਨਾ' ਨੂੰ ਕਿੱਤੇ ਦੇ ਤੌਰ ਤੇ ਨਹੀਂ ਆਪਣਾ ਸਕਿਆ। ਇਹ ਠੀਕ ਹੈ ਕਿ ਪੰਜਾਬੀ ਵਿਚ ਕੁਝ ਇਕ ਸਾਹਿਤਕਾਰਾਂ ਦੀਆਂ ਰਚਨਾਵਾਂ ਇਿ ਨੀਆਂ ਕੁ ਵਿਕ ਜਾਂਦੀਆਂ ਹਨ ਕਿ ਉਨ੍ਹਾਂ ਦਾ ਔਖੇ ਸੌਖੇ ਗੁਜ਼ਾਰਾ ਚੱਲ ਸਕੇ। ਪਰ ਬਹੁਤੇ ਸਾਹਿਤਕਾਰਾਂ ਨੂੰ ਆਪਣੀ ਉਪਜੀਵਕਾ ਪ੍ਰਾਪਤੀ ਲਈ ਕੋਈ ਹੋਰ ਕਿੱਤਾ ਅਖਤਿਆਰ ਕਰਨਾ ਪੈਂਦਾ ਹੈ। ਸਾਡੀ ਉਪਰੋਕਤ ਚਰਚਾ ਅਨੁਸਾਰ ਜੇ ਸਾਹਿਤ ਦਾ ਮੰਤਵ ਕੁਥਾਂ ਜੁੜੇ ਜਜ਼ਬਿਆਂ ਨੂੰ ਥਾਂ ਸਿਰ ਲਾਉਣਾ ਹੈ ਅਰਥਾਤ ਸਮਾਜਿਕ ਉਸਾਰੀ ਦੇ ਕਾਨੂੰਨ ਅਨੁਸਾਰ ਸਮਾਜਿਕ ਸੰਸਕ੍ਰਿਤੀ ਨੂੰ ਰੂਪ ਰੂਪ ਦੇਣਾ ਹੈ, ਤਾਂ ਸਾਹਿਤ ਦਾ ਇਹ ਕਰਤੱਵ ਹੋਰ ਕਿੱਤਿਆਂ ਦੇ ਮੁਕਾਬਲੇ ਵਿਚ ਕਿਸੇ ਤਰ੍ਹਾਂ ਵੀ ਘੱਟ ਮੁੱਲ ਵਾਲਾ ਨਹੀਂ। ਜੇ ਅਸੀਂ ਹੋਰ ਕਿੱਤਾਕਾਰਾਂ ਵਾਸਤੇ ਮੰਗ ਕਰਦੇ ਹਾਂ ਕਿ ਉਹਨਾਂ ਦੇ ਕਿੱਤੇ ਉਹਨਾਂ ਦੀਆਂ ਜੀਵਨ-ਲੋੜਾਂ ਦੀ ਪੂਰਤੀ ਲਈ ਆਵਸ਼ਕ ਕਮਾਈ ਦਾ ਸਾਧਨ ਬਣਨ, ਤਾਂ ਕੋਈ ਵਜ੍ਹਾ ਨਹੀਂ ਕਿ ਸਾਹਿਤਕਾਰੀ ਦੇ ਮਹੱਤਵ ਪੂਰਣ ਕਿੱਤੇ ਕੋਲੋਂ ਇਹ ਮੰਗ ਕਿਉਂ ਨਾ ਕੀਤੀ ਜਾਵੇ। ਸਾਹਿਤਕਾਰੀ ਵਲ ਦੇਸ ਦੇ ਪ੍ਰਤਿਭਸ਼ਾਲੀ ਵਿਅਕਤੀਆਂ ਨੂੰ ਆਕਰਸ਼ਿਤ ਕਰਨ ਲਈ, ਅਤੇ ਸਾਹਿਤਕਾਰ ਦੀ ਸਮੁੱਚੀ ਪ੍ਰਤਿਭਾ, ਸਮਾਂ ਅਤੇ ਸ਼ਕਤੀ ਨੂੰ ਨਰੋਏ ਸਾਹਿਤ ਦੀ ਸਿਰਜਣਾ ਵਾਸਤੇ ਵਰਤਣ ਲਈ ਲਾਜ਼ਮੀ ਹੈ ਕਿ ਸਾਹਿਤਕਾਰ ਨੂੰ ਆਪਣੀਆਂ ਜੀਵਨ-ਆਵਸ਼ਕਤਾਵਾਂ ਦੀ ਪੂਰਤੀ ਵਾਸਤੇ ਕਿਸੇ ਹੋਰ ਕਿੱਤੇ ਦੇ ਹੱਥਾਂ ਵਲ ਨਾ ਝਾਕਣਾ ਪਵੇ। ਸਾਹਿਤ ਦੀ ਪ੍ਰਫੁੱਲਤਾ ਵਾਸਤੇ ਸਾਹਿਤਕਾਰ ਦਾ ਪਦਾਰਥਕ ਲੋੜਾਂ ਤੋਂ ਮੁਕਤ ਹੋਣਾ ਆਵੱਸ਼ਕ ਹੈ ਅਤੇ ਇਹ ਤਾਂ ਹੀ ਹੋ ਸਕਦਾ ਹੈ ਜੇ ਪੰਜਾਬੀ ਸਾਹਿਤ ਦੇ ਪਾਠਕਾਂ ਦੀ ਘਾਟ ਦੀ ਸਮੱਸਿਆ ਨੂੰ ਹਲ ਕੀਤਾ ਜਾਏ।

ਇਸਦਾ ਮਤਲਬ ਇਹ ਬਿਲਕੁਲ ਨਹੀਂ ਕਿ ਸਾਹਿਤ-ਸਿਰਜਣਾ ਦਾ ਕਾਰਜ ਪਦਾਰਥਕ ਲੋੜਾਂ ਦੀ ਪੂਰਤੀ ਦੇ ਅਧੀਨ ਹੋ ਜਾਏ। ਸਗੋਂ ਪਾਠਕਾਂ ਦੀ ਘਾਟ ਦੀ ਸਮੱਸਿਆ ਦੇ ਹਲ ਹੋ ਜਾਣ

ਨਾਲ ਸਾਹਿਤ ਦੀ 'ਸੁਤੰਤਰ' ਸਿਰਜਣਾ ਲਈ ਵਧੇਰੇ ਰਾਹ ਖੁਲ੍ਹਦੇ ਹਨ। ਸਾਡੇ ਵਿਚੋਂ ਬਹੁਤੇ ਇਸ ਗੱਲ ਨੂੰ ਜਾਣਦੇ ਹਨ ਕਿ ਕਈ ਵਾਰੀ 'ਉਪਜੀਵਕਾ ਦੀ ਥੁੜ' ਸਾਹਿਤਕਾਰ ਨੂੰ ਚਲਾਵਾਂ (Trash) ਸਾਹਿਤ ਰਚਣ ਲਈ ਵੀ ਮਜਬੂਰ ਕਰ ਦਿੰਦੀ ਹੈ। ਸਾਹਿਤਕਾਰ ਪਾਠਕ ਦੀਆਂ ਬਣ ਚੁਕੀਆਂ ਗ਼ਲਤ ਭਾਂਤ ਦੀਆਂ ਰੁਚੀਆਂ ਦੇ ਅਨੁਸਾਰੀ ਸਾਹਿਤ ਦੀ ਸਿਰਜਣਾ ਕਰਕੇ ਆਪਣੇ ਪਾਠਕਾਂ ਦੀ ਸੰਖਿਆ ਵਧਾਉਣ ਵਿਚ ਖਚਿਤ ਹੋ ਜਾਂਦਾ ਹੈ ਅਤੇ ਇਉਂ ਸਾਹਿਤ ਦੇ ਮੂਲ ਮੰਤਵ ਤੋਂ ਹੀ ਘੁਸ ਜਾਂਦਾ ਹੈ। ਜੇ ਪਾਠਕਾਂ ਦੀ ਸੰਖਿਆ ਅਧਿਕ ਹੋਵੇ ਤਾਂ ਕੋਈ ਵਜ੍ਹਾ ਨਹੀਂ ਕਿ ਸਾਹਿਤਕਾਰ 'ਵਿਸ਼ੇਸ਼ ਰੁਚੀ', ਦੇ ਪਾਠਕਾਂ ਲਈ ਹੀ ਲਿਖਣ ਵਾਸਤੇ ਮਜਬੂਰ ਹੋਵੇ ਅਤੇ ਬਹੁਸੰਖਿਅਕ ਪਾਠਕਾਂ ਵਿਚੋਂ ਸਾਹਿਤਕਾਰ ਦੀ ਆਪਣੀ ਰੁਚੀ ਦੇ ਅਨੁਸਾਰੀ ਪਾਠਕ ਨਾ ਨਿਕਲਣ।

ਵਰਤਮਾਨ ਪੰਜਾਬੀ ਸਾਹਿਤ ਬਾਬਤ ਸਾਹਿਤ ਦੇ ਸਿਆਣੇ ਅਤੇ ਗੰਭੀਰ ਪਾਠਕਾਂ ਨੂੰ ਸਭ ਤੋਂ ਵਡੀ ਸ਼ਕਾਇਤ ਇਹ ਰਹੀ ਹੈ ਕਿ ਇਸ ਵਿਚ ਹੋਰ ਭਾਵੇਂ ਕੁਝ ਵੀ ਹੋਵੇ, 'ਸਾਹਿਤ' ਨਹੀਂ ਹੁੰਦਾ। ਕੁਝ ਇਕ ਸਾਹਿਤਕਾਰਾਂ ਦੀਆਂ ਕੁਝ ਇਕ ਲਿਖਤਾਂ ਨੂੰ ਛੱਡਕੇ ਇਹ ਗੱਲ ਪੰਜਾਬ ਦੇ ਸਾਰੇ ਸਾਹਿਤ ਉਤੇ ਹੀ ਲਾਗੂ ਹੁੰਦੀ ਹੈ। ਜਿਹੜੇ ਸਾਹਿਤਕਾਰ ਸਾਹਿਤ ਨੂੰ ਸਮਾਜਿਕ ਪ੍ਰਗਤੀ ਦਾ ਵਸੀਲਾ ਮੰਨਕੇ ਚਲਦੇ ਹਨ, ਉਨ੍ਹਾਂ ਦੀਆਂ ਰਚਨਾਵਾਂ ਵਿਚ 'ਸਿਧਾਂਤ' ਹੁੰਦਾ ਹੈ ਅਤੇ ਜਿਹੜੇ 'ਸਾਹਿਤ; ਸਾਹਿਤ ਲਈ' ਦੇ ਪਰਦੇ ਉਹਲੇ ਆਪਣੇ ਘਟੀਆ ਕਿਸਮ ਦੇ ਆਪ-ਸਹੇੜੇ ਵਿਸ਼ਾਦ ਨੂੰ ਪ੍ਰਗਟ ਕਰਕੇ ਸਮਾਜਿਕ ਜ਼ਿੰਮੇਵਾਰੀ ਤੋਂ ਮੁਕਤ ਹੋਣਾ ਲੋੜਦੇ ਹਨ ਉਹ ਤੀਸ ਮਾਰ ਖਾਂ ਅਖਵਾਉਣ ਲਈ ਪਛਮ ਦੀਆਂ ਸਮਾਂ ਵਿਹਾ ਚੁਕੀਆਂ ਹਰਾਸਮਈ ਪ੍ਰਵਿਰਤੀਆਂ ਵਿਅਕਤੀਵਾਦ, ਪ੍ਰਯੋਗਵਾਦ, ਰੂਪਵਾਦ, ਵਿਚਿਤਰਤਾਵਾਦ ਆਦਿ ਦੀ ਗ਼ੁਲਾਮੀ ਕਰਨ ਵਿਚ ਆਜ਼ਾਦੀ ਸਮਝਦੇ ਹਨ। ਇਹ ਦੋਵੇਂ ਕਿਸਮ ਦੇ ਸਾਹਿਤਕਾਰ ਸਾਡੇ ਸਮਾਜ ਦੀ ਪੈਟੀਬੁਰਜੂਆ ਜਮਾਤ ਨਾਲ ਸੰਬੰਧਿਤ ਹੋਣ ਕਾਰਣ ਜ਼ਿੰਦਗੀ ਨਾਲੋਂ ਟੁੱਟੇ ਹੋਏ ਹਨ। ਪ੍ਰਗਤਿਵਾਦੀ, ਸਿਧਾਂਤ ਦੇ ਜ਼ੋਰ ਤੇ ਜ਼ਿੰਦਗੀ ਨਾਲ ਜੁੜਣ ਦਾ ਯਤਨ ਕਰਦੇ ਹਨ, ਪਰ ਸਿਧਾਂਤ ਸੇਧ ਹੁੰਦੀ ਹੈ, ਜ਼ਿੰਦਗੀ ਨਹੀਂ। ਪ੍ਰਯੋਗਵਾਦੀ ਆਧੁਨਿਕਤਾਵਾਦੀ ਤਾਂ ਖ਼ੈਰ ਜ਼ਿੰਦਗੀ ਨਾਲ ਜੁੜਨ ਵਿਚ ਆਪਣੀ ਹੇਠੀ ਸਮਝਦੇ ਹਨ। ਆਪਣੀ ਢਾਈ ਇੱਟਾਂ ਦੀ ਅਲੱਗ ਮਸੀਤ ਉਸਾਰਕੇ ਇਸ ਵਿਚੋਂ ਅੱਲਾ ਦੇ ਘਰ ਦੀ ਜਿਹੜੀ ਆਵਾਜ਼ ਉਨ੍ਹਾਂ ਦੇ ਕੰਨੀਂ ਪੈਂਦੀ ਹੈ, ਉਸਨੂੰ ਆਪਣਾ ਅਤੇ ਸਾਹਿਤ ਦਾ ਈਮਾਨ ਬਣਾ ਬੈਠੇ ਹਨ। ਪਰ ਜ਼ਿੰਦਗੀ ਦੇ ਅਨੁਭਵ ਤੋਂ ਸੱਖਣੇ ਸਾਹਿਤਕਾਰ ਨੂੰ ਸਾਹਿਤ ਕਦੀ ਮੁਆਫ ਨਹੀਂ ਕਰਦਾ। ਇਸ ਲਈ ਵਰਤਮਾਨ ਸਾਹਿਤ ਦਾ ਬਹੁਤਾ ਭਾਗ ਜਾਂ ਤਾਂ ਨਿਰਾ ਸਿਧਾਂਤ ਦਾ ਕਾਵਿਕ ਪ੍ਰਗਟਾ ਬਣਕੇ ਰਹਿ ਗਇਆ ਹੈ ਅਤੇ ਜਾਂ ਫਿਰ ਉਹ ਵੀ ਨਹੀਂ ਰਹਿ ਗਇਆ।

ਪੰਜਾਬੀ ਸਾਹਿਤ ਦੀ ਇਹ ਘਾਟ ਵੀ ਤਾਂ ਹੀ ਦੂਰ ਹੋ ਸਕਦੀ ਹੈ ਜੇ ਸਾਹਿਤਕਾਰਾਂ ਦਾ ਜ਼ਿੰਦਗੀ ਨਾਲ ਸੰਪਰਕ ਵਧੇ। ਜ਼ਿੰਦਗੀ ਦੀ ਨੇੜਤਾ ਮਾਨਣ ਦਾ ਇਕ ਤਰੀਕਾ ਪਾਠਕਾਂ ਦੀ ਗਿਣਤੀ ਵਿਚ ਵਾਧਾ ਵੀ ਹੋ ਸਕਦਾ ਹੈ। ਜਦੋਂ ਸਮਾਜ ਦੇ ਹਰੇਕ ਵਰਗ ਵਿਚੋਂ ਸਾਹਿਤ ਦੇ ਨਵੇਂ ਪਾਠਕ ਪੈਦਾ ਹੋਣ ਲੱਗ ਪੈਣਗੇ, ਤਾਂ ਉਹ ਆਪਣਾ ਅਨੁਭਵ ਨਾਲ ਲੈ ਕੇ ਆਉਣਗੇ। ਪੰਜਾਬੀ ਸਾਹਿਤ ਬਾਬਤ ਇਹ ਆਪਣੇ ਅਨੁਭਵ ਅਨੁਸਾਰ ਰਾਏ ਬਣਾਉਣਗੇ। ਇਨ੍ਹਾਂ ਪਾਠਕਾਂ ਦੀ ਰਾਇ ਬਾਬਤ ਧਿਆਨ ਦਿਤਿਆਂ ਲਾਜ਼ਮੀ ਹੈ ਕਿ ਸਾਹਿਤਕਾਰਾਂ ਦੀਆਂ ਬਹੁਤ ਸਾਰੀਆਂ ਗਲਤੀਆਂ ਦੂਰ ਹੋ ਜਾਣ। ਪੰਜਾਬੀ ਸਾਹਿਤਕਾਰਾਂ ਨੂੰ ਅੱਜ ਦੀ ਸਥਿਤੀ ਵਿਚ ਜਿਹੜੇ ਥੋੜੇ ਜਿਹੇ ਪੱਕੇ ਗਾਹਕ

ਨਸੀਬ ਹੁੰਦੇ ਹਨ, ਉਨ੍ਹਾਂ ਦੀਆਂ ਰਾਵਾਂ ਆਮ ਤੌਰ ਤੇ ਪੱਕ ਚੁੱਕੀਆ ਹਨ। ਇਸ ਲਈ ਨਵੀਆਂ ਲਿਖਤਾਂ ਦਾ ਮੂਲਿਆਂਕਣ ਉਹ ਆਪਣੀ ਬਣ ਚੁਕੀ ਰਾਇ ਮੁਤਾਬਕ ਕਰਦੇ ਹਨ। ਉਹ ਕਿਸੇ ਨਵੀਂ ਲਿਖਤ ਦੀ ਪਰਖ ਕਰਨ ਲੱਗਿਆਂ ਇਹ ਮੰਨਕੇ ਚਲਦੇ ਹਨ ਕਿ ਫਲਾਣੇ ਸਾਹਿਤਕਾਰ ਨੇ ਆਪਣੀਆਂ ਫਲਾਣੀਆਂ ਰਚਨਾਵਾਂ ਵਿਚ ਇਸ ਭਾਂਤ ਦੀ ਕੋਈ ਗੱਲ ਕਹੀ ਸੀ। ਹੁਣ ਇਸ ਭਾਂਤ ਤੋਂ ਵੱਖਰੀ ਗੱਲ ਉਹ ਕਿਵੇਂ ਕਰ ਸਕਦਾ ਹੈ। ਇਸ ਲਈ ਉਸ ਦੀ ਨਵੀਂ ਲਿਖਤ ਵਿਚ ਵੀ ਉਹੀ ਕੁਝ, ਘੱਟੋ ਘੱਟ ਉਸ ਨਾਲ ਮਿਲਦਾ ਜੁਲਦਾ ਹੀ ਹੋਵੇਗਾ। ਨਵੇਂ ਲਿਖਾਰੀਆਂ ਦਾ ਤਾਂ ਇੰਨ੍ਹਾਂ ਹਾਲਾਤ ਵਿਚ, ਰੱਬ ਹੀ ਰਾਖਾ ਹੈ। ਅੱਵਲ ਤਾਂ ਉਨ੍ਹਾਂ ਨੂੰ ਕੋਈ ਪਾਠਕ ਹੀ ਨਹੀਂ ਲੱਭਦਾ। ਜੇ ਖ਼ੁਸ਼ਕਿਸਮਤੀ ਨਾਲ ਲੱਭ ਜਾਏ ਤਾਂ ਉਸ ਪਾਠਕ ਨੂੰ ਉਸ ਸਾਹਿਤਕਾਰ ਦਾ ਮੁੱਲ ਪਾਉਣਾ ਔਖਾ ਹੋ ਜਾਂਦਾ ਹੈ ਕਿਉਂਕਿ ਉਸ ਨਵੇਂ ਸਾਹਿਤਕਾਰ ਬਾਬਤ ਉਸ ਦੀ ਜਾਂ ਕਿਸੇ ਹੋਰ ਦੀ ਕੋਈ ਰਾਇ ਪਹਿਲੋਂ ਮੌਜੂਦ ਨਹੀਂ ਹੁੰਦੀ।

ਸੋ ਸਾਹਿਤ ਦੇ ਰਾਹੀਂ ਸੰਸਕ੍ਰਿਤੀ ਦੇ ਪਸਾਰ, ਸਾਹਿਤਕਾਰੀ ਨੂੰ ਕਿੱਤਾ ਬਣਾਉਣ ਦੀ ਲੋੜ, ਸਾਹਿਤ ਵਿਚ ਜੀਵਨ ਅਨੁਭਵ ਦੀ ਪੇਸ਼ਕਾਰੀ ਅਤੇ ਨਵੀਆਂ ਲਿਖਤਾਂ ਦੇ ਸਹੀ ਮੂਲਿਆਂਕਣ ਵਾਸਤੇ ਲਾਜ਼ਮੀ ਬਣ ਜਾਂਦਾ ਹੈ ਕਿ ਪੰਜਾਬੀ ਸਾਹਿਤ ਨੂੰ ਜਿਸ ਭਾਂਤ ਦੀ ਪਾਠਕ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਸ ਦੇ ਹੱਲ ਦੇ ਕੋਈ ਠੋਸ, ਅਮਲੀ ਅਤੇ ਸਹੀ ਵਸੀਲੇ ਲੱਭੇ ਜਾਣ।

( 2 )

ਪੰਜਾਬੀ ਭਾਸ਼ੀਆਂ ਦੀ ਗਿਣਤੀ ਦੋ ਕਰੋੜ ਦੇ ਕਰੀਬ ਹੈ। ਸੋ ਪੰਜਾਬੀ ਬੋਲੀ ਵਿਚ ਲਿਖੇ ਪੰਜਾਬੀ ਸਾਹਿਤ ਦਾ ਪ੍ਰਭਾਵ ਖੇਤਰ ਇਨ੍ਹਾਂ ਦੋ ਕਰੋੜ ਲੋਕਾਂ ਤਕ ਸੀਮਤ ਹੈ। ਇਹ ਦੋ ਕਰੋੜ ਲੋਕੀਂ ਪੰਜਾਬੀ ਬੋਲੀ ਮਾਂ ਦੇ ਦੁੱਧ ਨਾਲ ਸਿਖਦੇ ਹਨ। ਇਨ੍ਹਾਂ ਨੂੰ ਪੰਜਾਬੀ ਬੋਲੀ ਦੇ ਗਿਆਨ ਲਈ ਕਿਸੇ ਭਾਂਤ ਦੀ ਸਿੱਖਿਆ ਦੀ ਲੋੜ ਨਹੀਂ। ਪਰੰਤੂ ਇਨ੍ਹਾਂ ਵਿਚੋਂ ਅੱਧਿਆਂ ਤੋਂ ਘੱਟ ਅਜਿਹੇ ਲੋਕੀਂ ਹਨ ਜਿਹੜੇ ਲਿਖਤੀ ਪੰਜਾਬੀ ਪੜ੍ਹ ਸਕਦੇ ਹਨ। ਇਸ ਲਈ ਸਾਨੂੰ ਪੰਜਾਬੀ ਸਾਹਿਤ ਦੀ ਪਾਠਕ ਸਮੱਸਿਆ ਦਾ ਹੱਲ ਦੋ ਪੱਧਰਾਂ ਉਤੇ ਲੱਭਣਾ ਪਏਗਾ। ਜਿਥੋਂ ਤਕ ਪੰਜਾਬੀ ਸਾਹਿਤ ਦੇ ਅਜਿਹੇ ਵਸੀਲਿਆਂ ਦਾ ਸਵਾਲ ਹੈ ਜਿਨ੍ਹਾਂ ਦੀ ਵਰਤੋਂ ਕਰਕੇ ਕੇਵਲ ਅੱਖਾਂ ਅਤੇ ਕੰਨਾਂ ਦੀ ਸਹਾਇਤਾ ਨਾਲ ਸਾਹਿਤ ਅਧਿਅਨ ਕਰਵਾਇਆ ਜਾ ਸਕੇ, ਇਹ ਵਸੀਲੇ ਸਮੂਹ ਪੰਜਾਬੀ ਭਾਸ਼ੀ ਲੋਕਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ। ਪਰੰਤੂ ਜਿਥੋਂ ਤਕ ਕੇਵਲ ਲਿਖਤੀ ਸਾਹਿਤ ਦੇ ਪੜ੍ਹਨ ਦੀ ਸਮੱਸਿਆ ਹੈ, ਸਾਹਿਤ ਅਧਿਅਨ ਦੇ ਯੋਗ ਵਿਅਕਤੀ ਕੋਈ 30 ਫੀ ਸਦੀ ਦੇ ਕਰੀਬ ਹਨ ਜਿਨ੍ਹਾਂ ਵਿਚ ਵਿਦਿਆ ਦੇ ਵਸੀਲਿਆ ਅੰਦਰ ਹੋ ਰਹੇ ਨਿੱਤ ਵਾਧੇ ਦੇ ਕਾਰਣ, ਨਿੱਤ ਨਵੇਂ ਪਾਠਕਾਂ ਦੀ ਗਿਣਤੀ ਵਧਣ ਦੀ ਸੰਭਾਵਨਾ ਬਣੀ ਰਹਿੰਦੀ ਹੈ।

ਪੰਜਾਬੀ ਭਾਸ਼ੀ ਲੋਕਾਂ ਦਾ ਇਕ ਸਾਂਝਾ ਲੱਛਣ ਇਹ ਹੈ ਕਿ ਇਨ੍ਹਾਂ ਵਿਚ ਸਾਹਿਤਕ ਰਸ ਮਾਨਣ ਅਤੇ ਸੰਸਕ੍ਰਿਤਕ ਪੱਧਰ ’ਤੇ ਜੀਵਨ ਹੰਢਾਉਣ ਦੀ ਭੁੱਖ ਬੇਇੰਤਹਾ ਹੈ। ਪੰਜਾਬ ਵਿਚ ਪੈਦਾ ਹੋਏ ਧਾਰਮਿਕ ਅੰਦੋਲਨਾਂ ਦੁਆਰਾ ਕੀਤੇ ਸਾਹਿਤਕ ਅਤੇ ਸੰਸਕ੍ਰਿਤਕ ਯਤਨਾਂ, ਕਿੱਸਾ ਕਵੀਆਂ ਦੀਆਂ ਕੋਸ਼ਿਸ਼ਾਂ ਅਤੇ ਰਾਸ ਧਾਰੀਆਂ, ਭੰਡਾਂ, ਨਕਲੀਆਂ, ਵਾਰਕਾਰਾਂ ਆਦਿ ਦੇ ਉਪਰਾਲਿਆਂ ਸਦਕਾ ਇਨ੍ਹਾਂ ਲੋਕਾਂ ਦੀ ਸੰਸਕ੍ਰਿਤਕ ਭੁੱਖ ਸਦਾ ਬਲਵਾਨ ਹੁੰਦੀ ਰਹੀ ਹੈ। ਇਸ ਲਈ ਸਾਡੇ ਸਾਹਮਣੇ

ਸਮੱਸਿਆ ਪੰਜਾਬੀ ਭਾਸ਼ੀ ਲੋਕਾਂ ਨੂੰ ਸਾਹਿਤਕ ਚੇਟਕ ਲਾਉਣ ਦੀ ਨਹੀਂ ਸਗੋਂ ਪਹਿਲੋਂ ਹੀ ਮੌਜੂਦ ਸਾਹਿਤਕ ਚੇਟਕ ਦੀ ਤ੍ਰਿਪਤੀ ਵਾਸਤੇ ਸਹੀ ਵਸੀਲੇ ਲੱਭਣ ਦੀ ਹੈ । ਇਹ ਲੋਕ ਚਿਰ ਕਾਲ ਤੋਂ ਜ਼ਿੰਦਗੀ ਨੂੰ ਪੈਂਦੇ ਆਰਥਿਕ, ਰਾਜਨੀਤਕ ਅਤੇ ਸਮਾਜਿਕ ਮਸਲੇ ਆਪਣੇ ਤਜਰਬੇ ਵਿਚੋਂ ਪ੍ਰਾਪਤ ਗਿਆਨ ਦੇ ਆਧਾਰ ਉਤੇ ਨਜਿੱਠਦੇ ਆ ਰਹੇ ਹਨ । ਬੱਸਾਂ, ਗੱਡੀਆਂ ਅਤੇ ਹੋਰ ਜਨਤਕ ਸਥਾਨਾਂ ਉਤੇ ਅਨਪੜ੍ਹ ਲੋਕਾਂ ਵਿਚਕਾਰ ਚਲਦੀ ਚਰਚਾ 'ਇਸ ਗੱਲ ਦਾ ਪ੍ਰਮਾਣ ਹੈ ਕਿ ਇਹ ਲੋਕ ਜੀਵਨ ਦੇ ਗੁੰਝਲਦਾਰ ਮਸਲਿਆਂ ਵਿਚ ਨਾ ਕੇਵਲ ਭਾਰੀ ਦਿਲਚਸਪੀ ਹੀ ਲੈਂਦੇ ਹਨ, ਸਗੋਂ ਕਾਫੀ ਹੱਦ ਤੀਕ ਉਨ੍ਹਾਂ ਨੂੰ ਸਮਝਣ. ਵਿਉਂਤਣ ਅਤੇ ਨਜਿੱਠਣ ਦੀ ਸਮਰੱਥਾ ਵੀ ਰੱਖਦੇ ਹਨ । ਇਸ ਲਈ ਕੋਈ ਕਾਰਣ ਨਹੀਂ ਕਿ ਸਾਹਿਤ ਵਰਗੇ ਸੁਖੈਨ ਅਤੇ ਮਨੋਰੰਜਕ ਰੂਪ ਵਿਚ ਪੇਸ਼ ਜਟਿਲ ਸਮੱਸਿਆਵਾਂ ਇਨ੍ਹਾਂ ਦੀ ਸਮਝ ਵਿਚ ਨਾ ਆਉਣ । ਸੋ ਸਾਨੂੰ ਇਹ ਮੰਨ ਕੇ ਚਲਣਾ ਚਾਹੀਦਾ ਹੈ ਕਿ ਪੰਜਾਬੀ ਭਾਸ਼ੀ ਲੋਕ ਸਾਹਿਤ ਰਾਹੀਂ ਜ਼ਿੰਦਗੀ ਦੇ ਔਖੇ ਤੋਂ ਔਖੇ ਮਸਲੇ ਸਮਝ ਸਕਦੇ ਹਨ, ਜੇ ਕਿਸੇ ਵਿਸ਼ੇਸ਼ਵਿਉਂਤ ਅਨੁਸਾਰ ਉਨ੍ਹਾਂ ਦੀ ਜ਼ਿੰਦਗੀ ਨਾਲ ਸਬੰਧਿਤ ਸਵਾਲਾਂ ਨੂੰ ਪੇਸ਼ ਕੀਤਾ ਜਾਵੇ ।

( 3 )

ਸਾਹਿਤ ਦੇ ਪਸਾਰ ਲਈ ਯਤਨ ਸਰਕਾਰੀ ਅਤੇ ਗੈਰਸਰਕਾਰੀ ਦੋਹਾਂ ਪੱਧਰਾਂ ਉਤੇ ਕੀਤੇ ਜਾ ਸਕਦੇ ਹਨ । ਜਿਥੋਂ ਤਕ ਗੈਰ ਸਰਕਾਰੀ ਯਤਨਾਂ ਦਾ ਸਵਾਲ ਹੈ, ਪੰਜਾਬੀ ਸਾਹਿਤ ਵਿਚ ਕਈ ਵਰ੍ਹਿਆਂ ਤੋਂ ਅਜਿਹੇ ਯਤਨ ਪੰਜਾਬੀ ਦੀਆਂ ਵਿਭਿੰਨ ਸਾਹਿਤ ਸਭਾਵਾਂ ਕਰਦੀਆਂ ਆ ਰਹੀਆਂ ਹਨ । ਇਨ੍ਹਾਂ ਸਭਾਵਾਂ ਨੇ ਜਿਥੇ ਨਵੇਂ ਲੇਖਕ ਪੈਦਾ ਕੀਤੇ ਹਨ ਉਥੇ ਨਵੇਂ ਪਾਠਕ ਵੀ ਪੈਦਾ ਕੀਤੇ ਹਨ । ਪਰੰਤੂ ਇਹ ਦੋਵੇਂ ਕੰਮ ਗੋਹੜੇ ਵਿਚੋਂ ਪੂਣੀ ਕੱਤਣ ਦੇ ਸਮਾਨ ਹੀ ਨੇਪਰੇ ਚੜ੍ਹੇ ਹਨ । ਇਕ ਤਾਂ ਸਾਹਿਤ ਸਭਾਵਾਂ ਦੀ ਗਿਣਤੀ ਹੀ ਇਤਨੀ ਘੱਟ ਹੈ ਕਿ ਉਹ ਸਮੂਹ ਪੰਜਾਬੀਆਂ ਨਾਲ ਰਿਸ਼ਤਾ ਕਾਇਮ ਨਹੀਂ ਕਰ ਸਕਦੀਆਂ । ਦੂਸਰੇ ਉਨ੍ਹਾਂ ਨੇ ਪਾਠਕਾਂ ਦੇ ਪੱਖੋਂ ਆਪਣੇ ਕਰਤਵ ਉਤੇ ਕਦੀ ਗੰਭੀਰ ਰੂਪ ਵਿਚ ਵਿਚਾਰ ਹੀ ਨਹੀਂ ਕੀਤਾ । ਇਨ੍ਹਾਂ ਸਭਾਵਾਂ ਦੇ ਕਾਰਜ ਖੇਤਰ ਉਤੇ ਝਾਤ ਮਾਰਿਆਂ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਕੁਝ ਦੋਸਤ ਮਿੱਤਰ ਸਿਰਫ ਆਪਣੀ ਸਾਹਿਤਕ ਭੁੱਖ ਦੀ ਤ੍ਰਿਪਤੀ ਲਈ ਜੁੜ ਬੈਠੇ ਹੋਣ । ਬਾਹਰਲੇ ਦਾਇਰਿਆਂ ਵਿਚੋਂ ਆਉਣ ਵਾਲੇ ਨਵੇਂ ਮੈਂਬਰਾਂ ਦਾ ਇਹ ਸਾਹਿਤ ਸਭਾਵਾਂ ਸੁਆਗਤ ਕਰਦੀਆਂ ਹਨ ਅਤੇ ਇਉਂ ਕੁਝ ਨਾ ਕੁਝ ਨਵੇਂ ਪਾਠਕ ਜਾਂ ਲੇਖਕ ਇਨ੍ਹਾਂ ਨਾਲ ਜੁੜਦੇ ਰਹਿੰਦੇ ਹਨ, ਪਰੰਤੂ ਅਜਿਹੀ ਚੇਸ਼ਟਾ ਨਵੇਂ ਪਾਠਕਾਂ ਅਤੇ ਲੇਖਕਾਂ ਵਲੋਂ ਹੁੰਦੀ ਹੈ, ਸਾਹਿਤ ਸਭਾਵਾਂ ਸ਼ਾਇਦ ਆਪਣੇ ਵਲੋਂ ਪਰੇਰਨਾ ਦੇਣ ਦਾ ਆਪਣਾ ਕਰਤੱਵ ਨਹੀਂ ਸਮਝਦੀਆਂ ।

ਇਨ੍ਹਾਂ ਹਾਲਤਾਂ ਵਿਚ ਪਹਿਲੀ ਗੱਲ ਤਾਂ ਇਹ ਬਣਦੀ ਹੈ ਕਿ ਸਾਹਿਤ ਸਭਾਵਾਂ ਦੀ ਗਿਣਤੀ ਵਿਚ ਚੋਖਾ ਵਾਧਾ ਕੀਤਾ ਜਾਏ । ਡਾ: ਗੁਰਚਰਨ ਸਿੰਘ ਨੇ ਸੁਝਾ ਦਿਤਾ ਸੀ ਕਿ ਸਭਾਵਾਂ ਘੱਟੋ ਘੱਟ ਬਲਾਕ ਪੱਧਰ ਉਤੇ ਜ਼ਰੂਰ ਬਣਨੀਆਂ ਚਾਹੀਦੀਆਂ ਹਨ । ਇਸ ਪਾਸੇ ਵੱਲ ਚਿਰ ਸਥਾਪਤ ਸਭਾਵਾਂ ਨੂੰ ਕਦਮ ਚੁੱਕਣਾ ਚਾਹੀਦਾ ਹੈ । ਉਨ੍ਹਾਂ ਦੇ ਕਾਰਕੁਨ ਆਪਣੇ ਆਪਣੇ ਜ਼ਿਲਿਆਂ ਵਿਚ ਪੈਂਦੇ ਬਲਾਕਾਂ ਦਾ ਲੇਖਾ ਜੋਖਾ ਕਰਕੇ ਹਰੇਕ ਬਲਾਕ ਵਿਚੋਂ ਅਜਿਹੇ ਸਰਗਰਮ ਕਾਰਿੰਦੇ ਲੱਭਣ, ਜਿਹੜੇ ਆਪਣੇ ਬਲਾਕ ਦੀ ਸਾਹਿਤ ਸਭਾ ਕਾਇਮ ਕਰਨ ਅਤੇ ਉਸ ਨੂੰ ਵਿਗਿਆਨਕ ਲੀਹਾਂ ਉੱਤੇ ਚਲਾਉਣ ।

ਇਸ ਦਾ ਮਤਲਬ ਇਹ ਨਹੀਂ ਕਿ ਇਕ ਬਲਾਕ ਵਿਚ ਜੇ ਇਕ ਤੋਂ ਵੱਧ ਸਾਹਿਤ ਸਭਾਵਾਂ ਕੰਮ ਕਰ ਰਹੀਆਂ ਹਨ, ਤਾਂ ਉਨ੍ਹਾਂ ਨੂੰ ਬੰਦ ਕਰ ਦਿਤਾ ਜਾਵੇ ਅਥਵਾ ਜਿਨ੍ਹਾਂ ਬਲਾਕਾਂ ਵਿਚ ਇਕ ਤੋਂ ਵੱਧ ਸਾਹਿਤ ਸਭਾਵਾਂ ਬਣਨ ਦੀ ਸੰਭਾਵਨਾ ਹੈ ਤਾਂ ਉਸ ਸੰਭਾਵਨਾ ਦਾ ਲਾਭ ਨਾ ਉਠਾਇਆ ਜਾਏ। ਇਹ ਤਾਂ ਸਾਡੇ ਸਾਹਮਣੇ ਘੱਟੋ ਘੱਟ ਪ੍ਰੋਗਰਾਮ ਹੈ ਜਿਹੜਾ ਹਰ ਕੀਮਤ 'ਤੇ ਅਮਲ ਵਿਚ ਆਉਣਾ ਚਾਹੀਦਾ ਹੈ।

ਇਨ੍ਹਾਂ ਸਭਾਵਾਂ ਦੇ ਕਰਨ ਗੋਚਰਾ ਦੂਸਰਾ ਕੰਮ ਪਾਠਕਾਂ ਦੀ ਗਿਣਤੀ ਵਧਾਉਣਾ ਹੈ। ਜਨਵਰੀ-ਮਾਰਚ 1969 ਦੀ 'ਸਿਰਜਣਾ' ਵਿਚ ਗੁਰਦਿਆਲ ਸਿੰਘ ਨੇ ਕੇਰਲਾ ਦੀ ਮਿਸਾਲ ਦੇ ਕੇ ਸਾਡਾ ਧਿਆਨ ਪਾਠਕ ਸਭਾਵਾਂ ਬਣਾਉਣ ਵਲ ਖਿਚਿਆ ਹੈ। ਮੇਰਾ ਖਿਆਲ ਹੈ ਕਿ ਸਾਨੂੰ ਸਾਹਿਤ ਸਭਾਵਾਂ ਨਾਲੋਂ ਵੱਖ ਪਾਠਕ ਸਭਾਵਾਂ ਦੀ ਲੋੜ ਨਹੀਂ ਸਗੋਂ ਸਾਹਿਤ ਸਭਾਵਾਂ ਦਾ ਇਹ ਇਕ ਮਹੱਤਵ ਪੂਰਣ ਉਦੇਸ਼ ਹੋਣਾ ਚਾਹੀਦਾ ਹੈ ਹਰੇਕ ਸਾਹਿਤ ਸਭਾ ਆਪਣਾ ਵਾਰਸ਼ਿਕ ਸਮਾਗਮ ਕਰਦੀ ਹੈ। ਵਾਰਸ਼ਿਕ ਸਮਾਗਮ ਉੱਤੇ ਸਾਹਿਤ ਸਭਾ ਨੂੰ ਚਾਹੀਦਾ ਹੈ ਕਿ ਉਹ ਨਵੇਂ ਪਾਠਕਾਂ ਦੀ ਗਿਣਤੀ ਦਾ ਟੀਚਾ ਮਿਥੇ। ਇਨ੍ਹਾਂ ਨਵੇਂ ਪਾਠਕਾਂ ਨੂੰ ਪੜ੍ਹਾਈਆਂ ਜਾਣ ਵਾਲੀਆਂ ਨਵੀਆਂ ਪੁਸਤਕਾਂ ਦੀ ਗਿਣਤੀ ਵੀ ਨਿਸ਼ਚਿਤ ਕਰੇ। ਇਹ ਨਵੀਆਂ ਪੁਸਤਕਾਂ ਦੋ ਸ਼੍ਰੇਣੀਆਂ ਵਿਚ ਰੱਖੀਆਂ ਜਾ ਸਕਦੀਆਂ ਹਨ। ਇਕ ਉਹ ਪੁਸਤਕਾਂ ਜਿਹੜੀਆਂ ਉਨ੍ਹਾਂ ਨੇ ਆਪਣੀਆਂ ਖਰੀਦ ਕੇ ਹੀ ਪੜ੍ਹਨੀਆਂ ਹਨ ਅਤੇ ਦੂਸਰੀ ਕਿਸਮ ਦੀਆਂ ਉਹ ਪੁਸਤਕਾਂ ਜਿਹੜੀਆਂ ਉਨ੍ਹਾਂ ਨੇ ਪੁਸਤਕਾਲਿਆਂ ਵਿਚੋਂ ਲੈ ਕੇ ਪੜ੍ਹਨੀਆਂ ਹਨ। ਅਗਲੇ ਵਾਰਸ਼ਿਕ ਸਮਾਗਮ ਉਤੇ ਹਰੇਕ ਸਾਹਿਤ ਸਭਾ ਆਪਣੇ ਪਿਛਲੇਰੇ ਸਾਲ ਦੇ ਕੰਮ ਦੀ ਜਾਂਚ ਪੜਤਾਲ ਕਰੇ ਅਤੇ ਜਾਂਚ ਪੜਤਾਲ ਦੀ ਰੌਸ਼ਨੀ ਵਿਚ ਅਗਲੇਰੇ ਸਾਲ ਦੇ ਟੀਚੇ ਮਿਥੇ।

ਪਾਠਕਾਂ ਨੂੰ ਸਾਹਿਤ ਅਧਿਅਨ ਵਾਸਤੇ ਉਤਸ਼ਾਹ ਪ੍ਰਦਾਨ ਕਰਨ ਲਈ ਉਨ੍ਹਾਂ ਦੁਆਰਾ ਪੜ੍ਹੇ ਗਏ ਸਾਹਿਤ ਬਾਬਤ ਉਨ੍ਹਾਂ ਦੀ ਰਾਇ ਜਾਨਣ ਅਤੇ ਇਸ ਰਾਏ ਦੇ ਪ੍ਰਕਾਸ਼ ਵਿਚ ਪੰਜਾਬੀ ਸਾਹਿਤ ਦੀਆਂ ਕਮਜ਼ੋਰੀਆਂ ਦੂਰ ਕਰਨ ਲਈ ਲਾਜ਼ਮੀ ਹੈ ਕਿ ਉਨ੍ਹਾਂ ਦੀ ਰਾਏ ਦਾ ਯੋਗ ਸਤਿਕਾਰ ਕੀਤਾ ਜਾਏ। ਪੰਜਾਬੀ ਦੇ ਬਹੁਤ ਸਾਰੇ ਪੱਤਰਾਂ ਵਿਚ, ਪਾਠਕਾਂ ਦੇ ਪੰਨੇ ਛਪਦੇ ਹਨ। ਇਨ੍ਹਾਂ ਪੰਨਿਆਂ ਵਿਚ ਬਹੁਤੀਆਂ ਰਾਵਾਂ 'ਵਿਸ਼ਲੇਸ਼ਣਾਤਮਕ ਸ਼ੈਲੀ' ਵਿਚ ਹੀ ਦਿਤੀਆਂ ਗਈਆਂ ਹੁੰਦੀਆਂ ਹਨ। ਇਸ ਭਾਂਤ ਦੀ ਰਾਇ ਤੋਂ ਇਹ ਤਾਂ ਪਤਾ ਲੱਗ ਜਾਂਦਾ ਹੈ ਕਿ ਪਾਠਕਾਂ ਨੂੰ ਕਿਹੜੀ ਲਿਖਤ ਚੰਗੀ ਲੱਗੀ, ਕਿਹੜੀ ਮਾੜੀ। ਪਰ ਇਹ ਰਾਵਾਂ ਕਿਉਂ ਦਾ ਉੱਤਰ ਨਹੀਂ ਦਿੰਦੀਆਂ। ਪਾਠਕਾਂ ਦੀ ਸਾਹਿਤ ਬਾਬਤ ਸਮਝ ਨੂੰ ਤਿਖਿਆਂ ਕਰਨ ਲਈ ਅਤੇ ਸਾਹਿਤਕਾਰਾਂ ਨੂੰ ਉਸ ਤਿੱਖੀ ਸਮਝ ਦਾ ਲਾਭ ਪੁਚਾਉਣ ਲਈ ਜ਼ਰੂਰੀ ਹੈ ਕਿ ਪਾਠਕਾਂ ਨੂੰ ਕਿਉਂ ਲੱਭਕੇ ਲਿਖਣ ਦੀ ਪਰੇਰਨਾ ਦਿਤੀ ਜਾਏ ਅਤੇ ਇਹ 'ਕਿਉਂ' ਪੱਤਰਾਂ ਵਿਚ ਛਾਪਿਆ ਜਾਏ।

ਉਂਝ ਤਾਂ ਨਵੇਂ ਪਾਠਕ ਜੀਵਨ ਦੇ ਕਿਸੇ ਵਰਗ ਵਿਚੋਂ ਵੀ ਆ ਸਕਦੇ ਹਨ. ਪਰ ਪਾਠਕਾਂ ਦਾ ਸਭ ਤੋਂ ਵਧੀਆ ਖੇਤਰ ਸਕੂਲ ਅਤੇ ਕਾਲਜ ਹਨ। ਵਿਦਿਆਰਥੀਆਂ ਅਤੇ ਅਧਿ-ਆਪਕਾਂ ਕੋਲ, ਸਾਹਿਤ-ਅਧਿਅਨ ਲਈ ਲੋੜੀਂਦੀ ਵਿਹਲ ਹੋਣ ਤੋਂ ਇਲਾਵਾ ਅੱਖਰ ਗਿਆਨ ਵੀ ਹੁੰਦਾ ਹੈ ਅਤੇ ਪੜ੍ਹਨ ਪੜ੍ਹਾਉਣ ਦੇ ਕੰਮ ਨਾਲ ਸੰਬੰਧਤ ਹੋਣ ਕਾਰਣ ਇਹ ਸਾਹਿਤ ਵੱਲ ਛੇਤੀ ਮੁੜ ਸਕਦੇ ਹਨ। ਇਸ ਲਈ ਸਾਹਿਤ ਸਭਾਵਾਂ ਨੂੰ ਚਾਹੀਦਾ ਹੈ ਕਿ ਉਹ ਇਸ ਖੇਤਰ ਵਿਚੋਂ

ਪਾਠਕ ਪੈਦਾ ਕਰਨ ਵੱਲ ਵਧੇਰੇ ਧਿਆਨ ਦੇਣ। ਉਂਝ ਵੀ ਸਾਡੇ ਬਹੁਤੇ ਲਿਖਾਰੀ ਇਸੇ ਵਰਗ ਨਾਲ ਸੰਬੰਧਤ ਹੁੰਦੇ ਹਨ। ਉਨ੍ਹਾਂ ਦਾ ਨਿੱਜੀ ਅਸਰ ਵੀ ਇਸ ਪਾਸੇ ਵੱਲ ਸਾਡਾ ਸਹਾਇਕ ਸਿੱਧ ਹੋ ਸਕਦਾ ਹੈ।

ਸਾਹਿਤ ਸਭਾਵਾਂ ਦਾ ਦੂਸਰਾ ਮਹੱਤਵ ਪੂਰਣ ਕਰਮ ਪੰਜਾਬੀ ਸਾਹਿਤ ਦੇ ਪਚਾਰ ਲਈ ਸਰਕਾਰੀ ਪੱਧਰ ਉਤੇ ਕਦਮ ਚੁੱਕਣ ਦਾ ਹੈ। ਪੰਜਾਬੀ ਭਾਸ਼ਾ ਦੀ ਇਹ ਖੁਸ਼ਕਿਸਮਤੀ ਹੈ ਕਿ ਇਸ ਨੂੰ ਰਾਜ ਭਾਸ਼ਾ ਹੋਣ ਦਾ ਮਾਣ ਮਿਲ ਚੁਕਿਆ ਹੈ ਅਤੇ ਇਸ ਨੂੰ ਸਿਖਿਆ ਦਾ ਮਾਧਿਅਮ ਬਣਾਉਣ ਵਾਸਤੇ ਬੜੇ ਗੰਭੀਰ ਅਤੇ ਸਿਰਤੋੜ ਜਤਨ ਹੋ ਰਹੇ ਹਨ। ਇਸ ਲਈ ਕੋਈ ਕਾਰਨ ਨਹੀਂ ਕਿ ਪੰਜਾਬੀ ਭਾਸ਼ਾ ਵਿਚ ਰਚਿਆ ਗਿਆ ਸਾਹਿਤ ਸਾਡੇ ਸੰਸਕ੍ਰਿਤਕ ਜੀਵਨ ਦਾ ਵੀ ਅੰਗ ਪਾਲਕ ਕਿਉਂ ਨਾ ਬਣੇ। ਇਸ ਸੰਬੰਧੀ ਪਹਿਲੀ ਗੱਲ ਤਾਂ ਇਹ ਹੈ ਕਿ ਪੰਜਾਬੀ ਸਾਹਿਤ ਦੀ ਪੜ੍ਹਾਈ ਸਿਖਿਆ ਵਿਭਾਗ ਜਾਂ ਯੂਨੀਵਰਸਿਟੀ ਦੀ ਹਰੇਕ ਪ੍ਰੀਖਿਆ ਲਈ ਲਾਜ਼ਮੀ ਕਰਾਰ ਦਿਤੀ ਜਾਏ। ਸਾਡੇ ਦੇਸ਼ ਵਿਚ ਜੇ ਅੰਗਰੇਜ਼ੀ ਨੂੰ ਹੁਣ ਤਕ ਅਨਿਵਾਰੀ ਵਿਸ਼ਾ ਹੋਣ ਦਾ ਮਾਣ ਪ੍ਰਾਪਤ ਰਿਹਾ ਹੈ, ਅਤੇ ਬਾਹਰਲੇ ਦੇਸ਼ਾਂ ਵਿਚ ਜੇ ਮਾਤ ਭਾਸ਼ਾ ਪੜ੍ਹਣੀ ਅਨਿਵਾਰੀ ਹੈ ਤਾਂ ਕੋਈ ਵਜਾਹ ਨਹੀਂ ਕਿ ਪੰਜਾਬੀ ਨੂੰ ਵੀ ਇਹ ਦਰਜਾ ਕਿਉਂ ਪ੍ਰਾਪਤ ਨਾ ਹੋਵੇ। ਇਸ ਦਾ ਮਤਲਬ ਨਹੀਂ ਕਿ ਦੂਸਰੇ ਵਿਸ਼ਿਆਂ ਜਾਂ ਭਾਸ਼ਾਵਾਂ ਦਾ ਅਧਿਅਨ ਬੰਦ ਕਰ ਦਿਤਾ ਜਏ, ਸਗੋਂ ਮਤਲਬ ਇਹ ਹੈ ਕਿ ਪੰਜਾਬ ਦੇ ਸੰਸਕ੍ਰਿਤਕ ਜੀਵਨ ਦੀ ਉਸਾਰੀ ਵਿਚ ਪੰਜਾਬੀਆਂ ਦੀ ਮਾਤ ਭਾਸ਼ਾ ਸਭ ਤੋਂ ਵੱਧ ਕਾਰਗਰ ਤਰੀਕੇ ਨਾਲ ਹਿੱਸਾ ਪਾ ਸਕਦੀ ਹੈ।

ਦੂਸਰੇ ਸਿੱਖਿਆ ਦੇ ਮਾਹਰਾਂ ਦੀ ਰਾਇ ਹੈ ਕਿ ਹਰੇਕ ਵਿਸ਼ੇ ਦੀ ਮੁੱਢਲੀ ਪੜ੍ਹਾਈ ਸਕੂਲੀ ਪੱਧਰ ਉਤੇ ਖਤਮ ਹੋ ਜਾਣੀ ਚਾਹੀਦੀ ਹੈ ਅਤੇ ਯੂਨੀਵਰਸਿਟੀ ਵਿਚ 'ਵਿਸ਼ੇਸ਼ਤਾ' ਪੈਦਾ ਕਰਨ ਵਾਸਤੇ ਸਿਖਿਆ ਦਿਤੀ ਜਾਣੀ ਚਾਹੀਦੀ ਹੈ। ਇਸ ਦਾ ਮਤਲਬ ਹੈ ਕਿ ਸਕੂਲ ਦੇ ਕੋਰਸਾਂ ਨੂੰ ਹੋਰ ਵਧਾਇਆ ਜਾਏ ਅਤੇ ਪੰਜਾਬੀ ਸਾਹਿਤ ਦੀਆਂ ਵਧੇਰੇ ਪੁਸਤਕਾਂ ਕੋਰਸਾਂ ਦੀ ਸ਼ਕਲ ਵਿਚ ਸਕੂਲੀ ਪੱਧਰ ਉਤੇ ਹੀ ਵਿਦਿਆਰਥੀ ਪੜ੍ਹਣ। ਘੱਟੋ ਘੱਟ ਇਤਨਾ ਜ਼ਰੂਰ ਹੋ ਜਾਣਾ ਚਾਹੀਦਾ ਹੈ ਕਿ ਲਗ ਪਗ ਸਾਰੇ ਦਾ ਸਾਰਾ ਪੰਜਾਬੀ ਸਾਹਿਤ ਬੀ. ਏ. ਤਕ ਤਕ ਵਿਦਿਆਰਥੀ ਪੜ੍ਹ ਜਾਣ ਅਤੇ ਸਾਹਿਤ ਦੇ ਮੁੱਢਲੇ ਅਸੂਲਾਂ ਬਾਬਤ ਉਨ੍ਹਾਂ ਦੀ ਸਮਝ ਤਿਖੀ ਹੋ ਜਾਏ। ਐਮ. ਏ. ਵਿਚ ਉਨ੍ਹਾਂ ਨੂੰ ਸਾਹਿਤ ਦੇ ਗੰਭੀਰ, ਡੂੰਘੇ ਅਤੇ ਜਟਿਲ ਮਸਲਿਆਂ ਦਾ ਹੀ ਗਿਆਨ ਕਰਵਾਇਆ ਜਾਏ।

ਪੰਜਾਬੀ ਦੀਆਂ ਸਭਾਵਾਂ ਸਾਹਮਣੇ ਸਰਕਾਰੀ ਪੱਧਰ ਉਤੇ ਕਰਨ ਗੋਚਰਾ ਦੂਸਰਾ ਕੰਮ ਸਰਕਾਰੀ ਪੁਸਤਕਾਲਿਆਂ ਦੁਆਰਾ ਪੰਜਾਬੀ ਸਾਹਿਤ ਦਾ ਪਚਾਰ ਕਰਵਾਉਣਾ ਹੈ। ਆਮ ਤੌਰ ਤੇ ਸਾਹਿਤ ਸਭਾਵਾਂ ਜਾਂ ਵਿਅਕਤੀਗਤ ਸਾਹਿਤਕਾਰਾਂ ਦੀ ਸਰਕਾਰ ਤੋਂ ਮੰਗ ਇਹ ਹੁੰਦੀ ਹੈ ਕਿ ਸਰਕਾਰੀ ਪੁਸਤਕਾਲਿਆਂ ਵਿਚ ਹਰੇਰ ਪੁਸਤਕ ਦੀ ਕੋਈ ਨਿਸ਼ਚਿਤ ਸੰਖਿਆ ਖਰੀਦੀ ਜਾਏ। ਸਰਕਾਰ ਦੁਆਰਾ ਪੁਸਤਕਾਂ ਦੀ ਖਰੀਦ ਵੀ ਜ਼ਰੂਰੀ ਹੈ। ਪਰੰਤੂ ਨਿਰੀ ਖਰੀਦ ਨਾਲ ਸਾਹਿਤਕਾਰ ਨੂੰ ਕੁਝ ਪੈਸੇ ਤਾਂ ਆ ਸਕਦੇ ਹਨ, ਸਾਹਿਤਕਾਰ ਦੀ ਰਚਨਾ ਦੇ ਮੰਤਵ ਦੀ ਪੂਰਤੀ ਨਹੀਂ ਹੋ ਸਕਦੀ। ਗੁਰਦਿਆਲ ਸਿੰਘ ਨੇ ਆਪਣੇ ਨਿਬੰਧ ਵਿਚ ਇਸ ਗੱਲ ਬਾਬਤ ਧਿਆਨ ਦੁਆਇਆ ਹੈ ਕਿ ਸਰਕਾਰੀ ਲਾਇਬਰੇਰੀਆਂ ਵਿਚ ਬਹੁਤੀਆਂ ਪੁਸਤਕਾਂ ਕੇਵਲ ਲਾਇਬਰੇਰੀ ਦੀਆਂ ਸ਼ੈਲਵਾਂ ਦਾ ਸ਼ਿੰਗਾਰ ਬਣਕੇ ਹੀ ਰਹਿ ਜਾਂਦੀਆਂ ਹਨ। ਜਦ ਤਕ ਇਨ੍ਹਾਂ ਪੁਸਤਕਾਂ ਦੀ ਆਈ ਚਲਾਈ ਦੇ ਵਸੀਲੇ ਨਹੀਂ ਲੱਭੇ ਜਾਂਦੇ ਤਦ ਤਕ ਪੁਸਤਕਾਂ ਦੀ ਖਰੀਦ ਦਾ ਉਦੇਸ਼ ਪੂਰਾ ਨਹੀਂ ਹੋ ਸਕਦਾ।

ਸੋ ਅਜਿਹਾ ਕਰਨ ਲਈ ਪਹਿਲੀ ਗੱਲ ਤਾਂ ਇਹ ਜ਼ਰੂਰੀ ਹੈ ਕਿ ਹਰੇਕ ਸਕੂਲ ਅਤੇ ਕਾਲਜ ਵਿਚ ਕੋਰਸਾਂ ਦੀਆਂ ਕਿਤਾਬਾਂ ਤੋਂ ਇਲਾਵਾਂ ਪੁਸਤਕਾਂ ਪੜ੍ਹਣ ਦੇ ਪੀਰੀਅਡ ਮੁਕੱਰਰ ਕੀਤੇ ਜਾਣ। ਵਿਦਿਆਰਥੀਆਂ ਨੂੰ ਪੁਸਤਕਾਂ ਪੜ੍ਹਨ ਦੀ ਪਰੇਰਨਾ ਦਿਤੀ ਜਾਏ। ਦੂਸਰੇ ਇਮਤਿਹਾਨਾਂ ਵਿਚ ਇਸ ਜਨਰਲ ਅਧਿਅਨ ਸੰਬੰਧੀ ਪ੍ਰਸ਼ਨ ਪੁਛੇ ਜਾਣ ਅਤੇ ਵਿਦਿਆਰਥੀਆਂ ਦੇ ਸਮੁੱਚੇ ਅਧਿਅਨ ਕਾਲ ਦੇ ਮੁਲਿਆਂਕਣ ਵੇਲੇ ਉਨ੍ਹਾਂ ਦੇ ਜਨਰਲ ਪੁਸਤਕਾਂ ਦੇ ਅਧਿਅਨ ਨੂੰ ਵੀ ਸਾਹਮਣੇ ਰੱਖਿਆ ਜਾਏ।

( 4 )

ਜਿਥੋਂ ਤਕ ਲਿਖਤੀ ਸਾਹਿਤ ਦਾ ਮੁਆਮਲਾ ਹੈ। ਇਸ ਸਬੰਧੀ ਇਸ ਦੇ ਪ੍ਰਕਾਸ਼ਨ ਦੇ ਪੱਖ ਤੋਂ ਵੀ ਵਿਚਾਰ ਹੋਣੀ ਚਾਹੀਦੀ ਹੈ। ਜਿਹੜੀਆਂ ਪੁਸਤਕਾਂ ਅੱਜ ਕਲ੍ਹ ਛਪਦੀਆਂ ਹਨ ਉਨ੍ਹਾਂ ਦੀਆਂ ਕੀਮਤਾਂ ਨਿਸ਼ਚਿਤ ਕਰਨ ਲੱਗਿਆ ਪ੍ਰਕਾਸ਼ਕ ਨੂੰ ਆਪਣੀ ਲਾਗਤ ਅਤੇ ਮੁਨਾਫੇ ਦਾ ਬਹੁਤਾ ਧਿਆਨ ਰਹਿੰਦਾ ਹੈ। ਅੱਜ ਦੇ ਹਾਲਤ ਵਿਚ ਪ੍ਰਕਾਸ਼ਕ ਲਈ ਇਹ ਜ਼ਰੂਰੀ ਵੀ ਹੈ ਕਿਉਂ ਜੋ ਪ੍ਰਕਾਸ਼ਕ ਜਾਣਦਾ ਹੁੰਦਾ ਹੈ ਕਿ ਉਸ ਦੁਆਰਾ ਛਾਪੀ ਗਈ ਪੁਸਤਕ ਦੀ ਨਿਸ਼ਚਿਤ ਵਿਕਰੀ ਰਾਹੀਂ ਹੀ ਉਸ ਨੇ ਸਾਰੇ ਖਰਚੇ ਕੱਢਕੇ ਆਪਣਾ ਮੁਨਾਫਾ ਕਮਾਉਣਾ ਹੈ। ਇਸ ਲਈ ਉਹ ਪੁਸਤਕ ਦੀ ਕੀਮਤ ਵੱਧ ਤੋਂ ਵੱਧ ਮੁਕੱਰਰ ਕਰਦਾ ਹੈ। ਪਾਠਕਾਂ ਨੂੰ ਲੋੜੋਂ ਵੱਧ ਮਹਿੰਗੀਆਂ ਪੁਸਤਕਾਂ ਖਰੀਦਣੀਆਂ ਔਖੀਆਂ ਹੋ ਜਾਂਦੀਆਂ ਹਨ। ਜੇ ਸ਼ਿਵ ਕੁਮਾਰ ਹੀ 'ਲੂਣਾ', ਮਾਸਿਕ ਪਤਰ 'ਕਵਿਤਾ' ਰਾਹੀਂ ਸਵਾ ਰੁਪਏ ਦੀ ਵਿਕ ਸਕਦੀ ਹੈ ਤਾਂ ਆਮ ਪਾਠਕ ਅਠਾਰਾਂ ਰੁਪਏ ਖਰਚ ਨਹੀਂ ਕਰੇਗਾ। ਜੇ ਕਿਸੇ ਮਾਸਿਕ ਪਤਰ ਵਿਚੋਂ ਸੋਲਾਂ ਕਹਾਣੀਆਂ 70 ਪੈਸੇ ਖਰਚ ਕੇ ਪੜ੍ਹੀਆਂ ਜਾ ਸਕਦੀਆਂ ਹਨ ਤਾਂ ਪਾਠਕ ਚਾਰ ਰੁਪਏ ਦਾ ਕਹਾਣੀ-ਸੰਗ੍ਰਹਿ ਨਹੀਂ ਖਰੀਦੇਗਾ। ਇਹ ਗਲ ਸਾਹਿਤ ਦੇ ਸਾਰੇ ਰੂਪਾਂ ਉਤੇ ਵੀ ਲਾਗੂ ਹੁੰਦੀ ਹੈ।

ਪੁਸਤਕਾਂ ਅਤੇ ਪੱਤਰਾਂ ਵਿਚਲੇ ਕੀਮਤਾਂ ਦੇ ਫਰਕ ਨੂੰ ਮੁੱਖ ਰਖਕੇ ਇਹ ਗੱਲ ਸਹਿਜੇ ਹੀ ਕਹੀ ਜਾ ਸਕਦੀ ਹੈ ਕਿ ਪੁਸਤਕ ਛਾਪਣ ਦੀ ਵਾਸਤਵਿਕ ਲਾਗਤ ਬਹੁਤ ਘਟ ਆਉਂਦੀ ਹੈ। ਸੋ ਕੋਈ ਕਾਰਣ ਨਹੀਂ ਕਿ ਕੋਈ ਅਜੇਹਾ ਸਾਧਨ ਨਾ ਲਭਿਆ ਜਾਏ ਜਿਸ ਰਾਹੀਂ ਸਸਤਾ ਸਾਹਿਤ ਛਾਪ ਕੇ ਪਾਠਕਾਂ ਦੇ ਹੱਥਾਂ ਵਿਚ ਪੁਚਾਇਆ ਜਾ ਸਕੇ। ਕਈ ਇਕ ਸਭਾਵਾਂ ਨੇ ਆਪਣੇ ਆਪਣੇ ਪ੍ਰਕਾਸ਼ਨ-ਘਰ ਬਣਾਏ ਹਨ। ਇਹ ਸਾਰੇ ਪ੍ਰਕਾਸ਼ਨ ਵੀ ਵਪਾਰਕ ਪ੍ਰਕਾਸ਼ਨ-ਘਰਾਂ ਦੀ ਤਰ੍ਹਾਂ ਮੰਡੀ ਦੀ ਥੁੜ ਅਤੇ ਨਿਤ-ਵਧਦੀ ਲਾਗਤ ਕਾਰਣ ਆਪਣੀਆਂ ਪ੍ਰਕਾਸ਼ਨਾਵਾਂ ਦੀਆਂ ਉਚੀਆਂ ਕੀਮਤਾਂ ਰੱਖਣ ਲਈ ਮਜਬੂਰ ਹਨ। ਸੋ ਕਿਉਂ ਨਾ ਸਭਾਵਾਂ ਵਲੋਂ ਚੱਲਣ ਵਾਲੇ ਇਹ ਛੋਟੇ ਛੋਟੇ ਪ੍ਰਕਾਸ਼ਨ ਕੋਈ ਸਾਂਝਾ ਕਦਮ ਚੁੱਕਣ। ਕੋਈ, ਸਸਤਾ ਸਾਹਿਤ ਮੰਡਲ, ਵਰਗਾ ਅਦਾਰਾ ਕਾਇਮ ਕਰਨ ਜਿਸ ਰਾਹੀਂ ਕੀਮਤ ਵਜੋਂ ਸਸਤਾ ਪਰ ਵਿਸ਼ੇ ਵਜੋਂ ਵਧੀਆ ਸਾਹਿਤ ਪ੍ਰਕਾਸ਼ਿਤ ਕੀਤਾ ਜਾ ਸਕੇ। ਇਸ ਨਾਲ ਨਾ-ਕੇਵਲ ਲੇਖਕ ਨੂੰ ਯੋਗ ਮੁਆਵਜ਼ਾ ਹੀ ਮਿਲ ਸਕੇਗਾ ਅਤੇ ਉਹ ਮੰਡੀ ਦੀ ਮੰਗ ਤੋਂ ਆਜ਼ਾਦ ਹੋਕੇ ਸਾਹਿਤ ਸਿਰਜ ਸਕੇਗਾ ਸਗੋਂ ਥੋੜਾ ਬਹੁਤ ਮੁਨਾਫਾ ਕਮਾਕੇ ਸਾਹਿਤ ਦੇ ਪਸਾਰ ਦੇ ਦੂਸਰੇ ਸਾਧਨਾਂ ਵਿਚ ਵੀ ਵਰਤਿਆ ਜਾ ਸਕੇਗਾ। ਦੂਸਰੇ ਕੋਈ ਸੰਸਥਾ ਲਿਖਤਾਂ ਨੂੰ ਸਮੂਹਕ ਤੌਰ ਤੇ ਪਰਖਕੇ ਹੀ ਛਾਪੇਗੀ ਅਤੇ ਇਉਂ ਸਾਹਿਤ ਦਾ ਮਿਆਰ ਵੀ ਉੱਚਾ ਹੋ ਸਕੇਗਾ।

(5)

ਉਪਰਲੇ ਸਾਰੇ ਸੁਝਾ ਸਿਰਫ ਅਜੇਹੇ ਪਾਠਕਾਂ ਨਾਲ ਹੀ ਸੰਬੰਧਿਤ ਹਨ ਜਿਨ੍ਹਾਂ ਨੂੰ ਅੱਖਰ ਗਿਆਨ ਹੈ। ਪਰੰਤੂ ਪੰਜਾਬੀ ਜਨਤਾ ਦਾ ਬਹੁਤ ਵੱਡਾ ਭਾਗ ਨਿਰਾਖਰ ਹੈ। ਇਸ ਗੱਲ ਦੇ ਬਾਵਜੂਦ ਕਿ ਇਹ ਭਾਗ ਕਾਫੀ ਸੂਝਵਾਨ, ਚੇਤੰਨ ਅਤੇ ਸਾਹਿਤਕ ਰੁਚੀ ਦਾ ਸੁਆਮੀ ਹੈ, ਇਹ ਲਿਖਤੀ ਸਾਹਿਤ ਦਾ ਸੁਹਜ-ਸੁਆਦ ਪੜ੍ਹਕੇ ਨਹੀਂ ਮਾਣ ਸਕਦਾ। ਇਸ ਭਾਗ ਦੇ ਸਾਖਰ ਹੋਣ ਦੇ ਸਮੇਂ ਦੀ ਉਡੀਕ ਕਰਨਾ, ਅੱਜ ਦੇ ਹਾਲਾਤ ਵਿਚ, ਮੂਰਖਤਾ ਹੈ। ਇਸ ਲਈ ਸਾਨੂੰ ਅਜੇਹੇ ਸਾਧਨ ਲੱਭਣੇ ਚਾਹੀਦੇ ਹਨ ਜਿਨ੍ਹਾਂ ਦੁਆਰਾ ਨਿਰਾਖਰ ਲੋਕਾਂ ਤਕ ਵੀ ਸਾਹਿਤ ਪੁਚਾਇਆ ਜਾ ਸਕੇ। ਸਾਹਿਤ ਦੇ ਕੁਝ ਰੂਪ ਜਿਵੇਂ ਸਕਿੱਟ, ਝਲਕੀਆਂ, ਨਾਟਕ ਅਤੇ ਕਵਿਤਾ ਅਜੇਹੇ ਹਨ ਜਿਹੜੇ ਨਿਰਾਖਰ ਪ੍ਰਾਣੀਆਂ ਨੂੰ ਆਪਣੇ ਪ੍ਰਭਾਵ-ਖੇਤਰ ਵਿਚ ਲੈਂਦੇ ਆ ਰਹੇ ਹਨ ਅਤੇ ਹੁਣ ਵੀ ਲੈ ਸਕਦੇ ਹਨ। ਪਰ ਸਾਹਿਤ ਦੇ ਇਹਨਾਂ ਰੂਪਾਂ ਨੂੰ ਨਿਰਾਖਰ ਜਨਤਾ ਸਾਮ੍ਹਣੇ ਪੇਸ਼ ਕਰਨ ਦਾ ਰਿਵਾਜ ਕੁਝ ਘਟਦਾ ਪ੍ਰਤੀਤ ਹੁੰਦਾ ਹੈ। ਸ਼ਾਇਦ ਪੂੰਜੀਵਾਦੀ ਸਭਿਅਤਾ ਦੀ ਵਿਅਕਤੀਵਾਦੀ ਰੁਚੀ ਅਧੀਨ ਸਾਡੇ ਸਾਹਿਤਕਾਰ ਨਿਰਾਖਰ ਜਨਤਾ ਨਾਲੋਂ ਕਟਦੇ ਜਾ ਰਹੇ ਹਨ। ਪਰ ਲੋਕ-ਪੱਖੀ ਸਾਹਿਤਕਾਰ ਆਪਣੇ ਮੰਤਵ ਵਿਚ ਤਦੇ ਸਫਲ ਹੋ ਸਕਦੇ ਹਨ ਜੇ ਉਹ ਉਕਤ ਰੂਪਾਂ ਨੂੰ ਵਰਤਕੇ ਸਾਹਿਤ ਅਤੇ ਨਿਰਾਖਰ ਲੋਕਾਂ ਦੇ ਸਬੰਧ ਸਥਾਪਿਤ ਕਰਨ ਵਲ ਧਿਆਨ ਦੇਣ।

ਜਿਥੋਂ ਤਕ ਸਾਹਿਤ ਦੇ ਹੋਰ ਰੂਪਾਂ ਕਹਾਣੀ, ਨਾਵਲ, ਜੀਵਨੀ, ਆਲੋਚਨਾ ਆਦਿ ਦਾ ਪ੍ਰਸ਼ਨ ਹੈ, ਇਹਨਾਂ ਦੁਆਰਾ ਵੀ ਨਿਰਾਖਰ ਲੋਕਾਂ ਨੂੰ ਸਾਹਿਤ ਦੇ ਸੰਪਰਕ ਵਿਚ ਲਿਆਂਦਾ ਜਾ ਸਕਦਾ ਹੈ। ਸਰਦਾਰ ਜਾਫਰੀ ਨੇ ਆਪਣੀ ਪੁਸਤਕ 'ਤਰੱਕੀ ਪਸੰਦ ਅਦਬ' ਵਿਚ ਇਕ ਥਾਂ ਲਿਖਿਆ ਹੈ ਕਿ ਅੰਜਮਨ ਏ-ਉਰਦੂ ਨੇ ਕ੍ਰਿਸ਼ਨ ਚੰਦਰ ਦੀਆਂ ਕਹਾਣੀਆਂ ਨਾਲ ਅਜੇਹਾ ਤਜਰਬਾ ਕੀਤਾ ਸੀ ਅਤੇ ਇਹ ਬੇਹੱਦ ਕਾਮਯਾਬ ਰਿਹਾ ਸੀ। ਕੋਈ ਵਜ੍ਹਾ ਨਹੀਂ ਕਿ ਇਹ ਤਜਰਬਾ ਮੁੜ ਸੁਰਜੀਤ ਨਾ ਕੀਤਾ ਜਾਏ। ਜੇ ਨਿਰਾਖਰ ਜਨ-ਸਾਧਾਰਣ ਰਾਜਨੀਤਕ ਆਗੂਆਂ ਦੀਆਂ ਖੁਸ਼ਕ ਬਹਿਸਾਂ ਸੁਣਨ ਲਈ ਇਕੱਠਾ ਹੋ ਸਕਦਾ ਹੈ, ਧਾਰਮਿਕ ਆਗੂਆ ਦੇ ਸਮਾਗਮਾਂ ਵਿਚ ਹੁੰਮ ਹੁਮਾ ਕੇ ਆ ਸਕਦਾ ਹੈ ਅਥਵਾ ਪਿੰਡਾਂ ਵਿਚ ਹੋਣ ਵਾਲੇ ਹੋਰ ਕਿਸੇ ਵੀ ਸੰਸਕ੍ਰਿਤਕ ਸਮਾਗਮ ਲਈ ਚੰਦੇ ਇਕੱਠੇ ਕਰ ਸਕਦਾ ਹੈ, ਤਾਂ ਕੋਈ ਵਜ੍ਹਾ ਨਹੀਂ ਕਿ ਸਾਹਿਤ ਵਰਗੇ ਸੁਣੱਖੇ ਮਾਧਿਅਮ ਵਲ ਉਸਦਾ ਧਿਆਨ ਨਾ ਖਿੱਚਿਆ ਜਾ ਸਕੇ। ਸਾਹਿਤ ਸਭਾਵਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਅਜੇਹੇ ਸਮਾਗਮਾਂ ਦੀ ਗਿਣਤੀ ਨਿਸ਼ਚਿਤ ਕਰਨ ਅਤੇ ਅਜੇਹੇ ਵਸੀਲੇ ਅਪਣਾਉਣ ਜਿਨ੍ਹਾਂ ਦੁਆਰਾ ਨਿਰਾਖਰ ਜਨਤਾ ਵੀ ਸਾਹਿਤਕ ਸੁਆਦ ਮਾਣ ਸਕੇ।

(6)

ਉਕਤ ਭਾਂਤ ਦੇ ਸਾਰੇ ਮਸਲੇ ਭਾਵੇਂ ਵਿਅਕਤੀਗਤ ਸਾਹਿਤ ਸਭਾਵਾਂ ਵੀ ਨਜਿੱਠ ਸਕਦੀਆਂ ਹਨ ਪਰ ਇੰਨ੍ਹਾਂ ਦੀ ਪੂਰੀ ਕਾਮਯਾਬੀ ਵਾਸਤੇ ਜ਼ਰੂਰੀ ਹੈ ਕਿ ਸਾਰੀਆਂ ਸਭਾਵਾਂ ਵਿਚ ਤਾਲ ਮੇਲ ਕਾਇਮ ਕਰਨ ਲਈ ਕੋਈ ਸਾਂਝੀ ਸੰਸਥਾ ਬਣਾਈ ਜਾਏ। ਅਜੇਹੀ ਸੰਸਥਾ ਦੀ ਬੇ-ਹੱਦ ਲੋੜ ਹੈ। ਪਿਛਲੇ ਕੁਝ ਚਿਰ ਤੋਂ ਕੇਂਦਰੀ ਪੰਜਾਬੀ ਲੇਖਕ ਸਭਾ ਨੂੰ ਮੁੜਕੇ ਸੁਰਜੀਤ ਕਰਨ ਦਾ ਰੌਲਾ ਪਿਆ ਹੋਇਆ ਹੈ। ਇਹ ਰੌਲਾ ਅਤਿ ਚੰਗੀ ਗੱਲ ਬਣ ਸਕਦਾ ਹੈ ਜੇ ਇਸਦਾ ਕੋਈ ਅਮਲੀ ਸਿੱਟਾ ਨਿਕਲ ਸਕੇ। ਕੇਂਦਰੀ ਪੰਜਾਬੀ ਲੇਖਕ ਸਭਾ ਮੁੜ ਸੁਰਜੀਤ ਕੀਤੀ ਜਾਏ ਅਤੇ ਇਸ ਤੋਂ ਸਭਾਵਾਂ ਵਿਚ ਸੰਪਰਕ ਕਾਇਮ ਕਰਨ ਦਾ ਕੰਮ ਲਇਆ ਜਾਏ।

———

## ਕ੍ਰਾਂਤੀਸ਼ੀਲ ਅਧੁਨਿਕਤਾ / ਤੇਜਵੰਤ ਸਿੰਘ ਗਿੱਲ

ਕੁਛ ਚਿਰ ਤੋਂ ਪੰਜਾਬੀ ਸਾਹਿਤ ਦੇ ਆਲੋਚਨਾ-ਖੇਤਰ ਵਿਚ ਪ੍ਰਗਤਿਵਾਦ, ਪ੍ਰਯੋਗਵਾਦ ਅਤੇ ਆਧੁਨਿਕਤਾ ਆਦਿਕ ਵਿਸ਼ਿਆਂ ਉਤੇ ਗਰਮਾ-ਗਰਮ ਵਾਦ-ਵਿਵਾਦ ਚਲ ਰਿਹਾ ਹੈ। ਇਸ ਵਾਦ-ਵਿਵਾਦ ਨੂੰ ਇਸਦੇ ਗੁਣਾਤਮਿਕ ਪੱਧਰ ਅਨੁਸਾਰ ਤਿੰਨਾਂ ਰੂਪਾਂ ਵਿਚ ਵੰਡਿਆ ਜਾ ਸਕਦਾ ਹੈ-ਅਬੌਧਿਕ, ਅਰਧ-ਬੌਧਿਕ ਅਤੇ ਬੌਧਿਕ। ਅਬੌਧਿਕ ਅਤੇ ਅਰਧ ਬੌਧਿਕ ਪੱਧਰ ਉਤੇ ਗੁਰਚਰਨ ਸਿੰਘ, ਕੁਲਬੀਰ ਸਿੰਘ ਕਾਂਗ, ਤ.ਰ. ਵਿਨੋਦ ਅਤੇ ਕਿਸ਼ਨ ਸਿੰਘ ਨੂੰ ਪ੍ਰਗਤਿਵਾਦ ਦੇ ਸਮਰਥਕ ਅਤੇ ਪ੍ਰੀਤਮ ਸਿੰਘ ਮੈਜਿਸਟਰੇਟ ਅਤੇ ਜਸਬੀਰ ਸਿੰਘ ਆਹਲੂਵਾਲੀਆ ਨੂੰ ਇਸਦੇ ਵਿਰੋਧੀ ਦੇ ਰੂਪ ਵਿਚ ਮਿਥਿਆ ਜਾ ਸਕਦਾ ਹੈ। ਅਰਧ-ਬੌਧਿਕ ਪੱਧਰ ਉਤੇ ਅਤਰ ਸਿੰਘ ਦੋਨਾਂ ਧਾਰਾਵਾਂ ਦੇ ਵਿਚਕਾਰ ਲਟਕਦਾ ਰਹਿ ਜਾਂਦਾ ਹੈ। ਇਹਨਾਂ ਵਿਸ਼ਿਆਂ ਉਤੇ ਬੌਧਿਕ ਪੱਧਰ ਦਾ ਚਿੰਤਨ ਕੇਵਲ ਸੰਤ ਸਿੰਘ ਸੇਖੋਂ ਹੀ ਕਰ ਸਕਿਆ ਹੈ। ਉਸਦੇ ਬੌਧਿਕ ਚਿੰਤਨ ਦੇ ਬਾਵਜੂਦ ਨਾ ਤਾਂ ਇਹਨਾਂ ਧਾਰਾਵਾਂ ਵਿਚਕਾਰ ਉਪਲਬਧ ਹੁੰਦਾ ਵਾਦ-ਵਿਵਾਦ ਹੀ ਖਤਮ ਹੋਇਆ ਹੈ ਅਤੇ ਨਾ ਹੀ ਉਹਨਾਂ ਨੇ ਸੰਸ਼ਲਿਸ਼ਟ ਹੋ ਕੇ ਕਿਸੇ ਨਵੀਂ ਧਾਰਾ ਦਾ ਰੂਪ ਹੀ ਧਾਰਿਆ ਹੈ। ਇਹਨਾਂ ਧਾਰਾਵਾਂ ਵਿਚਕਾਰਲੇ ਵਾਦ-ਵਿਵਾਦ ਤੋਂ ਇਕ ਗੱਲ ਜ਼ਰੂਰ ਸਪਸ਼ਟ ਹੋ ਜਾਂਦੀ ਹੈ ਅਤੇ ਉਹ ਹੈ ਕਿ ਇਹਨਾਂ ਸਾਰੀਆਂ ਧਾਰਾਵਾਂ ਵਿਚ ਕੁਝ ਨਾ ਕੁਝ ਤਰੁੱਟੀਆਂ ਹਨ ਅਤੇ ਇਹਨਾਂ ਤਰੁੱਟੀਆਂ ਤੋਂ ਉਪਰ ਉੱਠਕੇ ਨਾਂਹ ਸੋਚ ਸਕਣ ਦੇ ਕਾਰਨ ਇਸ ਵਾਦ-ਵਿਵਾਦ ਨੇ (Thesis versus Antithesis) ਵਾਲੇ ਵਿਰੋਧ ਦਾ ਰੂਪ ਧਾਰ ਲਿਆ ਹੈ। ਕਿਉਂਕਿ ਪ੍ਰਸਤਾਵ ਅਤੇ ਪ੍ਰਸਤਾਵ ਦੇ ਵਿਰੋਧ ਦੀ ਟੱਕਰ ਨੂੰ ਦਵੰਦਾਤਮਿਕ ਪਦਾਰਥਵਾਦ ਅਨੁਸਾਰ ਸੰਸ਼ਲੇਸ਼ਣ ਦੇ ਪੱਧਰ ਉਤੇ ਅਵੱਸ਼ ਹੀ ਪਹੁੰਚਣਾ ਹੁੰਦਾ ਹੈ ਇਸ ਲਈ ਅਜੋਕੀ ਸਥਿੱਤੀ ਵਿਚ ਉਪਰੋਕਤ ਧਾਰਾਵਾਂ ਵਿਚ ਸੰਸ਼ਲੇਸ਼ਣ ਪੈਦਾ ਕਰਨ ਦੀ ਅਵੱਸ਼-ਕਤਾ ਵਿਸ਼ੇਸ਼ ਤੌਰ ਤੇ ਤੀਬਰ ਹੋ ਗਈ ਹੈ। ਕ੍ਰਾਂਤੀਸ਼ੀਲ ਆਧੁਨਿਕਤਾ ਦੇ ਨਾਂ ਹੇਠਾਂ ਮੈਂ ਇਹਨਾਂ ਵਿਚਕਾਰ ਸੰਸ਼ਲੇਸ਼ਣ ਉਤਪੰਨ ਕਰਨ ਦਾ ਯਤਨ ਕੀਤਾ ਹੈ। ਇਸ ਪ੍ਰਸੰਗ ਵਿਚ ਇਹ ਗੱਲ ਅੱਖੋਂ ਉਹਲੇ ਨਹੀਂ ਕੀਤੀ ਜਾ ਸਕਦੀ ਕਿ ਸੰਸ਼ਲੇਸ਼ਣ ਦੋ ਵਿਰੋਧਾਤਮਿਕ ਤੱਤਾਂ ਦਾ ਮਿਲਗੋਭਾ ਨਹੀਂ ਹੁੰਦਾ ਇਸਦਾ ਗੁਣਾਤਮਿਕ ਪੱਧਰ ਸੰਸ਼ਲਿਸ਼ਟ ਹੁੰਦੇ ਵਿਰੋਧਾਤਮਿਕ ਤੱਤਾਂ ਨਾਲੋਂ ਉਚੇਰਾ ਹੁੰਦਾ ਹੈ। ਨਿਰਸੰਦੇਹ ਕ੍ਰਾਂਤੀਸ਼ੀਲ ਆਧੁਨਿਕਤਾ ਪ੍ਰਗਤਿਵਾਦ ਅਤੇ ਆਧੁਨਿਕਤਾ ਦੇ ਲੱਛਣਾਂ ਦਾ ਮਿਸ਼ਰਣ ਨਹੀਂ। ਇਸਦੇ ਲੱਛਣਾਂ ਵਿਚ ਪ੍ਰਗਤਿਵਾਦ ਅਤੇ ਆਧੁਨਿਕਤਾ ਦੇ ਲੱਛਣਾਂ ਨਾਲੋਂ ਵਿਲੱਖਣਤਾ ਹੀ ਨਹੀਂ ਸਗੋਂ ਭਰਪੂਰਤਾ ਵੀ ਵਧੇਰੇ ਹੈ।

ਪ੍ਰਗਤਿਵਾਦ ਦਾ ਮੂਲ ਲੱਛਣ (Ameliorative) ਹੈ ਅਤੇ ਆਲੋਚਨਾਤਮਿਕ ਯਥਾਰਥਵਾਦ ਦੀ ਸਿਰਜਣਾਤਮਿਕ ਵਿਧੀ ਅਨੁਸਾਰ ਲਿਖਿਆ ਵਧੇਰੇ ਸਾਹਿਤ ਪ੍ਰਗਤਿਵਾਦੀ ਹੈ। ਪਰੰਤੂ ਆਲੋਚਨਾਤਮਿਕ ਯਥਾਰਥਵਾਦ ਦੀ ਸਿਰਜਣਾਤਮਿਕ ਵਿਧੀ ਅਨੁਸਾਰ ਲਿਖੇ ਸਾਰੇ ਸਾਹਿਤ

ਨੂੰ ਪ੍ਰਗਤਿਵਾਦੀ ਨਹੀਂ ਕਿਹਾ ਜਾ ਸਕਦਾ। ਮਿਸਾਲ ਦੇ ਤੌਰ 'ਤੇ ਲਾਰੰਸ ਅਤੇ ਗਾਲਜ਼ਵਰਦੀ ਅਤੇ ਇਸ ਤੋਂ ਪਹਿਲਾਂ ਹਾਰਡੀ ਅਤੇ ਡਿਕਨਜ਼ ਨੇ ਇਸ ਸਿਰਜਣਾਤਮਿਕ ਵਿਧੀ ਅਨੁਸਾਰ ਉਪਨਿਆਸ ਲਿਖੇ ਹਨ ਪਰ ਪ੍ਰਗਤਿਵਾਦੀ ਵਿਸ਼ੇਸ਼ਣ ਡਿਕਨਜ਼ ਅਤੇ ਗਾਲਜ਼ਵਰਦੀ ਦੀ ਰਚਨਾ-ਉਤੇ ਹੀ ਲਾਗੂ ਹੁੰਦਾ ਹੈ, ਹਾਰਡੀ ਅਤੇ ਲਾਰੰਸ ਦੀ ਰਚਨਾ ਉਤੇ ਨਹੀਂ। ਅਜਿਹਾ ਅੰਤਰ ਇਕ ਲੇਖਕ ਦੀਆਂ ਦੋ ਰਚਨਾਵਾਂ ਵਿਚ ਵੀ ਹੋ ਸਕਦਾ ਹੈ। ਉਦਾਹਰਣ ਵਜੋਂ ਇਹ ਅੰਤਰ ਤਾਲਸਤਾਏ ਦੇ ਦੋ ਉਪਨਿਆਸਾਂ 'ਮੋਇਆ ਦੀ ਜਾਗ' ਅਤੇ 'ਐਨਾ ਕਰਾਨੀਨਾ' ਵਿਚੋਂ ਉਪਲਬਧ ਹੁੰਦਾ ਹੈ। ਸਪੱਸ਼ਟਤਾ ਲਈ ਮੈਂ ਦੂਸਰੀ ਪਰਕਾਰ ਦੇ ਸਾਹਿਤ ਨੂੰ ਸਿਰਜਣਾਮਈ ਸਾਹਿਤ ਦਾ ਨਾਂ ਦਿੰਦਾ ਹਾਂ।

ਜੇ ਪ੍ਰਗਤਿਵਾਦੀ ਸਾਹਿਤ ਅਤੇ ਸਿਰਜਣਾਮਈ ਸਾਹਿਤ ਦੇ ਅੰਤਰ ਦਾ ਡੂੰਘਾਈ ਤਕ ਜਾਕੇ ਵਿਸ਼ਲੇਸ਼ਣ ਕਰੀਏ ਤਾਂ ਮਹਿਸੂਸ ਹੁੰਦਾ ਹੈ ਕਿ (Amelioration) ਪ੍ਰਗਤਿਵਾਦੀ ਸਾਹਿਤ ਵਿਚੋਂ ਪ੍ਰਧਾਨ ਧੁਨੀ ਦੇ ਰੂਪ ਵਿਚ ਅਤੇ ਸਿਰਜਣਾਮਈ ਸਾਹਿਤ ਵਿਚੋਂ ਸਹਾਇਕ ਧੁਨੀ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ। ਉਪਰੋਕਤ ਲੱਛਣ ਦੇ ਪ੍ਰਗਤਿਵਾਦੀ ਸਾਹਿਤ ਵਿਚੋਂ ਪ੍ਰਧਾਨ ਧੁਨੀ ਦੇ ਰੂਪ ਵਿਚ ਪ੍ਰਗਟ ਹੋਣ ਕਾਰਨ ਪ੍ਰਗਤਿਵਾਦੀ ਸਾਹਿਤ ਸਮੇਂ ਵਿਚੋਂ ਉਤਪੰਨ ਹੋ ਕੇ ਸਮੇਂ ਤੋਂ ਉਪਰ ਨਹੀਂ ਉਠਦਾ ਜਦ ਕਿ ਸਿਰਜਣਾਮਈ ਸਾਹਿਤ ਸਮੇਂ ਵਿਚੋਂ ਉਤਪੰਨ ਤਾਂ ਜ਼ਰੂਰ ਹੁੰਦਾ ਹੈ ਪਰ ਇਸ ਅਵੱਸ਼ਕਤਾ ਅਧੀਨ ਕਿ ਇਹ ਸਮੇਂ ਤੋਂ ਉਪਰ ਉਠ ਜਾਵੇ। ਇਸ ਸਾਹਿਤ ਵਿਚ ਉਪਰੋਕਤ ਤਰੁੱਟੀ ਹੋਣ ਕਾਰਨ ਲੇਖਕ ਪ੍ਰਗਤਿਵਾਦੀ ਰਚਨਾ ਵਿਚ ਨਵਾਂ ਸੰਸਾਰ ਨਹੀਂ ਰਚਦਾ। ਨਵਾਂ ਸੰਸਾਰ ਨਾਂਹ ਰਚਣ ਕਾਰਨ ਅਜਿਹਾ ਸਾਹਿਤ ਜੀਵਨ ਦੀ ਏਕਤਾ–ਮਈ ਸਮੂਹਕਤਾ ਨੂੰ ਨਹੀਂ ਚਿਤਰਦਾ। ਏਕਤਾਮਈ ਸਮੂਹਕਤਾ ਨੂੰ ਨਾਂਹ ਚਿਤਰਣ ਕਾਰਣ ਅਜਿਹਾ ਸਾਹਿਤ ਜੀਵਨ ਵਿਚ ਪ੍ਰਾਰੰਭਕ ਪਰਿਵਰਤਣਾਂ ਦੀ ਨਹੀਂ ਸਗੋਂ ਕੇਵਲ ਦੂਤਕ ਪਰਿਵਰਤਣਾਂ ਦੀ ਹੀ ਸਿਫਾਰਸ਼ ਕਰਦਾ ਹੈ। ਮਿਸਾਲ ਦੇ ਤੌਰ ਤੇ ਡਿਕਨਜ਼ ਅਤੇ ਗਾਲਜ਼ਵਰਦੀ ਪੂੰਜੀਵਾਦੀ ਜੀਵਨ ਦੇ ਕੁੱਝ ਵਿਸ਼ੇਸ਼ ਪੱਖਾਂ ਵਿਚ ਸੰਸਥਾਮਈ ਪਰਿਵਰਤਣ ਹੀ ਚਾਹੁੰਦੇ ਹਨ ਜਦ ਕਿ ਹਾਰਡੀ ਅਤੇ ਲਾਰੰਸ ਪੂੰਜੀਵਾਦੀ ਜੀਵਨ ਵਿਚ ਇਕ ਅਜੇਹੇ ਪ੍ਰਾਰੰਭਕ ਪਰਿਵਰਤਣ ਦੀ ਅਵਸ਼ਕਤਾ ਨੂੰ ਚਿਤਰਦੇ ਹਨ ਜਿਹਦੇ ਆਕਾਰ ਬੱਣਤਮਈ (Structural) ਵੀ ਹੁੰਦੇ ਹਨ ਅਤੇ ਨਿਮਨ–ਬੱਣਤ ਮਈ (Infrastructural) ਵੀ। ਪ੍ਰਾਰੰਭਕ ਪਰਿਵਰਤਣ ਅਤੇ ਦੂਤਕ ਪਰਿਵਰਤਣ ਵਾਲਾ ਅੰਤਰ ਸਾਨੂੰ ਗੁਰੂ ਨਾਨਕ ਦੇ ਸਾਹਿਤ ਅਤੇ ਪੰਜਾਬੀ ਦੇ ਆਧੁਨਿਕ ਪ੍ਰਗਤਿਵਾਦੀ ਸਾਹਿਤ ਦੇ ਅੰਤਰ ਵਿਚੋਂ ਵੀ ਪ੍ਰਤੱਖ ਨਜ਼ਰ ਆਉਂਦਾ ਹੈ।

ਇਥੇ ਮੇਰੇ ਵਿਸ਼ਲੇਸ਼ਣ ਨੂੰ ਇਕ ਮਹੱਤਤਾ ਭਰਪੂਰ ਕਿੰਤੂ ਦਾ ਸਾਹਮਣਾ ਕਰਨਾ ਪੈਂਦਾ ਹੈ। ਠੀਕ ਹੈ ਕਿ ਹਾਰਡੀ ਲਾਰੰਸ ਅਤੇ ਗੁਰੂ ਨਾਨਕ ਜੀਵਨ ਵਿਚ ਪ੍ਰਾਰੰਭਕ ਪਰਿਵਰਤਣ ਚਾਹੁੰਦੇ ਹਨ ਪਰੰਤੂ ਉਹਨਾਂ ਦੀਆਂ ਰਚਨਾਵਾਂ ਵਿਚ ਉਸਾਰੇ ਨਵੇਂ ਸੰਸਾਰ ਇਤਿਹਾਸਿਕ ਜੀਵਨ ਵਿਚ ਵਿਚਰਣ–ਯੋਗ ਨਹੀਂ। ਜ਼ਾਤੀ ਤੌਰ ਤੇ ਮੈਂ ਇਸ ਕਿੰਤੂ ਨਾਲ ਸਹਿਮਤ ਹਾਂ ਕਿਉਂਕਿ ਉਹਨਾਂ ਦੀਆਂ ਰਚਨਾਵਾਂ ਵਿਚੋਂ ਮਾਨਵ ਦੇ ਅਜਿਹੇ ਬਿੰਬ ਉਪਲਬੱਧ ਹੁੰਦੇ ਹਨ ਜਿਨ੍ਹਾਂ ਦਾ ਇਤਿਹਾਸੀ-ਕਰਨ ਨਹੀਂ ਹੋ ਸਕਦਾ। ਹਾਰਡੀ ਦਾ ਮਾਨਵ ਅਜੇਹਾ ਵਿਅਕਤੀ ਹੈ ਜਿਸ ਲਈ ਆਦਿ-ਕਾਲ ਤੋਂ ਵਿਚਰ ਰਹੀ ਪਰਿਵਰਤਣ-ਰਹਿਤ ਪ੍ਰਕ੍ਰਿਤੀ ਤੋਂ ਬਾਹਰ ਰਹਿਣਾ ਤ੍ਰਾਸਦ–ਭਰਪੂਰ ਹੀ ਨਹੀਂ

ਸਗੋਂ ਅਸੰਭਵ ਵੀ ਹੈ, ਲਾਰੰਸ ਦਾ ਮਾਨਵ ਰਕਿੱਤ ਵਿਚੋਂ ਉਗਮਦੇ ਮਨੋਭਾਵ ਦੇ ਸਹਾਰੇ ਜਿਉਂਦਾ ਹੈ ਅਤੇ ਗੁਰੂ ਨਾਨਕ ਦਾ ਮਾਨਵ ਉਹ ਪੇਂਡੂ ਬੰਦਾ ਹੈ ਜਿਸਦੇ ਵਿਅਕਤਿਤਵ ਅਤੇ ਕਾਰਜ ਵਿਚ (Producer-consumer) ਦੀ ਇਕਸੁਰਤਾ ਹੈ। ਇਸਦੇ ਉਲਟ ਡਿਕਨਜ਼, ਗਾਲਜ਼ਵਰਦੀ ਅਤੇ ਆਧੁਨਿਕ ਪੰਜਾਬੀ ਪ੍ਰਗਤਿਵਾਦੀ ਲੇਖਕ ਅੱਜ਼ਕੇ ਜੀਵਨ ਵਿਚ ਸੰਸਥਾਮਈ ਪਰਿਵਰਤਣ ਹੀ ਚਾਹੁੰਦੇ ਹਨ। ਅਜਿਹੇ ਪਰਿਵਰਤਣ ਕੁੱਝ ਹੱਦ ਤਕ ਜੀਵਨ ਵਿਚ ਆਏ ਵੀ ਹਨ ਅਤੇ ਇਸ ਦ੍ਰਿਸ਼ਟੀਕੋਣ ਤੋਂ ਪ੍ਰਗਤਿਵਾਦੀ ਸਾਹਿਤ ਸਮਾਜ ਲਈ ਸਿਰਜਣਾਮਈ ਸਾਹਿਤ ਨਾਲੋਂ ਜ਼ਿਆਦਾ ਲਾਭਕਾਰੀ ਸਿੱਧ ਹੋਇਆ ਹੈ। ਪ੍ਰਗਤਿਵਾਦੀ ਸਾਹਿਤ ਦੀ ਇਸ ਪ੍ਰਾਪਤੀ ਨੂੰ ਅੱਖੋਂ ਉਹਲੇ ਤਾਂ ਨਹੀਂ ਕੀਤਾ ਜਾ ਸਕਦਾ ਪ੍ਰੰਤੂ ਇਸ ਪ੍ਰਾਪਤੀ ਰਾਹੀਂ ਸਾਹਿਤ ਦਾ ਅਸਥਾਨ ਲੋਕ-ਭਲਾਈ ਅਤੇ ਰਾਜਸੀ ਸੰਸਥਾਵਾਂ ਵਾਲੇ ਦੂਤਕ ਪੱਧਰ ਉਤੇ ਚਲਿਆ ਗਿਆ ਹੈ : ਘੱਟੋ ਘੱਟ ਇਸਦਾ ਉਹ ਪ੍ਰਾਰੰਭਕ ਅਸਥਾਨ ਨਹੀਂ ਰਿਹਾ ਜੋ ਆਦਿ ਕਾਲ ਵਿਚ ਜਾਦੂ ਦਾ ਸੀ, ਫੇਰ ਧਰਮ ਦਾ ਹੋ ਗਿਆ ਅਤੇ ਹੁਣ ਵਿਗਿਆਨ ਦਾ ਹੋ ਗਿਆ ਹੈ।

ਜਾਦੂ-ਕਾਲ ਵਿਚ ਫਰਾਇਡ ਅਨੁਸਾਰ ਕਲਾ ਦੀ ਕੋਈ ਸੁਤੰਤਰ ਹੋਂਦ ਨਹੀਂ ਸੀ। ਜਾਦੂ ਹੀ ਵਸਤੂਕਰਣ ਅਤੇ ਅਵਸਤੂਕਰਣ ਦੇ ਕਰਮਾਂ ਦੀ ਪੂਰਤੀ ਦਾ ਸਾਧਨ ਬਣਦਾ ਸੀ। ਧਰਮ-ਕਾਲ ਵਿਚ ਆ ਕੇ ਕਲਾ ਨੇ ਆਪਣਾ ਸੁਤੰਤਰ ਅਸਤਿਤਵ ਅਖਤਿਆਰ ਕਰ ਲਿਆ ਅਤੇ ਇਹ ਇਸ ਕਰਕੇ ਕਿ ਧਰਮ ਅਤੇ ਕਲਾ ਦੇ ਕਰਮਾਂ ਵਿਚ ਮੂਲ ਰੂਪ ਵਿਚ ਵਿਰੋਧ ਹੈ। ਕਲਾ ਵਸਤੂਕਰਣ ਦੇ ਸਾਧਨ ਨੂੰ ਨੇਪਰੇ ਚਾੜ੍ਹਦੀ ਹੈ ਪਰੰਤੂ ਧਰਮ ਦਾ ਮੂਲ ਤੱਤ ਅਵਸਤੂਕਰਣ ਦੇ ਕਰਮ ਨੂੰ ਨੇਪਰੇ ਚਾੜ੍ਹਣ ਦੀ ਥਾਂ ਵਸਤੂਕਰਣ ਦੇ ਕਰਮ ਦਾ ਹੀ ਗਲਾ ਘੁੱਟਣ ਦਾ ਯਤਨ ਕਰਦਾ ਹੈ। ਏਹੀ ਕਾਰਨ ਹੈ ਇਸ ਕਾਲ ਦੀ ਸਰਬੋਤਮ ਕਲਾ ਧਰਮ ਦੇ ਚੱਕਰ ਵਿਚੋਂ ਬਾਹਰ ਨਿਕਲਣ ਦਾ ਯਤਨ ਕਰਦੀ ਰਹੀ ਹੈ। ਪੁਨਰ-ਜਾਗ੍ਰਿਤਿ ਦੇ ਯੁਗ ਵਿਚ ਆ ਕੇ ਕਲਾ ਆਪਣੇ ਯਤਨ ਵਿਚ ਸਫਲ ਹੋ ਗਈ ਅਤੇ ਇਸੇ ਕਾਰਨ ਉਹਨਾਂ ਇਕ ਦੋ ਸਦੀਆਂ ਵਿਚ ਲਿਉਨਾਰਡੋ, ਮਾਈਕਲਐਂਜਲੋ ਅਤੇ ਰਾਫੇਲ ਵਰਗੇ ਚਿੱਤਰਕਾਰ ਅਤੇ ਸ਼ੈਕਸਪੀਅਰ ਵਰਗੇ ਨਾਟਕ-ਕਾਰ ਪੈਦਾ ਹੋਏ। ਕਿਹਾ ਜਾ ਸਕਦਾ ਹੈ ਕਿ ਦਾਂਤੇ ਤਾਂ ਧਾਰਮਿਕ ਕਵੀ ਸੀ ਅਤੇ ਧਾਰਮਿਕਤਾ ਨੂੰ ਕਾਇਮ ਰੱਖਕੇ ਉਹ ਜਗਤ ਦਾ ਸਭ ਤੋਂ ਮਹਾਨ ਕਵੀ ਵੀ ਬਣ ਗਿਆ ਹੈ। ਇਸ ਕਿੰਤੂ ਦਾ ਉੱਤਰ ਵੀ ਸਾਨੂੰ ਧਰਮ ਸਬੰਧੀ ਦਿੱਤੀ ਫਾਰਮੂਲੇਸ਼ਨ ਵਿਚੋਂ ਹੀ ਮਿਲ ਜਾਂਦਾ ਹੈ। ਦਾਂਤੇ ਆਪਣੀ ਕਵਿਤਾ ਵਿਚ ਧਰਮ ਦੇ ਮੂਲ ਤੱਤ ਨੂੰ ਕਵਿਤਾ ਦਾ ਵਿਸ਼ਾ ਨਹੀਂ ਬਣਾਉਂਦਾ। ਉਹ ਇਸਦੇ ਸਹਾਰੇ ਇਕ ਦਾਰਸ਼ਨਿਕ ਸੰਦ੍ਰਿਸ਼ ਉਸਾਰਦਾ ਹੈ ਅਤੇ ਉਸਦਾ ਦਾਰਸ਼ਨਿਕ ਸੰਦ੍ਰਿਸ਼ ਵਸਤੂਕਰਣ ਅਤੇ ਅਵਸਤੂਕਰਣ ਨੂੰ ਇਕ ਨਵੀਂ ਅਤੇ ਮੌਲਿਕ ਵਿਆਖਿਆ ਦੇ ਦਿੰਦਾ ਹੈ। ਬਿਲਕੁਲ ਇਹੋ ਗੱਲ ਗੁਰੂ ਨਾਨਕ ਨੇ ਪੰਜਾਬੀ ਸਾਹਿਤ ਵਿਚ ਕੀਤੀ ਹੈ ਅਤੇ ਹੈਰਾਨੀ ਦੀ ਗੱਲ ਨਹੀਂ ਕਿ ਉਹ ਪੰਜਾਬੀ ਸਾਹਿਤ ਦਾ ਸਭ ਤੋਂ ਮਹਾਨ ਕਵੀ ਹੋ ਨਿਬੜਿਆ ਹੈ। ਵਿਗਿਆਨ ਕਾਲ ਵਿਚ ਆਕੇ ਵਿਗਿਆਨ ਅਤੇ ਕਲਾ ਦਾ ਰੋਲ ਜਾਦੂ-ਕਾਲ ਵਾਂਗ ਪ੍ਰਸਪਰ-ਸਹਾਇਤਾ ਵਾਲਾ ਹੋ ਗਿਆ ਹੈ। ਕਲਾ ਵਸਤੂਕਰਣ ਦੇ ਅਮਲ ਨੂੰ ਤੀਖਣ ਅਤੇ ਵਿਸ਼ਾਲ ਕਰਦੀ ਹੈ ਅਤੇ ਵਿਗਿਆਨ ਅਵਸਤੂਕਰਣ ਦੇ ਕਰਮ ਰਾਹੀਂ ਵਸਤੂਆਂ ਨੂੰ ਮਾਨਵ-ਤ੍ਰਿਪਤੀ ਦੇ ਅਨੁਕੂਲ ਬਣਾਉਂਦਾ ਹੈ।

ਜਾਦੂ-ਕਾਲ ਵਿਚ ਵਸਤੂਕਰਣ ਅਤੇ ਅਵਸਤੂਕਰਣ ਵਿਚਕਾਰ ਪੂਰਨ ਤਾਲਮੇਲ ਸੀ

ਪ੍ਰੰਤੂ 'ਕਿਰਤ ਦੀ ਵੰਡ' ਆਰੰਭ ਹੋ ਜਾਣ ਕਾਰਨ ਇਸ ਤਾਲਮੇਲ ਦਾ ਵਿਗਠਣ ਹੋਣਾ ਸ਼ੁਰੂ ਹੋ ਗਿਆ। ਧਰਮ ਕਾਲ ਵਿਚ ਇਹ ਵਿਗਠਣ ਬਹੁਤ ਹੀ ਤੀਖਣ ਹੋ ਗਿਆ ਅਤੇ ਇਸਦੇ ਫਲ ਸਰੂਪ ਓਪਰਾਪਣ ਅਤੇ ਸਵੈ-ਓਪਰਾਪਣ ਦੀਆਂ ਸਮਸਿਆਵਾਂ ਘੋਰ ਰੂਪ ਅਖਤਿਆਰ ਕਰ ਗਈਆਂ। ਓਪਰਾਪਣ ਅਤੇ ਸਵੈ-ਓਪਰਾਪਣ ਦੇ ਆ ਜਾਣ ਕਾਰਨ ਵਿਅਕਤੀ ਅਤੇ ਸਮੂਹ ਵਿਚਕਾਰ, ਵਿਅਕਤੀ ਅਤੇ ਤੱਤਮਈ ਮਨੁੱਖੀ ਸੁਭਾ ਵਿਚਕਾਰ ਅਤੇ ਵਿਚਾਰ ਅਤੇ ਕਰਮ ਵਿਚਕਾਰ ਵਿਗਸਤ ਹੁੰਦਾ ਰਿਹਾ ਸੁਮੇਲ ਖਤਮ ਹੋ ਗਿਆ। ਇਸ ਸੁਮੇਲ ਦੇ ਖਤਮ ਹੋ ਜਾਣ ਕਾਰਨ ਮਾਨਵੀਕਰਣ ਦੇ ਅਮਲ ਵਿਚ ਵਿਘਨ ਪੈ ਗਿਆ, ਆਰਥਿਕ ਖੇਤਰ ਵਿਚ ਲੁਟ ਖਸੁਟ, ਰਾਜਸੀ ਖੇਤਰ ਵਿਚ ਜਮਾਤੀ ਘੋਲ ਅਤੇ ਮਨੁੱਖੀ ਮਨ ਵਿਚ ਸੁਚੇਤ ਅਤੇ ਅਚੇਤ ਪੱਖਾਂ ਵਿਚਕਾਰਲੇ ਦਵੰਦ ਨੇ ਜਨਮ ਲੈ ਲਿਆ ਅਤੇ ਮਾਰਕਸ ਅਨੁਸਾਰ ਪੂਰਵ-ਇਤਿਹਾਸ ਨੇ ਵਿਚਰਣਾ ਆਰੰਭ ਕਰ ਦਿੱਤਾ।

ਪੂਰਵ-ਇਤਿਹਾਸ ਵਿਚ ਪ੍ਰਚਲਿਤ ਓਪਰਾਪਣ ਅਤੇ ਸਵੈ-ਓਪਰਾਪਣ ਨੇ ਹੀ ਉਸ ਮਾਨਵ-ਵਿਰੋਧੀ ਚਾਲ ਨੂੰ ਜਨਮ ਦਿੱਤਾ ਹੈ ਜਿਸਦੇ ਲੋਭ, ਮੋਹ, ਹੰਕਾਰ ਆਦਿਕ ਅਨਿਖੜਵੇਂ ਅੰਗ ਹਨ। ਉਪਰੋਕਤ ਨਿਰਾਰਥਿਕ ਚਾਲ ਦੇ ਉਤਪੰਨ ਹੋਣ ਅਤੇ ਪ੍ਰਗਤੀ ਕਰਨ ਨਾਲ ਇਸਦੇ ਟਾਕਰੇ ਵਿਚ ਇਸਦੀ ਵਿਰੋਧੀ (ਜਾਦੂ-ਕਾਲ ਤੋਂ ਉਤਪੰਨ ਹੋਈ ਹੋਈ) ਚਾਲ ਨੇ ਵੀ ਪ੍ਰਗਤੀ ਕਰਨੀ ਆਰੰਭ ਕਰ ਦਿੱਤੀ। ਇਹ ਸਾਰਥਿਕ ਚਾਲ ਸੀ ਅਤੇ ਮਾਨਵਤਾ ਪ੍ਰਤੀ ਅਨੁਮਤੀ, ਸਮਾਨਤਾ ਅਤੇ ਪਿਆਰ ਆਦਿਕ ਇਸਦੇ ਅਨਿਖੜਵੇਂ ਅੰਗ ਸਨ। ਕਿਉਂਕਿ ਪੂਰਵ-ਇਤਿਹਾਸ ਵਿਚ ਓਪਾਰਪਣ ਅਤੇ ਸਵੈ-ਓਪਰਾਪਣ ਦੀ ਪ੍ਰਧਾਨਤਾ ਹੋ ਗਈ ਇਸ ਲਈ ਇਸ ਕਾਲ ਵਿਚ ਨਿਰਾਰਥਿਕ ਚਾਲ ਪ੍ਰਸਤਾਵ-ਪੱਖੀ ਅਤੇ ਸਾਰਥਿਕ ਚਾਲ ਪ੍ਰਸਤਾਵ-ਵਿਰੋਧੀ ਹੋ ਗਈ। ਪਰ ਕਿਉਂਕਿ ਜਾਦੂ-ਕਾਲ ਵਿਚ ਇਸ ਨਿਰਾਰਥਿਕ ਚਾਲ ਅਤੇ ਇਸ ਵਿਚੋਂ ਉਗਮਦੇ ਝੁਕਾਵਾਂ ਦੀ ਅਣਹੋਂਦ ਸੀ ਇਸ ਲਈ ਤੱਤਮਈ ਸੁਭਾ ਸਾਰਥਿਕ ਚਾਲ ਦੇ ਅਨੁਕੂਲ ਹੈ ਭਾਵੇਂ ਨਿਰਾਰਥਿਕ ਚਾਲ ਦੇ ਝੁਕਾਅ ਇਸ ਵਿਚ ਕਾਫੀ ਖਿਚੋਤਾਣ ਪੈਦਾ ਕਰੀ ਰਖਦੇ ਹਨ। ਪੂਰਵ-ਇਤਿਹਾਸ ਵਿਚ ਨਿਰਾਰਥਿਕ ਚਾਲ ਦੇ ਪ੍ਰਧਾਨ ਹੋ ਜਾਣ ਕਾਰਨ ਸਾਰਥਿਕ ਚਾਲ ਅਤੇ ਇਸ ਵਿਚੋਂ ਉਗਮਦੇ ਝੁਕਾ ਅਸਤਿਤਵਮਈ ਪੀੜ ਅਤੇ ਕਲੇਸ਼ ਨਾਲ ਗੜੁੱਚ ਹੋ ਗਏ ਹਨ।

ਸਿਰਜਣਾਮਈ ਸਾਹਿਤ ਅਜੋਕੇ ਅਨੁਭਵਾਂ ਤੋਂ ਚਲਕੇ ਸਾਰਥਿਕ ਅਤੇ ਨਿਰਾਰਥਿਕ ਚਾਲਾਂ ਰਾਹੀਂ ਤੱਤਮਈ ਮਨੁੱਖੀ ਸੁਭਾ ਨੂੰ ਟੂੰਬਦਾ ਹੈ ਅਤੇ ਸਾਰਥਿਕ ਚਾਲ ਨੂੰ ਪ੍ਰਸਤਾਵ-ਮਈ ਪੱਧਰ ਉਤੇ ਸਥਾਪਿਤ ਕਰਨ ਦਾ ਯਤਨ ਕਰਦਾ ਹੈ। ਅਜਿਹਾ ਕਰਨ ਲਈ ਦੂਤਕ ਪਰਕਾਰ ਦੇ ਸੰਸਥਾਮਈ ਪਰਿਵਰਤਣਾਂ ਦੀ ਵੀ ਲੋੜ ਪੈਂਦੀ ਹੈ ਅਤੇ ਸਿਰਜਣਾਮਈ ਸਾਹਿਤ ਅਜਿਹੇ ਪਰਿਵਰਤਣ ਦਾ ਵੀ ਸੰਦੇਸ਼ ਦਿੰਦਾ ਹੈ। ਪ੍ਰੰਤੂ ਅਜਿਹੇ ਪਰਿਵਰਤਣ ਦੇ ਸੰਦੇਸ਼ ਨੂੰ ਇਸ ਸਾਹਿਤ ਦੀ ਸਹਾਇਕ ਧੁਨੀ ਹੀ ਕਿਹਾ ਜਾ ਸਕਦਾ ਹੈ। ਪਰਧਾਨ ਧੁਨੀ ਇਸਦੀ ਪ੍ਰਾਰੰਭਿਕ ਪਰਿਵਰਤਣ ਦਾ ਯਤਨ ਹੁੰਦੀ ਹੈ ਅਤੇ ਬਣਤਮਈ ਅਤੇ ਨਿਮਨ-ਬਣਤਮਈ ਪਰਿਵਰਤਣ ਇਸ ਪ੍ਰਾਰੰਭਿਕ ਪਰਿਵਰਤਣ ਦੇ ਦੋ ਅਨਿਖੜਵੇਂ ਰੂਪ ਹੁੰਦੇ ਹਨ। ਤੁਰਦਾ ਪ੍ਰਗਤਿਵਾਦੀ ਸਾਹਿਤ ਵੀ ਅਜੋਕ ਅਨੁਭਵਾਂ ਤੋਂ ਹੈ ਪ੍ਰੰਤੂ ਦੂਤਕ ਪਰਕਾਰ ਦਾ ਸੰਸਥਾਮਈ ਪਰਿਵਰਤਣ ਹੀ ਇਸਦਾ ਟੀਚਾ ਬਣਕੇ ਰਹਿ ਜਾਂਦਾ ਹੈ। ਇਸ ਤਰਾਂ ਸਿਰਜਣਾਮਈ ਅਤੇ ਪ੍ਰਗਤਿਵਾਦੀ ਸਾਹਿਤ ਵਿਚਕਾਰਲਾ ਅੰਤਰ ਪ੍ਰਾਪਤੀ ਦਾ ਹੀ ਨਹੀਂ ਸਗੋਂ ਗੁਣਾਤਮਿਕਤਾ ਦਾ ਵੀ ਬਣ ਜਾਂਦਾ ਹੈ।

ਸਿਰਜਣਾਮਈ ਸਾਹਿਤ ਅਤੇ ਪ੍ਰਗਤਿਵਾਦੀ ਸਾਹਿਤ ਵਿਚਕਾਰ ਵਿਚਰ ਰਿਹਾ ਅੰਤਰ ਹੀ ਸਾਨੂੰ ਸਿਰਜਣਾਮਈ ਸਾਹਿਤ ਅਤੇ ਸਮਾਜਵਾਦੀ ਯਥਾਰਥਵਾਦੀ ਸਾਹਿਤ ਵਿਚੋਂ ਉਪਲਬਧ ਹੁੰਦਾ ਹੈ। ਸਮਾਜਵਾਦੀ ਯਥਾਰਥਵਾਦੀ ਸਾਹਿਤ ਪ੍ਰਗਤਿਵਾਦੀ ਸਾਹਿਤ ਦੀ ਹੀ Extension ਹੈ ਪ੍ਰੰਤੂ ਸਮਾਜਵਾਦੀ ਪ੍ਰਸਥਿਤੀ ਵਿਚ ਉਤਪੰਨ ਹੋਣ ਕਾਰਨ ਇਸਦਾ ਸੁਭਾਵ ਅਤੇ ਰੋਲ ਪ੍ਰਗਤਿਵਾਦੀ ਸਾਹਿਤ ਦੇ ਸੁਭਾਵ ਅਤੇ ਰੋਲ ਨਾਲੋਂ ਕੁੱਝ ਵਖਰੀ ਪ੍ਰਕਾਰ ਦਾ ਹੋ ਜਾਂਦਾ ਹੈ। ਪ੍ਰੰਤੂ ਸੁਭਾਵ ਅਤੇ ਰੋਲ ਦਾ ਕੁੱਝ ਵੱਖਰਾ ਹੋਣਾ ਇਸ ਸਾਹਿਤ ਦੇ ਪ੍ਰਗਤਿਵਾਦੀ ਸਾਹਿਤ ਨਾਲ ਸਥਾਪਿਤ ਹੋਏ ਉਸ ਗੂਹੜੇ ਰਿਸ਼ਤੇ ਨੂੰ ਭੰਗ ਨਹੀਂ ਕਰਦਾ ਜਿਹੜਾ ਰਿਸ਼ਤਾ ਕਿ ਇਸ ਸਕੰਲਪ 'ਤੇ ਆਧਾਰਤ ਹੈ ਕਿ ਇਹ ਦੋਨੋਂ ਪਰਕਾਰ ਦੇ ਸਾਹਿਤ ਸਮਾਜ ਵਿਚ ਦ੍ਰੁਤਕ ਪਰਕਾਰ ਦਾ ਸੰਸਥਾਮਈ ਪਰਿਵਰਤਣ ਹੀ ਚਾਹੁੰਦੇ ਹਨ।

ਸਮਾਜਵਾਦੀ ਯਥਾਰਥਵਾਦੀ ਸਾਹਿਤ ਸਮਾਜਵਾਦੀ ਸਮਾਜਾਂ ਦੀ ਉਪਜ ਹੈ। ਸਮਾਜਵਾਦੀ ਸਮਾਜਾਂ ਦਾ ਪ੍ਰਮੁੱਖ ਲੱਛਣ ਇਹ ਹੈ ਕਿ ਇਹਨਾਂ ਵਿਚ Antagonistic Contradiction ਦੇ ਉੱਨਤ ਹੋਣ ਦੀ ਬਹੁਤੀ ਸੰਭਾਵਨਾ ਵੀ ਨਜ਼ਰ ਨਹੀਂ ਆਉਂਦੀ ਅਤੇ ਜੇ ਅਜੇਹੀ ਸੰਭਾਵਨਾ ਉਤਪੰਨ ਹੁੰਦੀ ਨਜ਼ਰ ਆਵੇ ਵੀ ਤਾਂ ਉਸਨੂੰ ਪ੍ਰਪੱਕ ਹੋਣ ਤੋਂ ਪਹਿਲਾਂ ਹੀ ਖਤਮ ਕਰ ਦਿੱਤਾ ਜਾਂਦਾ ਹੈ। ਇਸਦਾ ਮਤਲਬ ਇਹ ਨਹੀਂ ਕਿ ਸਮਾਜਵਾਦੀ ਸਮਾਜਾਂ ਵਿਚ ਅਜਿਹੇ ਦਵੰਦ ਉੱਨਤ ਹੋਣਗੇ ਹੀ ਨਹੀਂ, ਸ਼ਾਇਦ ਹੋ ਹੀ ਜਾਣ ਅਤੇ ਰੂਸ ਅਤੇ ਚੀਨ ਦੇ ਪ੍ਰਸਪਰ ਮਤਭੇਦ ਅਤੇ ਸਮਾਜਵਾਦੀ ਦੇਸ਼ਾਂ ਵਿਚ ਫ਼ੈਲ ਰਹੀ ਵਿਦਿਆਰਥੀ-ਬੇਚੈਨੀ ਭਵਿੱਖ ਵਿਚ ਇਸਦੇ ਬੀਜ ਸਾਬਤ ਵੀ ਹੋ ਜਾਣ। ਪਰੰਤੂ ਅਜੋਕੀ ਸਥਿੱਤੀ ਵਿਚ ਇਸ ਉੱਨਤੀ ਦੀ ਅਣਹੋਂਦ ਹੀ ਨਜ਼ਰ ਆਉਂਦੀ ਹੈ ਅਤੇ ਇਸ ਕਾਰਨ ਕਰਕੇ ਇਹਨਾਂ ਦੇਸ਼ਾਂ ਦਾ ਪ੍ਰਤੀਨਿਧ ਸਾਹਿਤ ਸੰਸਥਾਮਈ ਪਰਿਵਰਤਣ ਦੀ ਨਹੀਂ ਸਗੋਂ ਸੰਸਥਾਮਈ ਸੁਧਾਰਾਂ ਦੀ ਸਿਫ਼ਾਰਸ਼ ਕਰਦਾ ਹੈ। ਇਹਨਾਂ ਸੰਸਥਾਮਈ ਸੁਧਾਰਾਂ ਰਾਹੀਂ ਇਸ ਸਾਹਿਤ ਦਾ ਮੰਤਵ ਉਨ੍ਹਾਂ ਝੁਕਾਵਾਂ ਨੂੰ ਪ੍ਰੋੜ ਤੋਂ ਪ੍ਰੋੜ ਕਰਨਾ ਹੁੰਦਾ ਹੈ ਜਿਹੜੇ ਮੰਤਵ ਕਿ ਸਮਾਜਵਾਦੀ ਵਿਚਾਰ ਧਾਰਾ ਆਪਣੇ ਟੀਚੇ ਮਿੱਥਦੀ ਹੈ।

ਉਪਰ ਸੰਕੇਤਕ ਹੋਈ ਸਮਾਜਵਾਦੀ ਵਿਚਾਰਧਾਰਾ ਦਾ ਮਾਰਕਸਵਾਦ ਦੇ ਆਰਥਿਕ ਅਤੇ ਰਾਜਨੀਤਕ ਸੀਰਸ਼ਾਂ ਨਾਲ ਅਨਿਖੜਵਾਂ ਸਬੰਧ ਹੁੰਦਾ ਹੈ। ਸ਼ਾਇਦ ਇਹ ਕਹਿਣ ਵਿਚ ਕੋਈ ਅਤਿਕਥਨੀ ਨਹੀਂ ਕਿ ਇਹ ਵਿਚਾਰਧਾਰਾ ਉਹਨਾਂ ਦੀ ਹੀ ਵਿਆਖਿਆ ਹੁੰਦੀ ਹੈ। ਜਦੋਂ ਇਹ ਸ਼ੀਰਸ਼ ਉਸ ਵਿਆਖਿਆ ਵਿਚ ਢਲਦੇ ਹਨ ਜਿਨ੍ਹਾਂ ਨੇ ਕਿ ਸੰਸਥਾਮਈ ਰੂਪ ਧਾਰਨਾ ਹੁੰਦਾ ਹੈ ਤਾਂ ਉਹਨਾਂ ਵਿਚ ਵਿਸ਼ੇਮਈ ਅਹਿੱਲਤਾ ਆ ਜਾਂਦੀ ਹੈ ਅਤੇ ਉਸਦਾ ਖੁਲ੍ਹਾਪਣ ਖਤਮ ਹੋ ਜਾਂਦਾ ਹੈ।

ਇਸ ਅਹਿਲਤਾ ਦੇ ਆ ਜਾਣ ਅਤੇ ਖੁੱਲਾਪਣ ਖਤਮ ਹੋ ਜਾਣ ਦਾ ਪ੍ਰਮੁੱਖ ਕਾਰਨ ਇਹ ਹੈ ਕਿ ਮਾਰਕਸਵਾਦ ਦੇ ਰਾਜਨੀਤਕ ਅਤੇ ਆਰਥਿਕ ਸੀਰਸ਼ਾਂ ਨੂੰ ਇਸਦੇ ਦਾਰਸ਼ਨਿਕ ਸੀਰਸ਼ਾਂ ਨਾਲੋਂ ਤੋੜ ਲਿਆ ਜਾਂਦਾ ਹੈ ਅਤੇ ਤਰਕਮਈ ਭਾਵਨਾ ਦਵੰਦਾਤਮਿਕ ਭਾਵਨਾ ਦੀ ਥਾਂ ਲੈ ਲੈਂਦੀ ਹੈ। ਤਰਕਮਈ ਭਾਵਨਾ ਦਾ ਸੁਭਾਵ ਹੀ ਸੰਸਥਾਮਈ ਹੁੰਦਾ ਹੈ ਅਤੇ ਸਮਾਜਵਾਦੀ ਸਮਾਜਾਂ ਵਿਚ ਇਸਦੇ

ਉੱਘੜ ਆਉਣ ਕਾਰਨ ਦਵੰਦਾਤਮਿਕ ਪਦਾਰਥਵਾਦ ਅਤੇ ਸਮਾਜਵਾਦੀ ਵਿਚਾਰਧਾਰਾ ਵਿਚਕਾਰ ਸਾਰਤਰ ਦਾ ਸੰਕਲਪਤ ਕੀਤਾ ਹੋਇਆ (Regressive-Progressive) ਸਬੰਧ ਟੁੱਟ ਜਾਂਦਾ ਹੈ। ਅਜੇਹਾ ਜੋ ਜਾਣ ਨਾਲ ਸਮਾਜਵਾਦੀ ਵਿਚਾਰਧਾਰਾ ਉਹ ਬਿੰਦੂ ਬਣ ਜਾਂਦੀ ਹੈ ਜਿਸ ਵਲ ਸਾਹਿਤ ਨੇ ਕੇਂਦਰਿਤ ਹੋਣਾ ਹੁੰਦਾ ਹੈ। ਅਜੇਹਾ ਬਿੰਦੂ ਬਣ ਜਾਣ ਨਾਲ ਉਪਰੋਕਤ ਵਿਚਾਰਧਾਰਾ ਸਿਰਜਣਾਤਮਿਕਤਾ ਲਈ ਉਸੇ ਤਰਾਂ ਘਾਤਕ ਸਿੱਧ ਹੁੰਦੀ ਹੈ ਜਿਵੇਂ, ਮਿਸਾਲ ਦੇ ਤੌਰ ਤੇ, ਰੋਮਨ ਕੈਥੋਲਿਕ ਧਰਮ ਪ੍ਰਸਿੱਧ ਅੰਗਰੇਜ਼ੀ ਕਵੀ ਆਡਨ ਲਈ ਹੋਇਆ ਹੈ।

ਅਜੇਹਾ ਮਾਰੂ ਪ੍ਰਭਾਵ ਸਾਹਿਤ ਦੇ ਖੇਤਰ ਵਿਚ ਹਰ ਵਿਚਾਰਧਾਰਾ ਦਾ ਪੈਂਦਾ ਰਿਹਾ ਹੈ ਅਤੇ ਪੈਂਦਾ ਰਹੇਗਾ। ਇਸ ਦੇ ਮੁਕਾਬਲੇ ਵਿਚ ਦਵੰਦਾਤਮਿਕ ਪਦਾਰਥਵਾਦ ਅਤੇ ਕਿਸੇ ਵੀ ਦਰਸ਼ਨ ਪ੍ਰਬੰਧ ਦਾ (ਪਾਬਲੋ ਨਰੂਦਾ ਅਤੇ ਟੀ. ਐਸ ਇਲੀਅਟ ਦੇ ਅਧਿਅਨ ਤੋਂ ਇਸ ਕਥਨ ਦੀ ਸਚਾਈ ਨੂੰ ਭਲੀ ਭਾਂਤ ਹੀ ਸਿੱਧ ਕੀਤਾ ਜਾ ਸਕਦਾ ਹੈ) ਦਾ ਪ੍ਰਭਾਵ ਏਨਾ ਮਾਰੂ ਨਹੀਂ ਪੈਂਦਾ ਕਿਉਂ ਕਿ ਦਾਰਸ਼ਨਿਕ-ਪ੍ਰਬੰਧ ਸਿਰਜਣਾਤਮਿਕਤਾ ਨੂੰ ਸੇਧ ਦਿੰਦਾ ਹੈ, ਉਸ ਉਪਰ ਭਾਰੂ ਨਹੀਂ ਬਣਦਾ। ਸਿਰਜਣਾ-ਮਈ ਸਾਹਿਤ ਕਿਸੇ ਦਰਸ਼ਨ-ਪ੍ਰਬੰਧ ਨੂੰ ਇਲੀਅਟ ਅਤੇ ਨਰੂਦਾ ਵਾਂਗ ਕਬੂਲ ਕਰਨ ਦੀ ਸਿਫਾਰਸ਼ ਵੀ ਨਹੀਂ ਕਰਦਾ ਕਿਉਂਕਿ ਇਹ ਕਰਮ ਵੀ ਕਿਸੇ ਹੱਦ ਤੱਕ ਸਿਰਜਣਾਤਮਿਕਤਾ ਲਈ ਠਿਡਿਆਰਮਈ ਸਿੱਧ ਹੁੰਦਾ ਹੈ। ਹਾਂ ਸਿਰਜਣਾਮਈ ਸਾਹਿਤਕਾਰ ਸਦਾ-ਸਮੂਹਕ ਬਣਦੇ ਦਵੰਦਾਤਮਿਕ ਪਦਾਰਥਵਾਦ ਦੇ ਸੋਰਸ਼ਾਂ ਨੂੰ ਅਸਤਿਤਵਮਈ ਸੋਰਸ਼ਾਂ ਵਿਚ ਤਬਦੀਲ ਕਰਦਾ ਹੈ, ਅਤੇ ਇਹਨਾਂ ਅਸਤਿਤਵਮਈ ਸੋਰਸ਼ਾਂ ਦੇ ਆਧਾਰ 'ਤੇ ਆਪਣਾ ਸੰਦ੍ਰਿਸ਼ ਉਸਾਰਦਾ ਹੈ ਅਤੇ ਸਾਹਿਤ ਸਿਰਜਣਾ ਕਰਦਾ ਹੈ।

ਜੇ ਸਮਾਜਵਾਦੀ ਸਮਾਜ ਵਿਚ ਸਿਰਜਣਾਮਈ ਸਾਹਿਤ ਦੀ ਰਚਨਾ ਹੋਵੇਗੀ ਤਾਂ ਇਹ ਸਮਾਜਵਾਦੀ ਸਮਾਜ ਵਿਚ ਵੀ ਬਣਤਮਈ ਅਤੇ ਨਿਮਨ-ਬਣਤਮਈ ਪਰਕਾਰ ਦੇ ਪ੍ਰਾਰੰਭਿਕ ਪਰਿਵਰਤਣ ਦਾ ਸੰਦੇਸ਼ ਦੇਵੇਗਾ। ਸਮਾਜਵਾਦੀ ਯਥਾਰਥਵਾਦੀ ਸਾਹਿਤ ਅਜੇਹਾ ਰੂਪ ਅਖਤਿਆਰ ਕਰ ਹੀ ਨਹੀਂ ਸਕਦਾ ਕਿਉਂਕਿ ਸੰਸਥਾਮਈ ਵਿਚਾਰਾਧਾਰਾ ਦੂਤਕ ਪਰਕਾਰ ਦੇ ਪਰਿਵਰਤਣ ਦੀ ਆਗਿਆ ਤਾਂ ਦੇ ਸਕਦੀ ਹੈ, ਪ੍ਰਾਰੰਭਿਕ ਪਰਿਵਰਤਣ ਦੀ ਨਹੀਂ। ਇਸ ਪ੍ਰਸੰਗ ਵਿਚ ਇਸ ਗੱਲ ਵਲ ਵੀ ਇਸ਼ਾਰਾ ਹੋ ਜਾਣਾ ਚਾਹੀਦਾ ਹੈ ਕਿ ਸਾਰੇ ਸਮਾਜਵਾਦੀ ਸਮਾਜਾਂ ਵਿਚ ਪ੍ਰਾਰੰਭਿਕ ਪਰ-ਕਾਰ ਦੇ ਪਰਿਵਰਤਣ ਦੀ ਲੋੜ ਹੈ ਕਿਉਂਕਿ ਇਹਨਾਂ ਵਿਚ ਓਪਰਾਪਣ ਅਤੇ ਸਵੈ-ਓਪਰਾਪਣ ਦੀ ਸਮੱਸਿਆਵਾਂ ਨੂੰ ਹਲ ਨਹੀਂ ਕੀਤਾ ਜਾ ਸਕਿਆ। ਸਗੋਂ ਜਿਉਂ ਜਿਉਂ ਇਹਨਾਂ ਸਮਾਜਾਂ ਵਿਚ (Antagonistic contradictions) ਦੀ ਉਤਪਤੀ ਦੀ ਸੰਭਾਵਨਾ ਵਧ ਰਹੀ ਹੈ ਤਿਉਂ ਤਿਉਂ ਓਪਰਾਪਣ ਅਤੇ ਸਵੈ-ਓਪਰਾਪਣ ਦੀਆਂ ਸਮੱਸਿਆਵਾਂ ਤੀਖਣ ਹੁੰਦੀਆਂ ਜਾ ਰਹੀਆਂ ਹਨ। ਕਾਰਨ ਇਸ ਅਸਫਲਤਾ ਦਾ, ਮੇਰੇ ਖਿਆਲ ਵਿਚ ਇਹ ਹੈ, ਕਿ ਸੰਸਥਾਮਈ ਸਮਾਜਵਾਦੀ ਵਿਚਾਰਾਧਾਰਾ ਦੰਵਦਾਤਮਿਕ ਪਦਾਰਥਵਾਦ ਨਾਲ (Regressive-Progressive) ਸਬੰਧ ਕਾਇਮ ਨਹੀਂ ਰੱਖ ਸਕੀ। ਦਰਅਸਲ ਦੋਨਾਂ ਵਿਚਕਾਰ ਲੋੜੀਂਦਾ ਪ੍ਰਸਪਰ ਸਬੰਧ ਸਾਨੂੰ ਕਾਰਲ ਮਾਰਕਸ ਵਿਚ ਹੀ ਉਪਲਬਧ ਹੁੰਦਾ ਹੈ। ਐਂਗਲਜ਼ ਵਿਚ ਇਹ ਦਰਾੜ ਆਰੰਭ ਹੋ ਗਈ ਸੀ ਅਤੇ ਲੈਨਿਨ ਵਿਚ ਤ੍ਰਾਸਦਮਈ ਬਣਕੇ ਸਤਾਲਿਨ ਵਿਚ ਪ੍ਰਪੱਕ ਰੂਪ ਅਖਤਿਆਰ ਕਰ ਗਈ। ਸਮਾਜ-ਵਾਦੀ ਸਮਾਜਾਂ ਵਿਚ ਵਾਪਰਿਆ ਪ੍ਰਾਰੰਭਿਕ ਪਰਿਵਰਤਣ ਵਿਚਾਰਧਾਰਾ ਅਤੇ ਦੰਵਦਾਤਮਿਕ ਪਦਾਰਥ-

ਵਾਦ ਵਿਚਕਾਰ ਸਾਰਤਰ ਦਾ ਸੰਕਲਪਤ ਕੀਤਾ ਹੋਇਆ ਸਬੰਧ ਸਥਾਪਿਤ ਕਰ ਦੇਵੇਗਾ ਅਤੇ ਮਾਰਕਸਵਾਦ ਦੇ ਅਸਤਿਤਵਮਈ ਤੱਤ ਦੀ ਵਿਚਾਰਧਾਰਿਕ ਪੱਖ ਜਿੰਨੀ ਹੀ ਮਹੱਤਤਾ ਹੋ ਜਾਵੇਗੀ। ਇਸ ਮੰਤਵ ਲਈ ਮਾਰਕਸਵਾਦ ਦੇ ਅਸਤਿਤਵਮਈ ਤੱਤ ਨੂੰ ਮਾਰਕਸ ਦੀਆਂ ਜਵਾਨੀ ਦੀਆਂ ਲਿਖਤਾਂ ਵਿਚੋਂ ਸੁਰਜੀਤ ਕਰਕੇ ਉੱਨਤ ਕਰਨਾ ਪਵੇਗਾ ਅਤੇ ਮਾਰਕਸਵਾਦੀ ਸਮੂਹਕਤਾ ਦਾ ਅਨਿਖੜਵਾਂ ਅੰਗ ਬਣਾਉਣਾ ਪਵੇਗਾ। ਇਸ ਕਰਮ ਵਿਚ ਸਮਾਜਵਾਦੀ ਦੇਸ਼ਾਂ ਵਿਚ ਸਮਾਜਵਾਦੀ ਯਥਾਰਥਵਾਦੀ ਸਾਹਿਤ ਦੀ ਥਾਂ ਕਲਪਤ ਕੀਤਾ ਸਿਰਜਣਾਮਈ ਸਾਹਿਤ ਵਿਸ਼ੇਸ਼ ਰੋਲ ਅਦਾ ਕਰੇਗਾ ।

ਸਿਰਜਣਾਮਈ ਸਾਹਿਤ ਦੇ ਪ੍ਰਸੰਗ ਵਿਚ ਹਾਰਡੀ ਅਤੇ ਲਾਰੰਸ ਦੀਆਂ ਉਦਾਹਰਣਾਂ ਤੋਂ ਇਹ ਸੰਕਲਪ ਨਹੀਂ ਬਣ ਜਾਣਾ ਚਾਹੀਦਾ ਕਿ ਇਸ ਪਰਕਾਰ ਦੇ ਸਾਹਿਤ ਵਿਚੋਂ ਉਪਲਬਧ ਹੁੰਦੇ ਨਵੇਂ ਸੰਸਾਰਾਂ ਦਾ ਇਤਿਹਾਸੀਕਰਣ ਹੋ ਹੀ ਨਹੀਂ ਸਕਦਾ। ਦਰਅਸਲ ਦੋਨੋਂ ਪਰਕਾਰ ਦੀਆਂ ਸੰਭਾਵਨਾਵਾਂ ਹਨ । ਉਹ ਨਵੇਂ ਸੰਸਾਰ ਜਿਨ੍ਹਾਂ ਵਿਚ ਯੁੰਗ ਦੇ ਕਹਿਣ ਅਨੁਸਾਰ (Regressive Orientation) ਦਾ ਲੱਛਣ ਹੁੰਦਾ ਹੈ ਅਵੱਸ਼ ਹੀ ਇਤਿਹਾਸੀਕਰਣ ਤੋਂ ਲਾਂਭੇ ਰਹਿ ਜਾਂਦੇ ਹਨ। ਪਰੰਤੂ ਸੋਫੋਕਲੀਜ਼, ਸ਼ੈਕਸਪੀਅਰ ਅਤੇ ਗੈਟੇ ਆਦਿਕ ਦੇ ਰਚੇ ਸੰਸਾਰਾਂ ਦਾ ਇਤਿਹਾਸੀਕਰਣ ਹੋਇਆ ਹੈ ਕਿਉਂਕਿ ਉਹਨਾਂ ਵਿਚ (Regressive Orientation) ਦਾ ਲੱਛਣ ਪ੍ਰਧਾਨ ਹੈ। ਵਰਤਮਾਨ ਵਿਚ ਉਹਨਾਂ ਸਾਹਿਤਕਾਰਾਂ ਦੇ ਰਚੇ ਹੋਏ ਸੰਸਾਰ ਹੀ ਇਤਿਹਾਸੀਕਰਣ ਦੇ ਯੋਗ ਹਨ ਜਿਹੜੇ ਸਦਾ-ਸਮੂਹਕ ਬਣਦੇ ਦਵੰਦਾਤਮਿਕ ਪਦਾਰਥਦਵਾਦ ਦੇ ਅਨੁਕੂਲ ਹਨ ਅਤੇ ਹੋਣਗੇ ਕਿਉਂਕਿ ਇਤਿਹਾਸੀਕਰਣ ਦੇ ਯੋਗ ਹੋਣ ਲਈ ਸਮੇਂ ਦੇ ਦਰਸ਼ਨ ਪ੍ਰਬੰਧ ਨਾਲ ਸਿਰਜਣਾਤਮਿਕ ਅਨੁਕੂਲਤਾ ਜ਼ਰੂਰੀ ਹੈ। ਨਿਰਸੰਦੇਹ ਵਰਤਮਾਨ ਦਾ ਦਰਸ਼ਨ ਪ੍ਰਬੰਧ ਸਦਾ ਸਮੂਹਕ ਬਣਦਾ ਦਵੰਦਾਤਮਿਕ ਪਦਾਰਥਵਾਦ ਹੈ ਅਤੇ ਅਸਤਿਤਵਵਾਦ ਆਦਿਕ ਕੇਵਲ ਵਿਚਾਰਧਾਰਾਵਾਂ ਹਨ।

## II

ਆਰੰਭ ਆਧੁਨਿਕਤਾਵਾਦ ਦਾ ਵੀ ਓਪਰਾਪਣ ਅਤੇ ਸਵੈ--ਓਪਰਾਪਣ ਤੋਂ ਹੁੰਦਾ ਹੈ। ਆਧੁਨਿਕਤਾਵਾਦੀਆਂ ਅਨੁਸਾਰ ਓਪਰਾਪਣ ਅਤੇ ਸਵੈ-ਓਪਰਾਪਣ ਵਿਚੋਂ ਉਗਮੀਆਂ ਸਮੱਸਿਆਵਾਂ ਜੀਵਨ ਵਿਚ ਘੋਰ ਰੂਪ ਅਖਤਿਆਰ ਕਰ ਗਈਆਂ ਹਨ : ਵਿਅੱਕਤੀ ਅਤੇ ਸਮੂਹ ਇਕ ਦੂਸਰੇ ਦੇ ਵਿਰੋਧੀ ਬਣ ਗਏ ਹਨ, ਵਿਅਕਤੀ ਦੇ ਵਿਅੱਕਤਿਤਵ ਵਿਚ ਦੁਫਾੜ ਆ ਗਈ ਹੈ, ਜੀਵਨ ਵਿਅਕਤੀ ਨੂੰ ਮਕੈਨਕੀ ਬਣਾਉਣ ਉਤੇ ਤੁਲਿਆ ਹੋਇਆ ਹੈ ਅਤੇ ਇਕ ਅਤੇ ਬਹੁਤਿਆਂ ਵਿਚਕਾਰ ਵਿਗੱਠਣਮਈ ਖਿੱਚੋਤਾਣ ਹੋਣ ਕਾਰਨ ਵਿਅਕਤੀ ਪੀੜ ਅਤੇ ਕਲੇਸ਼ ਦੇ ਸਾਗਰਾਂ ਵਿਚ ਡੁੱਬਿਆ ਪਿਆ ਹੈ।

ਆਧੁਨਿਕਤਾਵਾਦੀਆਂ ਵਿਚ ਓਪਰਾਪਣ ਅਤੇ ਸਵੈ-ਓਪਰਾਪਣ ਵਿਚੋਂ ਉਗਮਦੀਆਂ ਸਮੱਸਿਆਵਾਂ ਦੀ ਸੂਝ ਤਾਂ ਜ਼ਰੂਰ ਹੈ ਪ੍ਰੰਤੂ ਦਵੰਦਾਤਮਿਕ ਪਦਾਰਥਵਾਦੀਆਂ ਵਾਂਗ ਉਹ ਇਹਨਾਂ ਕਰਮਾਂ ਦੇ ਇਤਿਹਾਸਿਕ ਅਤੇ ਪਦਾਰਥਵਾਦੀ ਕਾਰਨ ਨਹੀਂ ਮਿੱਥਦੇ । ਦਵੰਦਾਤਮਿਕ ਪਦਾਰਥਵਾਦ ਅਨੁਸਾਰ ਇਹਨਾਂ ਕਰਮਾਂ ਦੀ ਉਤਪਤੀ 'ਕਿਰਤ ਦੀ ਵੰਡ' ਕਾਰਨ ਹੋਈ ਹੈ । ਕਿਰਤ ਦੀ ਵੰਡ ਕਾਰਣ ਵਸਤੂਕਰਣ ਅਤੇ ਅਵਸਤੂਕਰਣ ਵਿਚਕਾਰ ਵਿਗਸਤ ਹੁੰਦਾ ਸੁਮੇਲ ਟੁੱਟ ਗਿਆ ਅਤੇ

ਚੇਤੰਨ ਕਿਰਤ (Praxis) ਸਿਧਾਂਤ ਅਤੇ ਕਿਰਤ ਵਿਚ ਵੰਡ ਗਈ । ਇਹ ਸੰਕਟ ਜਾਦੂ-ਕਾਲ ਦੇ ਅੰਤ ਵੇਲੇ ਆਇਆ ਅਤੇ ਇਸਦਾ ਆਉਣਾ ਅਵੱਸ਼ਕ ਵੀ ਸੀ । ਜਾਦੂ-ਕਾਲ ਵਿਚ ਜੀਵਨ ਆਸਤੀ (Affirmation) ਉਤੇ ਆਧਾਰਤ ਸੀ । ਬ੍ਰਹਿਮੰਡ ਦੇ ਸਮੇਂ-ਵਿੱਥ ਦਾ ਪਰਿਵਰਤਣਸ਼ੀਲ ਪ੍ਰਬੰਧ ਹੋਣ ਕਾਰਨ ਅਤੇ ਜੀਵਨ ਵਿਚ ਗੁਣਾਤਮਿਕ ਪ੍ਰਗਤੀ ਦਾ ਅੰਸ਼ ਹੋਣ ਕਾਰਨ ਆਸਤੀ ਦੀ ਨਾਸਤੀ (Negation) ਵੀ ਹੋਣੀ ਸੀ । ਇਹ ਕਰਮ ਧਰਮ-ਕਾਲ ਵਿਚ ਵਾਪਰਿਆ ਅਤੇ ਹੁਣ ਵਿਗਿਆਨ-ਕਾਲ ਵਿਚ ਨਾਸਤੀ ਦੀ ਨਾਸਤੀ (Negation of Negation) ਹੋ ਰਹੀ ਹੈ । ਅਤੇ ਜੀਵਨ ਵਿਚ ਸਾਰਥਿਕਤਾ ਪ੍ਰਸਤਾਵ-ਵਿਰੋਧੀ ਰੋਲ ਤਿਆਗ ਕੇ ਪ੍ਰਸਤਾਵ-ਪੱਖੀ ਰੋਲ ਅਖਤਿਆਰ ਕਰ ਰਹੀ ਹੈ ।

ਆਧੁਨਿਕਤਾਵਾਦੀ ਇਸ ਢੰਗ ਦੀ ਇਤਿਹਾਸਿਕ ਵਿਆਖਿਆ ਵਿਚ ਨਹੀਂ ਪੈਂਦੇ । ਉਹਨਾਂ ਅਨੁਸਾਰ ਬ੍ਰਹਿਮੰਡ ਦੀ ਬਣਤਰ ਹੀ ਇਸ ਢੰਗ ਨਾਲ ਹੋਈ ਹੈ ਕਿ ਵਿਅਕਤੀ ਓਪਰਾਪਣ ਅਤੇ ਸਵੈ-ਓਪਰਾਪਣ ਦਾ ਸ਼ਿਕਾਰ ਰਹੇ । ਉਹਨਾਂ ਅਨੁਸਾਰ ਇਹ ਸਥਿੱਤੀ ਅਨੰਤ ਕਾਲ ਤੋਂ ਵਿਚਰ ਰਹੀ ਹੈ ਅਤੇ ਅਨੰਤ ਕਾਲ ਤੱਕ ਹੀ ਵਿਚਰਦੀ ਰਹੇਗੀ । ਉਪਰੋਕਤ ਸੰਕਟ ਭਰਪੂਰ ਸਥਿਤੀ ਦੀ ਵਿਆਖਿਆ ਕਰਨ ਲਈ ਉਹ ਅਧਿਆਤਮਕ ਅਤੇ ਮਨੋਵਗਿਆਨਵਾਦੀ ਦ੍ਰਿਸ਼ਟੀਕੋਣਾਂ ਦਾ ਸਹਾਰਾ ਲੈਂਦੇ ਹਨ ।

ਆਧੁਨਿਕਤਾਵਾਦੀਆਂ ਦਾ ਅਧਿਆਤਮਿਕ ਦ੍ਰਿਸ਼ਟੀਕੋਣ ਅਫਲਾਤੂਨ ਦੇ ਵਸਤੂ ਅਤੇ ਰੂਪ ਦੇ ਅੰਤਰ ਤੋਂ ਆਰੰਭ ਹੁੰਦਾ ਹੈ । ਲਿਬਨਿਜ਼ ਦੇ Monad ਦੇ ਸੰਕਲਪ, ਕਾਂਤ ਦੇ Categorical imperative ਦੇ ਸੰਕਲਪ ਅਤੇ ਹੀਗਲ ਦੇ ਦਵੰਦਵਾਦ ਦੇ ਸੰਕਲਪ ਨਾਲ ਇਸ ਵਿਚ ਚਕ੍ਰਿਤ ਕਰਨ ਵਾਲੀ ਪੇਚੀਦਗੀ ਆ ਗਈ ਹੈ । ਅੰਤ ਵਿਚ ਨਬੇੜਾ ਇਸ ਗੱਲ ਤੇ ਹੋ ਜਾਂਦਾ ਹੈ ਕਿ ਵਸਤੂ ਆਤਮਾ ਬਣਨ ਤਕ ਓਪਰਾਪਣ ਅਤੇ ਸਵੈ-ਓਪਰਾਪਣ ਦੀ ਸ਼ਿਕਾਰ ਰਹਿੰਦੀ ਹੈ । ਆਤਮਾ ਬਣਕੇ ਵਸਤੂ ਨੂੰ ਓਪਰਾਪਣ ਅਤੇ ਸਵੈ-ਓਪਰਾਪਣ ਤੋਂ ਛੁਟਕਾਰਾ ਤਾਂ ਮਿਲ ਜਾਂਦਾ ਹੈ ਪ੍ਰੰਤੂ ਵਸਤੂ ਵਸਤੂ ਨਹੀਂ ਰਹਿੰਦੀ, ਇਹ ਆਪਣਾ ਪਦਾਰਥਵਾਦੀ ਤੱਤ ਗਵਾ ਬੈਠਦੀ ਹੈ ।

ਇਸ ਸੰਕਲਪ ਨੂੰ ਮਨੁੱਖ ਦੀ ਸਥਿਤੀ ਉਤੇ ਲਾਗੂ ਕਰਨ ਨਾਲ ਵਿਆਖਿਆ ਕੁੱਝ ਇਸ ਤਰ੍ਹਾਂ ਹੋਵੇਗੀ : ਮਨੁੱਖ ਅਨੰਤਤਾ ਨਾਲ ਇੱਕ ਮਿੱਕ ਹੋਣਾ ਲੋਚਦਾ ਹੈ ਪ੍ਰੰਤੂ ਇਹ ਮਿਲਾਪ ਉਸ ਸਮੇਂ ਹੀ ਵਾਪਰਦਾ ਹੈ ਜਦੋਂ ਮਨੁੱਖ ਸਰੀਰਕ ਪੱਖ ਗਵਾ ਬੈਠਦਾ ਹੈ । ਮਨੁੱਖ ਦੀ ਆਤਮਾ ਵਿਚ ਅਨੰਤ ਤੱਤ ਹੁੰਦਾ ਹੈ ਪਰ ਇਹ ਅਨੰਤ ਤੱਤ ਅਨੰਤਤਾ ਨਾਲੋਂ ਉਨੀ ਦੇਰ ਟੁਟਿਆ ਰਹਿੰਦਾ ਹੈ ਜਿੰਨੀ ਦੇਰ ਮਨੁੱਖ ਦਾ ਸਰੀਰਕ ਜਾਮਾ ਕਾਇਮ ਰਹਿੰਦਾ ਹੈ । ਉਪਰੋਕਤ ਵਿਆਖਿਆ ਵਿਚੋਂ ਮਨੁੱਖ ਦੀ ਅਸਤਿਤਵਮਈ ਸਥਿਤੀ ਸਬੰਧੀ ਹੇਠ ਲਿਖੀਆਂ ਫਾਰਮੂਲੇਸ਼ਨਜ਼ ਸੰਕਲਪਤ ਕੀਤੀਆਂ ਜਾ ਸਕਦੀਆਂ ਹਨ ।

(i) ਮਨੁੱਖ ਇਕ ਅਨੰਤ ਪਰਕਾਰ ਦੇ ਓਪਰਾਪਣ ਅਤੇ ਸਵੈ-ਓਪਰਾਪਣ ਦਾ ਸ਼ਿਕਾਰ ਹੈ ।

(ii) ਇਸ ਓਪਰਾਪਣ ਅਤੇ ਸਵੈ-ਓਪਰਾਪਣ ਦਾ ਅੰਤ ਸਰੀਰ ਦੇ ਅੰਤ ਹੋਣ ਤੋਂ ਮਗਰੋਂ ਹੀ ਹੋ ਸਕਦਾ ਹੈ ।

(iii) ਕਿਉਂਕਿ ਸਰੀਰ ਮਨੁੱਖ ਦੀ Emancipation ਦੇ ਰਾਹ ਵਿਚ ਰੁਕਾਵਟ ਹੈ ਇਸ ਲਈ ਚੇਤੰਨ ਕਿਰਤ ਰਾਹੀਂ ਮਨੁੱਖ ਆਪਣਾ ਹੋਰ ਮਨੁੱਖੀਕਰਣ ਨਹੀਂ ਕਰ ਸਕਦਾ।

(iv) ਮਨੁੱਖੀਕਰਨ ਦੇ ਅਯੋਗ ਹੋਣ ਕਾਰਨ ਮਨੁੱਖ ਨਾ ਤਾਂ ਜੀਵਨ ਵਿਚ ਬਣਤਮਈ ਪਰਿਵਰਤਣ ਹੀ ਲਿਆ ਸਕਦਾ ਹੈ ਅਤੇ ਨਾ ਅਜਿਹੇ ਪ੍ਰਾਰੰਭਿਕ ਪਰਿਵਰਤਣ ਦੀ ਕੋਈ ਅਵੱਸ਼ਕਤਾ ਹੀ ਹੈ।

(v) ਕਿਉਂਕਿ ਮਨੁੱਖ ਮਨੁੱਖੀਕਰਣ ਦੇ ਅਯੋਗ ਹੈ ਇਸ ਲਈ ਸਮੇਂ ਵਿਚ ਵਿਗਸਤ ਗੁਣਾਤਮਿਕ ਪ੍ਰਗਤੀ ਉਸ ਲਈ ਕੋਈ ਮਹੱਤਤਾ ਨਹੀਂ ਰਖਦੀ। ਉਸ ਲਈ ਵਰਤਮਾਨ ਨੂੰ ਪ੍ਰਭਾਵਤ ਕਰਨ ਵਾਲਾ ਕੋਈ ਭੂਤ ਨਹੀਂ ਅਤੇ ਵਰਤਮਾਨ ਵਿਚੋਂ ਉਗਮਣ ਵਾਲਾ ਕੋਈ ਭਵਿੱਖ ਨਹੀਂ। ਉਸ ਲਈ ਕੇਵਲ ਅਨੰਤ ਵਰਤਮਾਨ ਹੀ ਵਿਚਰ ਰਿਹਾ ਹੈ।

(vi) ਕਿਉਂਕਿ ਮਨੁੱਖ ਆਪਣਾ ਮਨੁਖੀ ਕਰਣ ਨਹੀਂ ਕਰ ਸਕਦਾ ਇਸ ਲਈ ਬ੍ਰਹਿ-ਮੰਡ ਦੀ ਅਤੇ ਸਮਾਜ ਦੀ ਅਨੰਤ ਵਿਰੋਧਤਾ ਦੇ ਸਾਹਮਣੇ ਉਹ ਆਪਣੇ ਵਿਅੱਕਤਿਤਵ ਨੂੰ ਸੰਗਠਿਤ ਵੀ ਨਹੀਂ ਰੱਖ ਸਕਦਾ।

(vii) ਕੁਦਰਤੀ ਤੌਰ ਤੇ ਮਨੁੱਖੀ ਵਿਅੱਕਤਿਤਵ ਦਾ ਵਿਗੱਠਣ ਹੋ ਜਾਂਦਾ ਹੈ ਅਤੇ ਮਨੁੱਖ ਇੰਦਰੀਆਂ, ਸਰੀਰ, ਮਨ, ਯਾਦ ਅਤੇ ਆਤਮਾ ਵਿਚ ਵਿਗਠਿਤ ਹੋ ਜਾਂਦਾ ਹੈ।

ਮਨੋਵਿਗਿਆਨਵਾਦੀ ਦ੍ਰਿਸ਼ਟੀਕੋਣ ਵੀ ਮਨੁੱਖ ਅਤੇ ਯਥਾਰਥ ਵਿਚਕਾਰ ਵਿਚਰ ਰਹੇ ਅਨੰਤ ਵਿਰੋਧ, ਵਿਅੱਕਤਿਤਵ ਦੇ ਵਿਗੱਠਣ ਅਤੇ ਮਨੁੱਖੀਕਰਣ ਦੀ ਅਸੰਭਾਵਨਾ ਉਤੇ ਜ਼ੋਰ ਦਿੰਦਾ ਹੈ। ਮਿਸਾਲ ਦੇ ਤੌਰ ਤੇ ਫਰਾਇਡ ਅਨੁਸਾਰ ਜੀਵਨ ਦੀ ਅਸਲੀ ਮਹੱਤਤਾ ਅਚੇਤ ਮਨ ਵਿਚ ਦਬੇ ਪਏ ਮਨੋਭਾਵਾਂ ਵਿਚ ਹੈ। ਇਹਨਾਂ ਮਨੋਭਾਵਾਂ ਉਪਰ ਮਾਨਵ ਦੀ ਬੁੱਧੀ ਅਤੇ ਕਾਰਜਾਂ ਦਾ ਖਾਸ ਜ਼ੋਰ ਨਹੀਂ ਅਤੇ ਇਹ ਕਦੇ ਕਦਾਈਂ ਸੁਪਨਿਆਂ ਦੇ ਰੂਪ ਵਿਚ ਦ੍ਰਿਸ਼ਟੀਮਾਣ ਹੁੰਦੇ ਰਹਿੰਦੇ ਹਨ। ਯੁੰਗ ਅਨੁਸਾਰ ਮਨੁੱਖੀ ਜੀਵਨ ਦੀ ਮਹੱਤਤਾ ਉਹਨਾਂ ਪਰਾ-ਰੂਪਾਂ ਵਿਚ ਛੁਪੀ ਪਈ ਹੈ ਜਿਹੜੇ ਪਰਾ-ਰੂਪ ਕਿ ਆਦਿ ਕਾਲ ਤੋਂ ਮਾਨਵ ਨੇ ਗ੍ਰਹਿਣ ਕੀਤੇ ਸਨ। ਉਸ ਅਨੁਸਾਰ ਮਨੁੱਖ ਦੇ ਜੀਵਨ ਵਿਚ ਸਥਿਰਤਾ ਉਸ ਹੱਦ ਤਕ ਹੀ ਆ ਸਕਦੀ ਹੈ ਜਿਸ ਹੱਦ ਤਕ ਕਿ ਮਿਥਿਹਾਸ ਆਦਿਕ ਵਿਚ ਮਿਲਦੇ ਇਹਨਾਂ ਪਰਾ-ਰੂਪਾਂ ਨੂੰ ਵਿਅੱਕਤਿਤਵ ਵਿਚ ਜੀਵਤ ਕੀਤਾ ਜਾ ਸਕਦਾ ਹੈ। ਫਰਾਇਡ ਦੇ ਸਕੰਲਪਤ ਅਚੇਤ ਮਨ ਵਿਚ ਦਬੇ ਪਏ ਮਨੋਭਾਵਾਂ ਨੂੰ ਪ੍ਰਾਰੰਭਿਕ ਮਹੱਤਾ ਦੇਣਾ ਅਤੇ ਯੁੰਗ ਦਾ ਆਦਿ-ਕਾਲ ਤੋਂ ਗ੍ਰਹਿਣ ਕੀਤੇ ਪਰਾ-ਰੂਪਾਂ ਨੂੰ ਵਿਅੱਕਤਿਤਵ ਵਿਚ ਜੀਵਤ ਕਰਨਾ (Regressive Orientation) ਦੀ ਹਨੇਰੀ ਗਲੀ ਵਿਚ ਹੀ ਠੇਡੇ ਖਾਂਦੇ ਫਿਰਨਾ ਹੈ। ਇਸ ਤਰ੍ਹਾਂ ਫਰਾਇਡ ਅਤੇ ਯੁੰਗ ਦੇ ਉਪਰੋਕਤ ਸੰਕਲਪ ਮਨੁੱਖੀਕਰਣ ਦੀ ਅਸੰਭਾਵਨਾ ਅਤੇ ਵਿਅੱਕਤਿਤਵ ਦੇ ਵਿਗੱਠਣ ਨੂੰ ਵੀ ਨਿਰਪੇਖਤਾ ਪਰਦਾਨ ਕਰ ਦਿੰਦੇ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਓਪਰਾਪਣ ਅਤੇ ਸਵੈ-ਓਪਰਾਪਣ ਦੇ ਹੋਂਦ ਵਿਚ ਆ ਜਾਣ ਨਾਲ ਮਨੁੱਖ ਦਾ ਮਨ ਸੁਚੇਤ ਅਤੇ ਅਚੇਤ ਪੱਖਾਂ ਦੀ ਖਿਚੋਤਾਣ ਨੂੰ ਸਾਕਾਰ ਕਰਨ ਲਗ ਪਿਆ ਪਰੰਤੂ ਕਦੇ ਵੀ ਸੁਚੇਤ ਅਤੇ ਅਚੇਤ ਪੱਖ ਪ੍ਰਸਪਰ ਵਿਰੋਧ ਕਾਰਨ ਇਕ ਦੂਸਰੇ ਦੇ

ਏਨੇ ਵਿਰੋਧੀ ਨਹੀਂ ਹੋਏ ਕਿ ਉਹਨਾਂ ਦਾ ਪ੍ਰਸਪਰ ਸਬੰਧ ਹੀ ਟੁੱਟ ਜਾਵੇ । ਜ਼ਿਆਦਾ ਤੋਂ ਜ਼ਿਆਦਾ ਵਿਰਧਾਤਮਿਕ ਪੱਧਰ ਉਤੇ ਵੀ ਉਹਨਾਂ ਦਾ ਸਬੰਧ ਪ੍ਰਸਤਾਵ ਅਤੇ ਪ੍ਰਸਤਾਵ ਦੇ ਵਿਰੋਧ ਵਾਲਾ ਅਨਿਖੜਵਾਂ ਸਬੰਧ ਰਹਿੰਦਾ ਹੈ ਅਤੇ ਇਸ ਅਨਿਖੜਵੇਂ ਸਬੰਧ ਵਿਚੋਂ ਹੀ ਚੇਤੰਨਤਾ ਦਾ ਜਨਮ ਹੁੰਦਾ ਰਹਿੰਦਾ ਹੈ। ਪ੍ਰੰਤੂ ਜਦੋਂ ਮਨ ਦੇ ਅਚੇਤ ਪੱਖ ਨੂੰ ਸੁਚੇਤ ਪੱਖ ਦਾ ਕੱਟੜ ਦੁਸ਼ਮਣ ਸਮਝਕੇ ਇਸ ਨਾਲੋਂ ਤੋੜ ਲਿਆ ਜਾਂਦਾ ਹੈ ਤਾਂ ਮਨ ਵਿਚ ਪ੍ਰਸਤਾਵ ਅਤੇ ਪ੍ਰਸਤਾਵ ਦੇ ਵਿਰੋਧ ਦੀ ਟੱਕਰ ਰਾਹੀਂ ਸੰਸ਼ਲੇਸ਼ਣ ਤੇ ਪਹੁੰਚਣਾ ਅਸੰਭਵ ਹੋ ਜਾਂਦਾ ਹੈ ਅਤੇ ਯਥਾਰਥ ਵਲ ਦ੍ਰਿਸ਼ਟੀਕੋਣ ਅਧਿਆਤਮਿਕ ਬਣ ਜਾਂਦਾ ਹੈ।

ਦੰਦਵ ਦੀ ਥਾਂ ਭੁਲੇਖਾ ਇਸ ਅਧਿਆਤਮਿਕ ਦ੍ਰਿਸ਼ਟੀਕੋਣ ਦਾ ਧੁਰਾ ਬਣ ਜਾਂਦਾ ਹੈ ਅਤੇ ਮਾਨਵ–ਵਿਰੋਧੀ ਬ੍ਰਹਿਮੰਡ ਸਮੇਂ-ਵਿੱਥ ਦੇ ਪਰਿਵਰਤਣਸ਼ੀਲ ਪ੍ਰਬੰਧ ਦੀ ਥਾਂ ਲੈ ਲੈਂਦਾ ਹੈ। ਕਿਉਂਕਿ ਮਾਨਵ-ਵਿਰੋਧੀ ਬ੍ਰਹਿਮੰਡ ਦਾ ਵਿਰੋਧ ਤੱਤਮਈ ਹੀ ਮਿਥ ਲਿਆ ਜਾਂਦਾ ਹੈ ਇਸ ਲਈ ਵਿਅਕਤੀਮਈ–ਮੈਂ ਸਮੂਹਕ-ਮੈਂ ਨਾਲੋਂ ਟੁੱਟ ਜਾਂਦੀ ਹੈ । ਵਿਅਕਤੀਮਈ-ਮੈਂ ਅਤੇ ਸਮੂਹਕ-ਮੈਂ ਦੇ ਇਕ ਦੂਸਰੇ ਨਾਲੋਂ ਟੁੱਟ ਜਾਣ ਕਾਰਨ ਯਥਾਰਥ ਵਿਚ ਕੋਈ(Order of Priorities) ਨਹੀਂ ਰਹਿੰਦਾ ਅਤੇ ਸਿਰਜਣਾਤਮਿਕ ਕਰਮ ਦੰਵਦਾਤਮਿਕ ਹੋਣ ਦੀ ਥਾਂ ਵਿਰੋਧਾਤਮਿਕ ਰਾਗਾਤਮਿਕਤਾ ਵਾਲਾ ਹੋ ਜਾਂਦਾ ਹੈ। ਭੇਦ-ਭਰੇ ਅਧਿਆਤਮਿਕ ਅੰਸ਼ ਦੇ ਯਥਾਰਥ ਦਾ ਅੰਗ ਬਣ ਜਾਣ ਕਾਰਨ ਯਥਾਰਥ ਦਾ ਖੇਤਰ ਪਏ-ਦਾਅ ਵਿਸ਼ਾਲ ਹੋਣੋ ਅਤੇ ਖੜੇ-ਦਾਅ ਡੂੰਘੇਰਾ ਹੋਣੋ ਰੁਕ ਜਾਂਦਾ ਹੈ ਅਤੇ ਇਕ ਕੇਂਦਰੀ ਬਿੰਦੂ ਉਦਾਲੇ ਚਕਰ ਖਾਂਦੇ ਪਹੀਏ ਦਾ ਰੂਪ ਅਖਤਿਆਰ ਕਰ ਲੈਂਦਾ ਹੈ।

ਦਵੰਦ ਦੀ ਥਾਂ ਭੁਲੇਖੇ ਉਤੇ ਅਧਾਰਤ ਉਪਰੋਕਤ ਅਧਿਆਤਮਿਕ ਦ੍ਰਿਸ਼ਟੀਕੋਣ ਦੇ ਵੱਖੋ ਵੱਖਰੇ ਪੱਖ ਆਧੁਨਿਕਤਾ ਦੇ ਵੱਖੋ ਵੱਖਰੇ ਪ੍ਰਬੰਧਾਂ ਰਾਹੀਂ ਪ੍ਰਗਟ ਹੁੰਦੇ ਰਹਿੰਦੇ ਹਨ । ਨਵੇਂ ਯਥਾਰਥ ਨੂੰ ਆਧੁਨਿਕ ਢੰਗ ਨਾਲ ਪ੍ਰਗਟ ਕਰਨਾ ਆਧੁਨਿਕਤਾਵਾਦ ਦਾ ਟੀਚਾ ਹੈ। ਇਸ ਗੱਲ ਨਾਲ ਕੋਈ ਵਾਦ-ਵਿਵਾਦ ਨਹੀਂ ਹੋ ਸਕਦਾ ਕਿ ਨਵਾਂ ਯਥਾਰਥ ਹੋਂਦ ਵਿਚ ਆਉਂਦਾ ਰਹਿੰਦਾ ਹੈ ਅਤੇ ਇਸ ਨੂੰ ਪ੍ਰਗਟ ਕਰਨ ਲਈ ਨਵੇਂ ਸਾਹਿਤਕ ਢੰਗ ਦੀ ਲੋੜ ਹੈ ਪ੍ਰੰਤੂ ਨਵੇਂ ਯਥਾਰਥ ਅਤੇ ਨਵੇਂ ਸਾਹਿਤਕ ਢੰਗ ਨੂੰ ਪੁਰਾਣੇ ਯਥਾਰਥ ਅਤੇ ਪੁਰਾਣੇ ਸਾਹਿਤਕ ਢੰਗ ਨਾਲੋਂ ਵੱਖਰਾ ਨਹੀਂ ਕੀਤਾ ਜਾ ਸਕਦਾ। ਦਰਅਸਲ ਯਥਾਰਥ ਵਿਚ ਸਮੇਂ ਵਾਲਾ ਪਰਿਵਰਤਣਸ਼ੀਲ ਵਹਾਉ ਹੈ ਅਤੇ ਸਾਹਿਤਕ ਢੰਗ ਵਿਚ ਵਿੱਥ ਵਾਲੀ ਅਹਿੱਲਤਾ । ਜਿਵੇਂ ਇਹਨਾਂ ਦੋਨਾਂ ਦੇ ਸੁਮੇਲ ਵਿਚੋਂ ਸਮੇਂ-ਵਿੱਥ ਦੇ ਪਰਿਵਰਤਣਸ਼ੀਲ ਪ੍ਰਬੰਧ ਦੀ ਉਤਪਤੀ ਹੁੰਦੀ ਹੈ ਉਸੇ ਤਰ੍ਹਾਂ ਯਥਾਰਥ ਅਤੇ ਸਾਹਿਤਕ ਢੰਗ ਦੇ ਸੁਮੇਲ ਵਿਚ ਸਾਹਿਤਕ ਰਚਨਾ ਦਾ ਜਨਮ ਹੁੰਦਾ ਹੈ । ਆਧੁਨਿਕਤਾਵਾਦੀ ਨਵੇਂ ਯਥਾਰਥ ਅਤੇ ਨਵੇਂ ਸਾਹਿਤਕ ਢੰਗ ਦੀਆਂ ਗੱਲਾਂ ਤਾਂ ਕਰਦੇ ਹਨ । ਪ੍ਰੰਤੂ ਇਹਨਾਂ ਨੂੰ ਸਮੇਂ ਅਤੇ ਵਿੱਥ ਵਾਲੇ ਲੱਛਣ ਪਰਦਾਨ ਨਹੀਂ ਕਰਦੇ । ਉਹਨਾਂ ਦੇ ਹੱਥਾਂ ਵਿਚ ਰਚਨਾ ਸਮੇਂ-ਵਿੱਥ ਦੇ ਪਰਿਵਰਤਣਸ਼ੀਲ ਪ੍ਰਬੰਧ ਦਾ ਰੂਪ ਅਖਤਿਆਰ ਕਰਨ ਦੀ ਥਾਂ ਵਿੱਥਮਈ ਪ੍ਰਬੰਧ ਦਾ ਰੂਪ ਅਖਤਿਆਰ ਕਰ ਲੈਂਦੀ ਹੈ । ਇਸ ਨਾਲ ਮਾਨਵ ਉਹਨਾਂ ਦੀਆਂ ਕਿਰਤਾਂ ਵਿਚ ਬਿੰਦੂ ਬਣ ਜਾਂਦਾ ਹੈ ਅਤੇ ਹੋਰ ਮਾਨਵੀਕਰਣ ਦੇ ਅਯੋਗ ਹੋਣ ਕਾਰਨ ਨਿਰਾਰਥਿਕਤਾ-ਭਰਪੂਰ ਵਿਸ਼ਿਆਂ ਦਾ ਪਾਤਰ ਹੋ ਨਿਬੜਦਾ ਹੈ।

ਭਵਿੱਖਵਾਦ, ਆਧੁਨਿਕਤਾਵਾਦ ਵਿਚੋਂ ਉਤਪੰਨ ਹੁੰਦੇ ਇਸ ਅਧਿਆਤਮਿਕ ਦ੍ਰਿਸ਼ਟੀਕੋਣ

ਨੂੰ ਹੋਰ ਵੀ ਤੀਖਣਤਾ ਪ੍ਰਦਾਨ ਕਰ ਦਿੰਦਾ ਹੈ। ਇਸ ਅਨੁਸਾਰ ਯਥਾਰਥ ਦੇ ਉਹਨਾਂ ਪੱਖਾਂ ਨੂੰ ਹੀ ਪ੍ਰਗਟ ਕਰਨਾ ਚਾਹੀਦਾ ਹੈ ਜਿੰਨ੍ਹਾ ਪੱਖਾਂ ਨੇ ਭਵਿਖ ਵਿਚ ਵਿਚਰਣਾ ਹੈ ਪ੍ਰੰਤੂ ਭਵਿੱਖ ਵਿਚ ਸਾਕਾਰ ਹੋਣ ਵਾਲੇ ਇਸ ਯਥਾਰਥ ਨੂੰ ਭਵਿੱਖਵਾਦੀ ਨਾ ਤਾਂ ਵਰਤਮਾਨ ਦੀ ਉਪਜ ਅਤੇ ਨਾ ਹੀ ਇਸ ਨਾਲ ਸਬੰਧਤ ਸਕੰਲਪਤ ਕਰਦੇ ਹਨ। ਇਸ ਤਰ੍ਹਾਂ ਉਹ ਯਥਾਰਥ ਦੀ ਨਿਸਚਿਤਤਾ ਨੂੰ ਹੀ ਅਨਿਸਚਿਤਤਾ ਵਿਚ ਨਹੀਂ ਬਦਲਦੇ ਸਗੋਂ ਕਾਰਨਿਕਤਾ ਦੇ ਸਿਧਾਂਤ ਤੋਂ ਵੀ ਮੁਨਕਰ ਹੋ ਜਾਂਦੇ ਹਨ। ਅਨਿਸਚਿਤਤਾ ਅਤੇ ਅਕਾਰਨਿਕਤਾ ਦੇ ਹਾਮੀ ਹੋ ਜਾਣ ਕਾਰਨ ਆਪਣੀਆਂ ਰਚਨਾਵਾਂ ਵਿਚ ਉਹ ਉਸ ਯਥਾਰਥ ਨੂੰ ਥਾਂ ਨਹੀਂ ਦੇ ਸਕੇ ਜਿਸ ਯਥਾਰਥ ਦੇ ਉਤਪੰਨ ਹੋਣ ਦੀ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ ਸੰਭਾਵਨਾ ਮਿਥੀ ਜਾ ਸਕਦੀ ਹੈ। ਹੈਰਾਨੀ ਦੀ ਗੱਲ ਨਹੀਂ ਕਿ ਸਾਰੇ ਭਵਿੱਖਵਾਦੀ ਸਾਹਿਤ ਵਿਚੋਂ ਉਪਲਬਧ ਹੁੰਦੇ ਮਾਨਵ-ਬਿੰਬ ਦੀਆਂ ਸ਼ਕਤੀਆਂ ਦਾ ਇਤਿਹਾਸੀਕਰਣ ਨਹੀਂ ਹੋਇਆ—ਉਸ ਪ੍ਰਬਲਤਾ ਨਾਲ ਤਾਂ ਬਿਲਕੁਲ ਹੀ ਨਹੀਂ ਜਿਸ ਪ੍ਰਬਲਤਾ ਨਾਲ ਹੋਮਰ ਦੇ ਓਡੀਸੀਅਸ, ਵਰਜ਼ਿਲ ਦੇ ਈਨੀਅਸ ਅਤੇ ਗੈਟੇ ਦੇ ਫਾਉਸਟ ਦਾ ਹੋਇਆ ਹੈ।

ਭੂਤ, ਵਰਤਮਾਨ ਅਤੇ ਭਵਿੱਖ ਨੂੰ ਇਕ ਦੂਸਰੇ ਨਾਲੋਂ ਤੋੜ ਲੈਣ ਕਾਰਨ ਅਤੇ ਅਨਿਸ-ਚਿਤਤਾ ਅਤੇ ਅਕਾਰਨਿਕਤਾ ਨਾਲ ਅਨੁਮਤੀ ਰੱਖਣ ਕਾਰਨ ਆਧੁਨਿਕਤਾਵਾਦੀ ਅਤੇ ਭਵਿੱਖਵਾਦੀ ਲਿਖਤਾਂ ਵਿਚ ਨਿਰਾਰਥਿਕ ਵਿਸ਼ਿਆਂ ਦੀ ਪ੍ਰਧਾਨਤਾ ਹੈ। ਕਹਿਣ ਦਾ ਮਤਲਬ ਇਹ ਨਹੀਂ ਕਿ ਨਿਰਾਰਥਿਕ ਵਿਸ਼ਿਆਂ ਦਾ ਸਾਹਿਤਕ ਕਿਰਤਾਂ ਵਿਚ ਕੋਈ ਸਥਾਨ ਨਹੀਂ। ਉਹਨਾਂ ਦਾ ਸਥਾਨ ਅਵੱਸ਼ ਹੈ ਅਤੇ ਉਨਾ ਜਿੰਨਾ ਕਿ ਨਾਸਤੀ ਦਾ ਆਸਤੀ ਦੇ ਤੁਲਣ ਵਿਚ ਅਤੇ ਪ੍ਰਸਤਾਵ ਦੇ ਵਿਰੋਧ ਦਾ ਪ੍ਰਸਤਾਵ ਦੇ ਤੁਲਣ ਵਿਚ। ਪ੍ਰੰਤੂ ਜਿਵੇਂ ਆਸਤੀ ਅਤੇ ਨਾਸਤੀ ਦੇ ਸੰਘਰਸ਼ ਵਿੱਚੋਂ ਨਾਸਤੀ ਦੀ ਨਾਸਤੀ (ਜੋ ਉਚੇਰੇ ਪੱਧਰ ਤੇ ਆਸਤੀ ਹੈ) ਦੀ ਉਤਪਤੀ ਹੁੰਦੀ ਹੈ ਅਤੇ ਪ੍ਰਸਤਾਵ ਅਤੇ ਪ੍ਰਸਤਾਵ ਦੇ ਵਿਰੋਧ ਵਿਚੋਂ ਸੰਸ਼ਲੇਸ਼ਣ (ਜੋ ਉਚੇਰੇ ਪੱਧਰ ਤੇ ਪ੍ਰਸਤਾਵ ਹੈ) ਦੀ ਉਤਪਤੀ ਹੁੰਦੀ ਹੈ ਇਸ ਤਰ੍ਹਾਂ ਸਾਹਿਤਕ ਰਚਨਾ ਵਿਚ ਸਾਰਥਿਕ ਅਤੇ ਨਿਰਾਰਥਿਕ ਝੁਕਾਵਾਂ ਦੇ ਸੰਘਰਸ਼ ਨੂੰ ਚਿਤਰਿਆ ਜਾਣਾ ਚਾਹੀਦਾ ਹੈ ਤਾਂ ਜੋ ਇਸ ਸੰਘਰਸ਼ ਨਾਲੋਂ ਉਚੇਰੇ ਪੱਧਰ 'ਤੇ ਕੋਈ ਸਾਰਥਿਕ ਸੇਧ ਉਪਲਬਧ ਹੋ ਸਕੇ। ਆਧੁਨਿਕਤਾਵਾਦੀ ਅਤੇ ਭਵਿੱਖਵਾਦੀ ਲਿਖਤਾਂ ਵਿਚ ਵਾਪਰਦਾ ਬਿਲਕੁਲ ਇਸਦੇ ਉਲਟ ਹੈ, ਨਿਰਾਰਥਿਕ ਝੁਕਾਵਾਂ ਨੂੰ ਨਿਰਪੇਖ ਮੰਨ ਲਿਆ ਜਾਂਦਾ ਹੈ ਅਤੇ ਪਾਠਕ ਪੀੜ, ਕਲੇਸ਼ ਅਤੇ ਭਰਮ-ਨਵਿਰਤੀ ਦੀ ਹਨੇਰੀ ਗਲੀ ਵਿਚ ਗੁੰਮ ਹੋ ਕੇ ਰਹਿ ਜਾਂਦਾ ਹੈ।

ਅਨਿਸਚਿਤਤਾ ਅਤੇ ਅਕਾਰਨਿਕਤਾ ਨਾਲ ਅਨੁਮਤੀ ਰੱਖਣ ਕਾਰਨ, ਉਪਰੋਕਤ ਅਧਿਆਤਮਿਕ ਦ੍ਰਿਸ਼ਟੀਕੋਣ ਮਾਨਵ ਨੂੰ ਸਮਾਜ ਦਾ ਗੁਲਾਮ ਮਿੱਥ ਲੈਂਦਾ ਹੈ ਅਤੇ ਉਸਦੇ ਵਿਅੱਕਤਿਤਵ ਨੂੰ ਵਿਗੱਠਣ ਦਾ ਸ਼ਿਕਾਰ ਕਲਪਤ ਕਰ ਲੈਂਦਾ ਹੈ। ਸਮਾਜ ਦੇ ਮਾਨਵ ਉਪਰ ਢਹਿੰਦੇ ਉਪੱਦਰ ਨੂੰ ਚਿਤਰਣ ਦਾ ਕਰਮ ਪ੍ਰਕਿਰਤੀਵਾਦ ਦੇ ਹਿੱਸੇ ਆਉਂਦਾ ਹੈ। ਇਸਦੇ ਮਹਾਨ ਅਨੁਆਈ ਫਲਾਬੇਅਰ ਅਨੁਸਾਰ ਪ੍ਰਕਿਰਤੀਵਾਦ ਦਾ ਟੀਚਾ ਨਿਰਪੱਖ ਵਰਨਣ ਅਤੇ ਚਿਤਰਣ ਹੈ। ਨਿਰਪੱਖਤਾ ਇਸ ਲੇਖਕ ਦਾ ਆਦਰਸ਼ ਭਾਵੇਂ ਸੀ, ਵਾਸਤਵ ਵਿਚ ਉਹ ਡਾਰਵਿਨ ਆਦਿਕ ਦੀਆਂ ਖੋਜਾਂ ਅਨੁਸਾਰ ਹੀ ਸਮਾਜਕ ਜੀਵਨ ਦਾ ਅਧਿਅਨ ਕਰਦਾ ਸੀ। ਬਚਾਉ ਡਾਰਵਿਨ ਦੇ ਸਿਧਾਂਤ ਦਾ ਕੇਂਦਰੀ ਭਾਵ ਹੈ ਅਤੇ ਪ੍ਰਕਿਰਤੀ ਵਿਚ ਜੰਗਲੀ ਜੀਵਨ ਦੇ ਵਿਕਾਸਮਈ ਪੱਖ ਉਤੇ ਲਾਗੂ ਹੁੰਦਾ ਹੈ। ਇਹ ਬਚਾਉ ਸ਼ਕਤੀਸ਼ਾਲੀ ਜੀਵਾਂ ਦੇ ਨਿਰਬਲ ਜੀਵਾਂ ਨੂੰ ਹੜੱਪ ਕਰ ਜਾਣ

ਉਤੇ ਆਧਾਰਤ ਹੈ । ਸਿੱਧ ਹੈ ਕਿ ਇਹ ਸੰਕਲਪ ਸਮਾਜਕ ਜੀਵਨ ਦੇ ਪ੍ਰਸਤਾਵ-ਪੱਖ ਉਤੇ ਨਹੀਂ, ਪ੍ਰਸਤਾਵ-ਵਿਰੋਧੀ ਪੱਖ ਉਤੇ ਵੀ ਲਾਗੂ ਹੁੰਦਾ ਹੈ ਕਿਉਂਕਿ ਮਾਨਵ ਦਾ ਤੱਤਮਈ ਸੁਭਾ ਮਾਨ-ਵਤਾ ਪ੍ਰਤੀ ਅਨੁਮਤੀ ਆਦਿਕ ਦੀ ਸਾਰਥਿਕ ਚਾਲ ਉਤੇ ਆਧਾਰਿਤ ਹੈ। ਇਸ ਤਰ੍ਹਾਂ ਜਦ ਡਾਰਵਿਨ ਦਾ ਸਿਧਾਂਤ ਪ੍ਰਕਿਰਤੀਵਾਦ ਦਾ ਰੂਪ ਧਾਰ ਕੇ ਸਮਾਜਕ ਜੀਵਨ ਉਤੇ ਲਾਗੂ ਕੀਤਾ ਜਾਂਦਾ ਹੈ ਤਾਂ ਇਸ ਵਿਚ ਛੁਪਿਆ ਆਤਮ-ਵਿਰੋਧ ਪਰਤੱਖ ਹੋ ਜਾਂਦਾ ਹੈ ਅਤੇ ਇਸ ਆਤਮ-ਵਿਰੋਧ ਦੀ ਸਭ ਤੋਂ ਉੱਤਮ ਉਦਾਹਰਣ ਸਾਨੂੰ ਜ਼ੋਲਾ ਦੀਆਂ ਲਿਖਤਾਂ ਵਿਚੋਂ ਮਿਲਦੀ ਹੈ।

ਇਸ ਪ੍ਰਸੰਗ ਵਿਚ ਪ੍ਰਭਾਵ-ਵਾਦ ਪ੍ਰਕਿਰਤੀਵਾਦ ਦਾ ਸਾਥੀ ਵੀ ਹੈ ਅਤੇ ਵਿਰੋਧੀ ਵੀ। ਪ੍ਰਤੱਖਵਾਦ ਦੇ ਨਾਲ ਅਨੁਕੂਲਤਾ ਰੱਖਣ ਕਾਰਨ ਪ੍ਰਭਾਵ-ਵਾਦੀ ਉਸ ਯਥਾਰਥ ਨੂੰ ਹੀ ਚਿਤਰਣ ਵਿਚ ਵਿਸ਼ਵਾਸ਼ ਰੱਖਦੇ ਹਨ ਜਿਸ ਯਥਾਰਥ ਨੂੰ ਕਿ ਉਹਨਾਂ ਦੀਆਂ ਇੰਦਰੀਆਂ ਹੀ ਗ੍ਰਹਿਣ ਕਰਦੀਆਂ ਹਨ। ਇੰਦਰੀਆਂ ਦੀ ਹੀ ਗ੍ਰਹਿਣ-ਸ਼ਕਤੀ ਉਤੇ ਆਧਾਰਿਤ ਹੋਣ ਕਾਰਨ ਪ੍ਰਭਾਵ-ਵਾਦੀ ਵਿਸ਼ੇ-ਵਸਤੂ ਦੇ ਅਤੇ ਭੂਤ ਅਤੇ ਵਰਤਮਾਨ ਦੇ ਬਹੁਤ ਹੀ ਥੁੜ-ਜੀਵੇ ਸਬੰਧ ਵਿਚ ਵਿਸ਼ਵਾਸ਼ ਰਖਦੇ ਹਨ। ਉਪਰੋਕਤ ਸੀਰਸ਼ਾਂ ਵਿਚਕਾਰ ਥੁੜ-ਜੀਵਾ ਸਬੰਧ ਸੰਕਲਪਤ ਕਰਨ ਕਾਰਨ ਪ੍ਰਭਾਵ-ਵਾਦੀਆਂ ਦੇ ਹੱਥਾਂ ਵਿਚ ਮਾਨਵ ਆਪਣਾ ਇਤਿਹਾਸਕ ਪਿਛੋਕੜ ਗਵਾ ਬੈਠਦਾ ਹੈ ਅਤੇ ਯਥਾਰਥ ਉਥਲ-ਪੱਥਲ ਨਾਲ ਇਕ ਮਿਕ ਹੋਕੇ ਰਹਿ ਜਾਂਦਾ ਹੈ।

ਪ੍ਰਤੀਕਵਾਦ ਯਥਾਰਥ ਨੂੰ ਇਕ ਆਕਾਰ ਦੇ ਪੱਧਰ ਉਤੇ ਚਿਤਰਣ ਵਾਲੇ ਪ੍ਰਭਾਵ-ਵਾਦ ਦਾ ਉੱਤਰ ਹੈ ਪ੍ਰੰਤੂ ਇਹ ਆਪ ਇਕ-ਆਕਾਰਮਈ ਹੋਣ ਕਾਰਨ ਯਥਾਰਥ ਚਿਤਰਣ ਨੂੰ ਗੁਣਾਤ-ਮਿਕ ਤੌਰ ਤੇ ਉਚੇਰੇ ਪੱਧਰ ਉਤੇ ਨਹੀਂ ਲੈ ਜਾਂਦਾ। ਪ੍ਰਤੀਕਵਾਦ ਉਸ ਯਥਾਰਥ ਨੂੰ ਚਿਤਰਣਾ ਲੋਚਦਾ ਹੈ ਜੋ ਅਨੰਤ ਹੈ ਅਤੇ ਜਿਸ ਉਪਰ ਸਮੇਂ ਦੇ ਪਰਿਵਰਤਣਸ਼ੀਲ ਵਹਾਉ ਦਾ ਕੋਈ ਪ੍ਰਭਾਵ ਨਹੀਂ। ਅਨੰਤਤਾ ਉਪਰ ਜ਼ੋਰ ਦੇਣ ਕਾਰਨ ਪ੍ਰਤੀਕਵਾਦੀ ਵੀ ਪ੍ਰਭਾਵ-ਵਾਦੀਆਂ ਵਾਲੀਆਂ ਤਰੁ-ਟੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਨੁਹ ਰ ਦੇ ਤੱਤ ਨਾਲੋਂ ਟੁੱਟ ਜਾਣ ਕਾਰਣ, ਯਥਾਰਥ ਅਹਿਲ ਬਣ ਜਾਂਦਾ ਹੈ ਅਤੇ ਪ੍ਰਤੀਕ ਮਾਨਵ ਦੀ ਅਨੁਭਵੀ ਚੇਤੰਨਤਾ ਨੂੰ ਟੁੰਬਣਾ ਬੰਦ ਕਰ ਦਿੰਦੇ ਹਨ। ਨਤੀਜੇ ਵਜੋਂ ਰਚਨਾ ਕੁਝ ਪ੍ਰਤੀਕਾਂ ਰਾਹੀਂ ਕੁੱਝ ਦਾਰਸ਼ਨਿਕ ਸੰਕਲਪਾਂ ਦੀ ਵਿਆਖਿਆ ਬਣਕੇ ਰਹਿ ਜਾਂਦੀ ਹੈ। ਬਹੁਤੀ ਵਾਰੀ ਦਾਰਸ਼ਨਿਕ ਸੰਕਲਪਾਂ ਦਾ ਮਨੁੱਖ ਦੇ ਅਸ-ਤਿਤਵਮਈ ਜੀਵਨ ਨਾਲ ਕੋਈ ਸਬੰਧ ਨਹੀਂ ਹੁੰਦਾ ਅਤੇ ਰਚਨਾ ਨਿਰੋਲ ਰੂਪਕ-ਪ੍ਰਬੰਧ ਬਣ ਜਾਂਦੀ ਹੈ।

ਪੜ-ਯਥਾਰਥਵਾਦ ਅਨੁਸਾਰ, ਅਨੰਤ ਸੱਚ ਅਚੇਤ ਮਨ ਵਿਚ ਛੁਪਿਆ ਪਿਆ ਹੈ ਅਤੇ ਸਾਹਿਤਕ ਰਚਨਾ ਦਾ ਕਰਮ ਹੈ ਇਸ ਸੱਚ ਨੂੰ ਦ੍ਰਿਸ਼ਟਮਾਣ ਕਰਨਾ। ਇਹ ਕਰਮ ਸਵੈ-ਵਿਰੋਧੀ ਬਣ ਕੇ ਅਸਫਲਤਾ ਦਾ ਸ਼ਿਕਾਰ ਹੋ ਜਾਂਦਾ ਹੈ ਕਿਉਂਕਿ ਪੜ-ਯਥਾਰਥਵਾਦੀ ਅਚੇਤ ਮਨ ਨੂੰ ਸੁਚੇਤ ਮਨ ਨਾਲੋਂ ਤੋੜ ਲੈਂਦੇ ਹਨ ਅਤੇ ਫੇਰ ਸੁਪਨਿਆਂ ਰਾਹੀਂ ਪਰਗਟ ਹੁੰਦੇ ਬਿੰਬਾਂ ਅਤੇ ਪ੍ਰਤੀਕਾਂ ਰਾਹੀਂ ਇਸ ਯਥਾਰਥ ਨੂੰ ਚਿਤਰਦੇ ਹਨ। ਸੁਚੇਤ ਅਤੇ ਅਚੇਤ ਮਨ ਅਤੇ ਬਾਹਰੀ ਜੀਵਨ ਅਨਿਖੜਵੇਂ ਸਾਥੀ ਹਨ ਅਤੇ ਪਹਿਲੇ ਦੋ ਤੀਸਰੇ ਤੋਂ ਬਿਨਾਂ ਅਤੇ ਇਕ ਦੂਸਰੇ ਤੋਂ ਬਿਨਾ ਹੋਂਦ ਵਿਚ ਹੀ ਨਹੀਂ ਆ ਸਕਦੇ। ਸੋ ਅਚੇਤ ਮਨ ਵਿਚ ਛੁਪੇ ਯਥਾਰਥ ਨੂੰ ਸੁਚੇਤ ਮਨ ਦੇ ਗ੍ਰਹਿਣ ਕੀਤੇ ਯਥਾਰਥ ਨਾਲੋਂ ਤੋੜਕੇ ਚਿਤਰਿਆ ਨਹੀਂ ਜਾ ਸਕਦਾ। ਜੇ ਅਚੇਤ ਮਨ ਦੇ ਯਥਾਰਥ ਨੂੰ ਸੁਚੇਤ ਮਨ ਨਾਲੋਂ ਤੋੜਕੇ

ਚਿਤਰਣ ਵਿਚ ਸਫਲਤਾ ਕਲਪਤ ਕਰ ਵੀ ਲਈ ਜਾਵੇ ਤਾਂ ਇਹ ਯਤਨ ਮੰਤਵ-ਰਹਿਤ ਹੈ ਕਿਉਂਕਿ ਚੇਤੰਨਤਾ ਅਚੇਤ ਅਤੇ ਸੁਚੇਤ ਮਨ ਦੇ ਸੰਘਰਸ਼ ਵਿਚੋਂ ਉਪਜਦੀ ਹੈ, ਇੱਕਲੇ ਅਚੇਤ ਮਨ ਵਿਚੋਂ ਨਹੀਂ । ਚੇਤੰਨਤਾ ਦੀ ਉਪਜ ਨੂੰ ਸਾਹਿਤਕ ਰਚਨਾ ਦਾ ਟੀਚਾ ਨਾ ਮਿੱਥਣਾ ਇਕ ਵਿਸ਼ੇਸ਼ ਪ੍ਰਕਾਰ ਦੀ ਨਿਰਾਰਥਿਕਤਾ ਦਾ ਸ਼ਿਕਾਰ ਹੋਣਾ ਹੈ ।

ਮੇਰੇ ਵਿਚਾਰ ਵਿਚ ਆਧੁਨਿਕਤਾਵਾਦੀ ਲੇਖਕ ਸਾਰਥਿਕਤਾ ਦੇ ਇਕ ਪੱਖ ਨੂੰ ਹੀ ਸਿਰਜਣਾ ਖੇਤਰ ਵਿਚ ਲਿਆਉਂਦੇ ਹਨ । ਕ੍ਰਾਂਤੀਸ਼ੀਲ ਆਧੁਨਿਕਤਾ ਸਾਰਥਿਕਤਾ ਅਤੇ ਨਿਰਾਰਥਕਤਾ ਦੇ ਸੰਘਰਸ਼ ਨੂੰ ਇਸਦੀ ਸਮੂਹਕਤਾ ਤੱਕ ਚਿਤਰਦੀ ਅਤੇ ਸਿਰਜਣਾਮਈ ਸਾਹਿਤ ਦੀ ਰਚਨਾ ਕਰਨ ਦਾ ਸੰਦੇਸ਼ ਦਿੰਦੀ ਹੈ । ਕਿਨ੍ਹਾਂ ਸੀਰਸ਼ਾਂ ਨੂੰ ਆਪਣੇ ਆਧਾਰ ਮਿੱਥ ਕੇ ਕ੍ਰਾਂਤੀਸ਼ੀਲ ਆਧੁਨਿਕਤਾ ਇਹ ਕਰਮ ਨੇਪਰੇ ਚਾੜ੍ਹਣ ਦਾ ਯਤਨ ਕਰਦੀ ਹੈ, ਇਸ ਸਬੰਧ ਵਿਚ ਮੈਂ 'ਸਿਰਜਣਾ' ਦੇ ਅਗਲੇ ਅੰਕ ਵਿਚ ਲਿਖਾਂਗਾ ।

— — —

## ਜ਼ਰੂਰੀ ਸੂਚਨਾ

ਇਹ ਗੱਲ ਕਿਸੇ ਤੋਂ ਗੁਝੀ ਨਹੀਂ ਕਿ ਇੰਗਲੈਂਡ ਤੇ ਹੋਰ ਮੁਲਕਾਂ ਵਿਚ ਰੰਗਦਾਰ ਲੋਕਾਂ ਅੱਗੇ ਨਸਲੀ ਵਿਤਕਰਾ ਬੜੇ ਤਿਖੇ ਅਤੇ ਖਰਵੇ ਰੂਪ ਵਿਚ ਬੜੀ ਸ਼ਿਦੱਤ ਦੇ ਨਾਲ ਪੇਸ਼ ਆ ਰਿਹਾ ਹੈ । ਅਜੇਹੇ ਮੌਕ਼ੇ ਤੇ "ਹਿੰਦੁਸਤਾਨੀ ਅਗਾਂਹ ਵਧੂ ਲਿਖਾਰੀ ਸਭਾ", ਗ੍ਰੇਟ ਬ੍ਰਿਟਨ ਨਸਲੀ ਵਿਤਕਰੇ ਉਤੇ ਲਿਖਿਆਂ ਗਈਆਂ ਕਵਿਤਾਵਾਂ ਨੂੰ ਸੰਗ੍ਰਹਿ ਦੇ ਰੂਪ ਵਿਚ ਪੇਸ਼ ਕਰ ਰਿਹਾ ਹੈ । ਇੰਗਲੈਂਡ ਵਿਚ ਵਸਦੇ ਕਵੀਆਂ (ਤੇ ਭਾਰਤ ਵਿਚ ਰਹਿੰਦੇ ਕਿਸੇ ਲਿਖਾਰੀ ਵੀਰ ਨੇ ਜੇ ਕੋਈ ਅਜੇਹੀ ਰਚਨਾ ਲਿਖੀ ਹੋਵੇ) ਨੂੰ ਬਨਤੀ ਕੀਤੀ ਜਾਂਦੀ ਹੈ ਕਿ ਉਹ ਵੱਧ ਤੋਂ ਵੱਧ ਆਪਣੀਆਂ ਤਿੰਨ ਕਵਿਤਾਵਾਂ ਕਾਗਜ਼ ਦੇ ਇਕ ਪਾਸੇ ਸੁੰਦਰ ਲਿਖਾਈ ਵਿਚ ਲਿਖਕੇ ਹੇਠ ਲਿਖੇ ਪਤੇ ਉਤੇ ਭੇਜਣ ਦੀ ਕ੍ਰਿਪਾਲਤਾ ਕਰਨ ਆਸ ਹੈ ਕਿ ਏਸ ਕੰਮ ਵਿਚ ਸਾਰੇ ਲਿਖਾਰੀ ਵੀਰ "ਅਗਾਂਹਵਧੂ ਲਿਖਾਰੀ ਸਭਾ" ਨੂੰ ਅਪਣਾ ਸਹਿਯੋਗ ਦੇ ਕੇ ਧੰਨਵਾਦੀ ਬਣਾਉਣਗੇ ।


| | |
|---|---|
| ਅਵਤਾਰ ਸਾਦਿਕ | ਸਵਰਨ ਚੰਦਰ |
| ਜਨਰਲ ਸਕੱਤ੍ਰ | ਸਕਤ੍ਰ |
| Progressive Writers Assocition | P. W. A |
| 57—Myrtti-Rd. | 60-OSWALD Rd. |
| Leicester | SOUTHALL |
| U K | MIDDX |
| | U.K |

# ਪੰਜਾਬੀ ਭਾਸ਼ਾ ਦੀ ਸਮੱਸਿਆ / ਸੰਤ ਸਿੰਘ ਸੇਖੋਂ

ਕਿਸੇ ਬੋਲੀ ਦੀ ਸ਼ਬਦਾਵਲੀ ਉਸ ਦੇ ਬੋਲਣ ਤੇ ਲਿਖਣ ਵਾਲਿਆਂ ਦੀਆਂ ਵਿਵਹਾਰਕ ਲੋੜਾਂ ਤੇ ਸ਼ੈਲੀ ਦੀਆਂ ਰੁਚੀਆਂ ਤੇ ਆਵਸ਼ਕਤਾਵਾਂ ਉੱਤੇ ਆਧਾਰਿਤ ਹੁੰਦੀ ਹੈ। ਵਿਵਹਾਰਕ ਲੋੜਾਂ ਰਾਜ ਪ੍ਰਬੰਧ ਤੇ ਧਰਮ-ਆਚਾਰ ਨਾਲ ਸੰਬੰਧਿਤ ਹੁੰਦੀਆਂ ਹਨ । ਭਾਰਤ ਵਿਚ ਬਹੁ ਗਿਣਤੀ ਦਾ ਧਰਮ-ਆਚਾਰ ਪੁਰਾਤਨ ਵੈਦਿਕ ਜਾਂ ਉਸ ਵਿਚੋਂ ਨਿਕਲੇ ਹੋਏ ਰੂਪਾਂ ਵਾਲਾ ਹੈ। ਇਸ ਲਈ ਇਸ ਖੇਤਰ ਵਿਚ ਭਾਰਤੀ ਲੋਕਾਂ ਦੀ ਬੋਲਣ ਤੇ ਲਿਖਣ ਦੀ ਭਾਸ਼ਾ ਅਵਸ਼ ਸੰਸਕ੍ਰਿਤ ਉਤੇ ਆਧਾਰਿਤ ਹੈ। ਪਰ ਭਾਰਤ ਦਾ ਰਾਜ-ਪ੍ਰਬੰਧ ਕੋਈ ਹਜ਼ਾਰ ਵਰ੍ਹੇ ਵਿਦੇਸ਼ੀ, ਪਹਲਾਂ ਮੁਸਲਮਾਣੀ ਤੇ ਫਿਰ ਅੰਗਰੇਜ਼ੀ ਰਿਹਾ ਹੈ। ਕੇਵਲ 1947 ਤੋਂ ਸਤੰਤ੍ਰਤਾ ਪ੍ਰਾਪਤੀ ਪਿਛੋਂ ਇਸ ਦਾ ਵਿਵਹਾਰ ਫਿਰ ਆਪਣੀ ਸ਼ਬਦਾਵਲੀ ਦੇ ਆਧਾਰ ਸੰਸਕ੍ਰਿਤ ਵਿਚੋਂ ਲਭਣ ਲਗਾ ਹੈ। ਇਸ ਭਾਲ ਬਾਰੇ ਦੋ ਰਾਵਾਂ ਹੋ ਸਕਦੀਆਂ ਸਨ। ਇਹ ਕਿਹਾ ਜਾ ਸਕਦਾ ਸੀ ਕਿ ਅਸੀਂ ਆਪਣੀ ਰਾਜ-ਪ੍ਰਬੰਧ ਦੇ ਵਿਵਹਾਰ ਦੀ ਬੋਲੀ ਅੰਗਰੇਜ਼ੀ ਤੇ ਫ਼ਾਰਿਸੀ ਦੀ ਪ੍ਰਚਲਿਤ ਸ਼ਬਦਾਵਲੀ ਵਾਲੀ ਹੀ ਰਖੀਏ। ਪਰ 1947 ਤੋਂ ਪਿਛੋਂ ਸਾਡੇ ਰਾਜ-ਪ੍ਰਬੰਧ ਦੇ ਵਿਵਹਾਰ ਵਿਚ ਬਹੁਤ ਵਿਸਥਾਰ ਤੇ ਵਿਕਾਸ ਹੋਇਆ ਹੈ ਜਿਸ ਦੀਆਂ ਲੋੜਾਂ ਫ਼ਾਰਿਸੀ ਤੋਂ ਭਲੀ ਪ੍ਰਕਾਰ ਪੂਰੀਆਂ ਨਹੀਂ ਕੀਤੀਆਂ ਜਾ ਸਕਦੀਆਂ ਜਾਂ ਘੱਟੋ ਘੱਟ ਸੰਸਕ੍ਰਿਤ ਤੋਂ ਪੂਰੀਆਂ ਕਰ ਲੈਣੀਆਂ ਸਾਡੇ ਸੁਭਾਵ ਦੇ ਵਧੇਰੇ ਅਨੁਕੂਲ ਹਨ। ਅੰਗਰੇਜ਼ੀ ਤੋਂ ਵੀ ਇਹ ਲੋੜਾਂ ਚੰਗੀ ਤਰ੍ਹਾਂ ਪੂਰੀਆਂ ਨਹੀਂ ਹੋ ਸਕਦੀਆਂ ਸਨ ਕਿਉਂਕਿ ਅੰਗਰੇਜ਼ੀ ਸ਼ਬਦਾਵਲੀ ਨੂੰ ਪਚਾਣਾ ਸਾਡੇ ਲੋਕਾਂ ਲਈ ਬਹੁਤ ਔਖਾ ਹੈ। ਨਾਲੇ ਸਾਡੇ ਧਰਮ-ਆਚਾਰ ਦੀ ਸ਼ਬਦਾਵਲੀ ਬਹੁਤੀ ਸੰਸਕ੍ਰਿਤ ਆਧਾਰਾਂ ਵਾਲੀ ਹੋਣ ਕਰਕੇ ਸਾਡੇ ਲਈ ਰਾਜ-ਪ੍ਰਬੰਧ ਦੇ ਵਿਵਹਾਰ ਦੀਆਂ ਲੋੜਾਂ ਵੀ ਉਸੇ ਸੋਮੇਂ ਤੋਂ ਪੂਰੀਆਂ ਕਰਨਾ ਕੁਝ ਸੌਖੇਰਾ ਹੈ। ਇਹ ਗੱਲ ਹੀ ਸਾਡੀਆਂ ਗਿਆਨ ਵਿਗਿਆਨ ਦੀਆਂ ਲੋੜਾਂ ਦੇ ਵਿਸਤਾਰ ਤੇ ਵਿਕਾਸ ਉਤੇ ਲਾਗੂ ਹੁੰਦੀ ਹੈ। ਸਾਡੇ ਦੇਸ਼ ਵਿਚ ਵਿਗਿਆਨ, ਪ੍ਰਾਕ੍ਰਿਤਿਕ ਤੇ ਸਮਾਜਕ ਦੋਹਾਂ ਪ੍ਰਕਾਰਾਂ ਦੇ ਵਿਗਿਆਨ ਦਾ ਵਿਕਾਸ ਤੇ ਵਿਸਤਾਰ ਤੇਜ਼ੀ ਨਾਲ ਹੋ ਰਿਹਾ ਹੈ । ਤੇ ਇਸ ਲਈ ਵੀ ਸਾਨੂੰ ਵਿਸਤ੍ਰਿਤ ਸ਼ਬਦਾਵਲੀ ਦੀ ਲੋੜ ਪੈਂਦੀ ਹੈ । ਇਹ ਲੋੜ ਫ਼ਾਰਿਸੀ ਅਰਬੀ ਤੋਂ ਪੂਰੀ ਕਰਨਾ ਸਾਡੇ ਇਤਿਹਾਸਕ ਤੇ ਸਾਂਸਕ੍ਰਿਤਿਕ ਸਮਾਚਾਰ ਵਿਚ ਇਕ ਵਿਅਰਥ ਜੇਹੀ ਗੱਲ ਹੈ। ਅੰਗਰੇਜ਼ੀ ਵਿਚੋਂ ਵੀ ਇਹ ਪੂਰਾ ਕਰਨਾ ਨਾ ਸੌਖਾ ਤੇ ਨਾ ਸਿਆਣੀ ਗੱਲ ਹੈ। ਉਦਾਹਰਣ ਰੂਪ ਇਥੇ ਮੈਂ ਆਪਣੀ ਪੁਸਤਕ 'ਸਾਹਿਤਿਆਰਥ' ਵਿਚੋਂ ਸਾਹਿਤ ਆਲੋਚਨਾ ਦੇ ਵਿਸ਼ੇ ਵਿਚ ਇਕ ਟੂਕ ਤੇ ਫਿਰ ਇਸ ਦੇ ਫ਼ਾਰਿਸੀ ਅਰਬੀ ਉਤੇ ਆਧਾਰਿਤ ਤੇ ਵਧੇਰੇ ਸੰਸਕ੍ਰਿਤ-ਆਧਾਰਿਤ ਰੂਪ ਵੀ ਦੇਂਦਾ ਹਾਂ :

'ਕਵਿਤਾ ਤੇ ਵਿਗਿਆਨ ਦੀ ਟੱਕਰ ਨੂੰ ਸਮਝਣ ਲਈ ਜੇ ਕੁਝ ਦੂਰ ਪੁਰਾਣੇ ਸਮੇਂ ਤਕ ਇਨ੍ਹਾਂ ਦੋਹਾਂ ਦੇ ਮੁਢ ਤਕ ਨਜ਼ਰ ਮਾਰੀਏ, ਤਾਂ ਇਕ ਬਹੁਤ ਸੂਝਦਾਇਕ ਭੇਦ ਦਾ ਪਤਾ ਲਗਦਾ

ਹੈ । ਵਿਗਿਆਨ ਤੇ ਕਵਿਤਾ ਦੋਵੇਂ ਮਨੁਖਾ ਪ੍ਰਾਪਤੀ ਦੇ ਸਾਧਨ ਹਨ । ਵਿਗਿਆਨ ਮਨੁਖ ਦੀ ਪਦਾਰਥਕ ਪਹੁੰਚ ਤੇ ਸ਼ਕਤੀ ਨੂੰ ਵਧਾਣ ਦੀ ਕਲਾ ਹੈ, ਤੇ ਕਵਿਤਾ ਉਸ ਦੀ ਅਧਿਆਤਮਕ ਸ਼ਕਤੀ ਨੂੰ ਵਧਾਣ ਵਾਲੀ।'

ਇਸ ਟੁਕੜੀ ਦਾ ਫ਼ਾਰਿਸੀ-ਅਰਬੀ ਆਧਾਰਿਤ ਰੂਪ ਇਹ ਹੋ ਸਕਦਾ ਹੈ।

'ਸ਼ਾਇਰੀ ਤੇ ਸਾਇੰਸ (ਸਾਇੰਸ ਲਈ ਅਰਬੀ-ਫ਼ਾਰਿਸੀ ਸ਼ਬਦਾਵਲੀ ਦਾ ਢੁਕਵਾਂ ਸ਼ਬਦ ਮੇਰੇ ਗਿਆਨ ਵਿਚ ਨਹੀਂ) ਦੇ ਤਜ਼ਾਦ ਨੂੰ ਸਮਝਣ ਲਈ ਜੇ ਦੂਰ ਪੁਰਾਣੇ ਵਕਤਾਂ ਤਕ ਇਨ੍ਹਾਂ ਦੋਹਾਂ ਦੇ ਮੁਢ ਤਕ ਨਜ਼ਰ ਮਾਰੀਏ ਤਾਂ ਇਕ ਬਹੁਤ ਸਬਕ-ਆਮੇਜ਼ ਭੇਦ ਦਾ ਪਤਾ ਲਗਤਾ ਹੈ । ਸਾਇੰਸ ਤੇ ਸ਼ਾਇਰੀ ਦੋਵੇਂ ਇਨਸਾਨੀ ਕਮਾਲ ਦੇ ਜ਼ਰੀਏ ਹਨ । ਸਾਇੰਸ ਇਨਸਾਨ ਦੀ ਮਾਦੀ ਰਸਾਈ ਤੇ ਤਾਕਤ ਨੂੰ ਵਧਾਣ ਦਾ ਹੁਨਰ ਹੈ ਤੇ ਸ਼ਾਇਰੀ ਉਸ ਦੀ ਰੂਹਾਨੀ ਤਾਕਤ ਨੂੰ ਵਧਾਣ ਵਾਲਾ ।'

ਇਸ ਦਾ ਵਧੇਰੇ ਸੰਸਕ੍ਰਿਤ-ਆਧਾਰਿਤ ਰੂਪ ਇਹ ਹੋ ਸਕਦਾ ਸੀ :

'ਕਵਿਤਾ ਤੇ ਵਿਗਿਆਨ ਦੇ ਪ੍ਰਤਿਦਵੰਦ ਨੂੰ ਸਮਝਣ ਲਈ ਜੇ ਕੁਝ ਦੂਰ ਪੁਰਾਣੇ ਸਮੇਂ ਤਕ ਇਨ੍ਹਾਂ ਦੋਹਾਂ ਦੇ ਮੁਢ ਤਕ ਦ੍ਰਿਸ਼ਟੀ ਫੈਲਾਈ ਜਾਵੇ ਤਾਂ ਇਕ ਬਹੁਤ ਸਿਖਿਆਦਾਇਕ ਭੇਦ ਦਾ ਗਿਆਨ ਹੁੰਦਾ ਹੈ । ਵਿਗਿਆਨ ਤੇ ਕਵਿਤਾ ਦੋਵੇਂ ਮਾਨਵੀ ਪ੍ਰਾਪਤੀ ਦੇ ਸਾਧਨ ਹਨ । ਵਿਗਿਆਨ ਪਦਾਰਥਕ ਪਹੁੰਚ (ਇਸ ਸ਼ਬਦ ਦਾ ਵਧੇਰੇ ਤਤਸਮ ਅਥਵਾ ਸੰਸਕ੍ਰਿਤ ਰੂਪ ਮੇਰੇ ਗਿਆਨ ਵਿਚ ਨਹੀਂ) ਤੇ ਸ਼ਕਤੀ ਨੂੰ ਵਧਾਣ ਦੀ ਕਲਾ ਹੈ ਤੇ ਕਵਿਤਾ ਉਸ ਦੀ ਅਧਿਆਤਮਕ ਸ਼ਕਤੀ ਨੂੰ ਵਧਾਣ ਵਾਲੀ ।'

ਦੇਖਿਆ ਜਾਵੇਗਾ ਕਿ ਇਨ੍ਹਾਂ ਤਿੰਨਾਂ ਟੁਕਾਂ ਵਿਚ ਭੇਦ ਮੁਖ ਰੂਪ ਵਿਚ ਸ਼ੈਲੀ ਦਾ ਹੈ। ਪਰ ਅਸੀਂ ਭਾਰਤੀ ਲੋਕ ਆਪਣੇ ਸਾਂਸਕ੍ਰਿਤਕ ਤੇ ਵਿਵਹਾਰਕ ਸਮਾਚਾਰ ਅਨੁਸਾਰ 'ਸ਼ਾਇਰੀ, ਤਜ਼ਾਦ, ਸਬਕ-ਆਮੇਜ਼,ਇਨਸਾਨੀ ਕਮਾਲ, ਮਾਦੀ ਰਸਾਈ, ਹੁਨਰ,ਰੂਹਾਨੀ ਤਾਕਤ,' ਆਦਿ ਸ਼ਬਦਾਂ ਨੂੰ ਅਵਸ਼ ਛਡ ਦੇਵਾਂਗੇ । ਸਾਡੇ ਵਿਚ ਕਈਆਂ ਦੀ ਰੁਚੀ ਵਧੇਰੇ ਤਤਸਮ ਰੂਪਾਂ ਨੂੰ ਵਰਤਣ ਦੀ ਜ਼ਰੂਰ ਹੋਵੇਗੀ । ਪਰ ਉਹ ਵੀ ਸਾਡੀ ਬੋਲੀ ਦੀ ਸੁਭਾਵਕ ਸ਼ੈਲੀ ਦੇ ਬੰਧਨਾਂ ਤੋਂ ਬਹੁਤੇ ਮੁਕਤ ਨਹੀਂ ਹੋ ਸਕਣਗੇ ।

ਮੇਰੇ ਵਾਲੀ ਟੁਕੜੀ ਵਿਚ ਜੇ ਅਸੀਂ ਪਾਕਿਸਤਾਨੀ ਪੰਜਾਬ ਦੇ ਹੋਰ ਵਧੇਰੇ ਨੇੜੇ ਜਾਣਾ ਲੋੜੀਏ ਤਾਂ 'ਸਮੇਂ' ਦੀ ਥਾਉਂ ਵਕਤ 'ਮਨੁਖਾ' ਦੀ ਥਾਉਂ 'ਇਨਸਾਨੀ', 'ਪਦਾਰਥਕ' ਦੀ ਥਾਉਂ 'ਮਾਦੀ 'ਤੇ 'ਅਧਿਆਤਮਕ' ਦੀ ਥਾਉਂ 'ਰੂਹਾਨੀ' ਸ਼ਬਦ ਵਰਤ ਸਕਦੇ ਹਾਂ । ਪਰ ਇਨ੍ਹਾਂ ਸ਼ਬਦਾਂ ਦੀ ਵਰਤੋਂ ਕਿਥੋਂ ਤਕ ਸੁਭਾਵਕ ਤੇ ਆਵਸ਼ਕ ਹੈ ਇਸਦਾ ਨਿਰਣਾ ਮੈਂ ਪਾਠਕਾਂ ਉਤੇ ਹੀ ਛਡਦਾ ਹਾਂ।

ਇਸੇ ਤਰ੍ਹਾਂ ਜੇ ਵਧੇਰੇ ਤਕਨੀਕੀ ਸ਼ਬਦਾਂ ਵਾਲੇ ਕੁਝ ਵਾਕਾਂ ਨੂੰ ਲਿਆ ਜਾਵੇ ਤਾਂ ਵੇਖਿਆ ਜਾਵੇਗਾ ਕਿ ਪਾਕਿਸਤਾਨੀ ਪੰਜਾਬੀ ਤੇ ਭਾਰਤੀ ਪੰਜਾਬੀ, ਆਪਣੇ ਹੁਣ ਦੇ ਝੁਕਾਵਾਂ ਅਨੁਸਾਰ, ਹੋਰ ਵਧੇਰੇ ਦੂਰ ਹੋ ਜਾਂਦੀਆਂ ਹਨ. ਜਿਵੇਂ ਭਾਰਤੀ ਪੰਜਾਬੀ ਦੇ ਵਾਕ—

'ਕਵਿਤਾ ਦਾ ਪਦਾਰਥਕ ਤੇ ਅਧਿਆਤਮਕ ਸਾਧਨਾਂ ਦਾ ਇਕ ਰੂਪ ਹੋਣਾ ਇਸ ਦਾ ਅਧਿਆਤਮਕਤਾ ਨਾਲ ਸੰਬੰਧ ਦਾ ਸੂਚਕ ਹੈ।'

ਦਾ ਪਾਕਿਸਤਾਨੀ ਪੰਜਾਬੀ ਰੂਪ ਸ਼ਾਇਦ ਇਹ ਹੋਵੇਗਾ—

'ਸ਼ਾਇਰੀ ਦੇ ਮਾਦੀ ਤੇ ਰੂਹਾਨੀ ਵਸੀਲਿਆਂ ਦੀ ਇਕ ਸ਼ਕਲ ਹੋਣਾ ਇਸ ਦੇ ਰੂਹਾਨੀਅਤ ਨਾਲ ਤੁਅਲਕ ਦੀ ਨਿਸ਼ਾਨੀ ਹੈ ।'

ਪਾਕਿਸਤਾਨੀ ਪੰਜਾਬੀ ਨੂੰ ਭਾਰਤੀ ਪੰਜਾਬੀ ਨਾਲੋਂ ਵੱਖ ਕਰਨ ਵਾਲੇ ਕਾਰਣ ਦੋ ਹਨ. ਇਕ ਸਾਂਸਕ੍ਰਿਤਿਕ ਤੇ ਦੂਜਾ ਰਾਜਸੀ । ਪਾਕਿਸਤਾਨੀ ਪੰਜਾਬੀ ਲੋਕਾਂ ਦੀ ਗਿਆਨ ਵਿਗਿਆਨ ਦੀ ਸ਼ਬਦਾਵਲੀ ਵਧੇਰੇ ਕਰਕੇ ਇਸਲਾਮੀ ਧਰਮ ਉਤੇ ਆਧਾਰਿਤ ਹੋਣ ਕਰਕੇ ਭਾਰਤੀ ਪੰਜਾਬੀ ਲੋਕਾਂ ਦੀ ਸ਼ਬਦਾਵਲੀ ਤੋਂ ਅਵਸ਼ ਦੂਰ ਰਹਿੰਦੀ ਹੈ । ਜੇ ਰਾਜਸੀ ਸਮਾਚਾਰ ਅਨੁਕੂਲ ਹੋਣ ਤਾਂ ਪਾਕਿਸਤਾਨੀ ਪੰਜਾਬੀਆਂ ਨੂੰ ਆਪਣੇ ਗਿਆਨ ਵਿਗਿਆਨ ਦੀ ਸ਼ਬਦਾਵਲੀ ਲਈ ਅਰਬੀ-ਫ਼ਾਰਿਸੀ ਵਲ ਜਾਣ ਦੀ ਲੋੜ ਨਾ ਪਵੇ, ਕਿਉਂਕਿ ਪੰਜਾਬੀ ਬੋਲੀ ਦਾ ਸੁਭਾਵ ਸੰਸਕ੍ਰਿਤ-ਰੂਪੀ ਵਧੇਰੇ ਹੈ । ਪਰ ਰਾਜਸੀ ਸਮਾਚਾਰ ਅਨੁਕੂਲ ਨਹੀਂ ।

ਇਥੇ ਇਹ ਯਾਦ ਰਖਣਾ ਚਾਹੀਦਾ ਹੈ ਕਿ ਜੇ ਪੂਰਬੀ ਬੰਗਾਲ ਦੇ ਪਾਕਿਸਤਾਨੀ ਲੋਕ ਸੰਸਕ੍ਰਿਤ-ਰੂਪੀ ਬੰਗਾਲੀ ਨਾਲ ਇਤਨੇ ਬਹੁਤੇ ਜੁੜੇ ਹੋਏ ਨਾ ਹੁੰਦੇ ਤਾਂ ਪਾਕਿਸਤਾਨੀ ਹਾਕਿਮਾਂ ਨੇ ਉਨ੍ਹਾਂ ਨੂੰ ਵੀ ਉਰਦੂ ਪੜ੍ਹਾ ਪੜ੍ਹਾ ਕੇ ਉਨ੍ਹਾਂ ਤੋਂ ਬੰਗਾਲੀ ਦਾ ਤਿਆਗ ਕਰਵਾ ਦੇਣਾ ਸੀ । ਪਾਕਿਸਤਾਨੀ ਪੰਜਾਬ ਵਿਚ ਪੰਜਾਬੀ ਨੂੰ ਉਹ ਪਦਵੀ ਨਹੀਂ ਮਿਲੀ ਜੋ ਭਾਰਤੀ ਪੰਜਾਬ ਵਿਚ ਮਿਲੀ ਹੈ, ਤੇ ਉਨ੍ਹਾਂ ਨੂੰ ਪੰਜਾਬੀ ਦੇ ਵਿਕਾਸ ਤੇ ਵਿਸਤਾਰ ਦੀ ਨਾ ਬਹੁਤੀ ਲੋੜ ਪਈ ਤੇ ਨਾ ਹੀ ਇਤਨਾ ਸ਼ੌਕ ਹੈ । ਜਦੋਂ ਪਾਕਿਸਤਾਨੀ ਪੰਜਾਬ ਦੇ ਲੋਕ ਪੰਜਾਬੀ ਨੂੰ ਅਪਣਾਣਗੇ ਤੇ ਆਪਣੇ ਰਾਜ-ਪ੍ਰਬੰਧ ਤੇ ਸਿਖਿਆ ਪ੍ਰਣਾਲੀ ਵਿਚ ਇਸ ਨੂੰ ਵਰਤਣ ਲਗਣਗੇ ਤੇ ਉਹ ਭਾਰਤੀ ਪੰਜਾਬੀਆਂ ਨਾਲ ਕੋਈ ਸਾਂਝ ਰਖਣ ਦੇ ਇਛਕ ਹੋਣਗੇ ਤਾਂ ਉਹ ਪੰਜਾਬੀ ਨੂੰ ਅਵਸ਼ ਸੰਸਕ੍ਰਿਤ ਨਾਲ ਜੋੜਣਗੇ, ਅਰਬੀ ਫ਼ਾਰਿਸੀ ਨਾਲ ਨਹੀਂ ।

ਸਾਡੀ ਸਾਧਾਰਣ ਬੋਲੀ ਵਿਚ ਅਰਬੀ ਫ਼ਾਰਿਸੀ ਦੇ ਸ਼ਬਦ ਪੰਜ ਸੱਤ ਫ਼ੀ ਸਦੀ ਤੋਂ ਬਹੁਤੇ ਨਹੀਂ, ਤੇ ਉਸ ਪੰਜ ਸੱਤ ਫ਼ੀ ਸਦੀ ਦੇ ਆਧਾਰ ਉਤੇ ਇਹ ਆਖ ਦੇਣਾ ਕਿ ਪੰਜਾਬੀ ਸੰਸਕ੍ਰਿਤ ਤੇ ਫ਼ਾਰਿਸੀ ਦੋਹਾਂ ਦੀ ਇਕ ਸਾਂਝੀ ਸੰਤਾਨ ਹੈ ਇਕ ਅਤਿਕਥਨੀ ਹੀ ਨਹੀਂ, ਅਗਿਆਨਤਾ ਹੈ । ਸ. ਗੁਰਬਖ਼ਸ਼ ਸਿੰਘ, ਜਿਨ੍ਹਾਂ ਨੂੰ ਸੰਸਕ੍ਰਿਤਵਾਦੀ ਕੋਈ ਨਹੀਂ ਆਖਦਾ, ਦੇ ਅਪ੍ਰੈਲ ਮਹੀਨੇ ਦੀ ਪ੍ਰੀਤ-ਲੜੀ ਦੇ ਸੰਪਾਦਕੀ ਲੇਖ ਵਿਚ ਕੁਲ 1400 ਸ਼ਬਦਾਂ ਵਿਚੋਂ 168 ਅਥਵਾ-12 ਫ਼ੀ ਸਦੀ ਸ਼ਬਦ ਅਰਬੀ ਫ਼ਾਰਿਸੀ ਦੇ ਹਨ । ਤੇ ਇਨ੍ਹਾਂ ਵਿਚ ਵੀ ਕਈ ਸ਼ਬਦ ਅਜੇਹੇ ਹਨ ਜੋ ਅਨਿਵਾਰੀ ਨਹੀਂ, ਕੇਵਲ ਪੰਜਾਬ ਵਿਚ 1880 ਤੋਂ ਲੈ ਕੇ 1947 ਤਕ ਉਰਦੂ ਵਿਚ ਪੜ੍ਹਾਈ ਕਰਾਣ ਦਾ ਫਲ-ਰੂਪ ਸਾਡੇ ਪੜ੍ਹੇ ਲਿਖੇ ਲੋਕਾਂ ਦੀ ਬੋਲੀ ਤੇ ਲਿਖਤ ਵਿਚੋਂ ਨਿਕਲਦੇ ਜਾ ਰਹੇ ਹਨ, ਜਿਵੇਂ 'ਸਰਮਾਏਦਾਰ, ਰਈਅਤ, ਇਨਕਲਾਬ, ਗ਼ਲਬਾ, ਬੇਵਾਸਤਾ, ਅਹਿਦਨਾਮਾ, ਖ਼ਿਲਾਫ਼, ਤਿਜਾਰਤ, ਮਾਹਿਰ,ਸਿਆਸਤ, ਆਦਿ ।'

ਕਈ ਸਜਨ ਆਧੁਨਿਕ ਪੰਜਾਬੀ ਦੀ ਸੰਸਕ੍ਰਿਤ ਆਧਾਰਾਂ ਵਲ ਰੁਚੀ ਨੂੰ ਹਿੰਦੀ ਸਾਮਰਾਜ, ਅੱਗੇ ਝੁਕ ਜਾਣਾ ਸਮਝਦੇ ਤੇ ਆਖਦੇ ਹਨ । ਇਹ ਠੀਕ ਹੈ ਕਿ ਕੇਂਦ੍ਰੀ ਸਰਕਾਰ ਦੀ ਹਿੰਦੀ ਨੂੰ ਰਾਸ਼ਟਰ ਦੀ ਭਾਸ਼ਾ ਬਣਾਣ ਦੀ ਨੀਤੀ ਹੈ । ਪਰ ਇਸ ਨੀਤੀ ਨੂੰ ਵੰਗਾਰਨ ਦਾ ਤਰੀਕਾ ਇਹ ਨਹੀਂ ਕਿ ਅਸੀਂ ਆਪਣੀਆਂ ਰਾਜ ਭਾਸ਼ਾਵਾਂ ਨੂੰ ਸੰਸਕ੍ਰਿਤ ਆਧਾਰਾਂ ਉਤੇ ਨਾ ਖਲ੍ਹਾਰੀਏ ਤੇ ਜਾਣ ਬੁਝ ਕੇ ਫ਼ਾਰਿਸੀ, ਅਰਬੀ ਵਲ ਉਲਾਰੀ ਰਖੀਏ । ਹਿੰਦੀ ਸਾਮਰਾਜ ਨਾਲ ਲੜਨ ਦਾ ਤਰੀਕਾ ਉਹ ਨਹੀਂ ਜੋ ਕਾਮਰੇਡ ਸੋਹਣ ਸਿੰਘ ਜੋਸ਼ ਨੇ ਅਪਣਾਇਆ ਹੈ ।

ਇਕ ਗੱਲ ਜਿਸ ਬਾਰੇ ਕਾਮਰੇਡ ਜੋਸ਼ ਤੇ ਕਈ ਹੋਰ ਸਜਨ ਬਹੁਤ ਵਿਆਕੁਲ ਹਨ, ਕੁਝ ਪੰਜਾਬੀ ਲਿਖਾਰੀਆਂ ਵਲੋਂ ਸੰਸਕ੍ਰਿਤ ਸ਼ਬਦਾਂ ਦੀ ਲੋੜ ਤੋਂ ਵਧੀਕ ਤਤਸਮ ਰੂਪ ਵਿਚ ਵਰਤੋਂ ਹੈ। ਸੰਸਕ੍ਰਿਤ ਸ਼ਬਦਾਂ ਦੀ ਵਰਤੋਂ ਬਾਰੇ ਮੁਖ ਰੂਪ ਵਿਚ ਤਿੰਨ ਨਿਯਮ ਸਹੀ ਕੀਤੇ ਜਾ ਸਕਦੇ ਹਨ :

1. ਬਹੁਤ ਸੌਖੇ ਸੰਸਕ੍ਰਿਤ ਸ਼ਬਦ ਢੇਰ ਚਿਰ ਤੋਂ ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਤਤਸਮ ਰੂਪ ਵਿਚ ਪ੍ਰਚਲਿਤ ਹਨ, ਤੇ ਅੱਗੋਂ ਨੂੰ ਵੀ ਪ੍ਰਚਲਿਤ ਰਹਿਣਗੇ। ਉਨ੍ਹਾਂ ਜੇਹੇ ਹੋਰ ਸੌਖੇ ਸ਼ਬਦ ਵੀ ਤਤਸਮ ਰੂਪ ਵਿਚ ਲਏ ਜਾ ਸਕਦੇ ਹਨ । ਉਦਾਹਰਣ ਰੂਪ ਕੁਝ ਸੌਖੇ ਸੰਸਕ੍ਰਿਤ ਤਤਸਮ ਜੋ ਪੰਜਾਬੀ ਵਿਚ ਚਲਦੇ ਹਨ, ਇਹ ਹਨ :

ਅਮਰ, ਅਮ੍ਰਿਤ, ਅਟਲ, ਅਕਾਲ, ਅਨਾਦਿ, ਆਦਿ, ਆਸ਼ਾ, ਆਤਮਾ; ਸਰਲ, ਸਗਲ, ਸਾਗਰ, ਸਥਾਨ; ਕਰਮ, ਕਲਾ, ਕਾਲ, ਕਸ਼ਟ; ਆਦਿ।

ਸ਼ਬਦ ਜੋ ਅੱਜ ਕਲ ਤਤਸਮ ਰੂਪ ਵਿਚ ਲਏ ਗਏ ਹਨ, ਇਹ ਹਨ :

ਇਤਿਹਾਸ, ਆਗਮ, ਸ੍ਵਾਰਥ, ਸਹਯੋਗ, ਸੰਕਲਪ, ਸਹਪਾਠੀ, ਸਯੋਗ, ਕਲਾਤਮਕ, ਕਥਾਨਕ; ਆਦਿ।

2. ਕੁਝ ਸ਼ਬਦ ਜੋ ਪਿਛਲੇ ਸਮੇਂ ਵਿਚ ਸਾਡੀ ਬੋਲ ਚਾਲ ਜਾਂ ਲਿਖਤ ਵਿਚ ਕੁਝ ਧੁਨੀਆਂ ਅਥਵਾ ਵਰਣਾਂ ਦੀ ਅਣਹੋਂਦ ਕਾਰਣ ਕੁਝ ਬਦਲੇ ਰੂਪ ਵਿਚ ਵਰਤੇ ਜਾਂਦੇ ਸਨ, ਹੁਣ ਤਤਸਮ ਰੂਪ ਵਿਚ ਵਰਤੇ ਜਾਣ ਲਗ ਪਏ ਹਨ, ਕਿਉਂਕਿ ਕੁਝ ਪ੍ਰਭਾਵਾਂ ਅਧੀਨ ਉਹ ਧੁਨੀਆਂ ਹੁਣ ਸਾਡੀ ਬੋਲ ਚਾਲ ਵਿਚ ਆ ਗਈਆਂ ਹਨ, ਜਿਵੇਂ :

ਜਤਨ, ਜੋਗ, ਦੇਸ, ਆਦਿ, ਸ਼ਬਦਾਂ ਦੀ ਥਾਉਂ ਹੁਣ ਤਤਸਮ ਰੂਪ, ਯਤਨ, ਯੋਗ, ਦੇਸ਼, ਆਦਿ ਪ੍ਰਚਲਿਤ ਹੋ ਰਹੇ ਹਨ। ਇਨ੍ਹਾਂ ਦੀ ਵਰਤੋਂ ਨੂੰ ਰੋਕਣਾ ਨਿਰੋਲ ਹਠ ਧਰਮੀ ਹੈ। ਜਦੋਂ ਵੀ ਲੋਕ ਪੜ੍ਹ ਲਿਖ ਕੇ ਕੋਈ ਮੂਲ-ਰੂਪ-ਧਨੀ ਉਚਾਰਨ ਜੋਗੇ ਹੋ ਜਾਂਦੇ ਹਨ, ਉਹ ਜ਼ਰੂਰ ਉਚਾਰਨਗੇ ਤੇ ਉਸੇ ਤਰ੍ਹਾਂ ਹੀ ਲਿਖਣਗੇ।

ਅਜਬ ਗੱਲ ਇਹ ਹੈ ਕਿ ਇਹ ਸਜਨ ਕੇਵਲ ਸ਼ਬਦਾਂ ਦੇ ਇਨ੍ਹਾਂ ਤਤਸਮ ਰੂਪਾਂ ਵਿਰੁਧ ਹੀ ਉਜ਼ਰ ਕਰਦੇ ਹਨ, ਅਜੇਹੇ ਅਰਬੀ, ਫ਼ਾਰਿਸੀ ਸ਼ਬਦਾਂ ਵਿਰੁਧ ਨਹੀਂ। ਜ਼ੋਰ, ਜ਼ਬਰਦਸਤ, ਮੇਜ਼, ਚੀਜ਼, ਕਾਗਜ਼, ਯਾਦ, ਸ਼ਹਿਰ ਆਦਿ, ਸ਼ਬਦਾਂ ਨੂੰ ਇਹ ਇਨ੍ਹਾਂ ਦੇ ਤਤਸਮ ਰੂਪ ਵਿਚ ਵਰਤਣ ਤੋਂ ਨਾ ਕੇਵਲ ਸੰਕੋਚ ਹੀ ਨਹੀਂ ਕਰਦੇ, ਸਗੋਂ ਇਨ੍ਹਾਂ ਦੇ ਪੁਰਾਣੇ ਤਦਭਵ ਰੂਪਾਂ (ਜੋਰ, ਜਬਰਦਸਤ, ਮੇਜ [ਮੇਚ], ਚੀਜ, ਕਾਗਦ, ਜਾਦ) ਦੀ ਵਰਤੋਂ ਨੂੰ ਅਜਾਉ ਸਮਝਦੇ ਹਨ।

3. ਕੁਝ ਅਜੇਹੇ ਸ਼ਬਦ ਹਨ ਜਿਨ੍ਹਾਂ ਨੂੰ ਪਹਿਲਾਂ ਵਿਦਿਆ ਦੀ ਘਾਟ ਕਾਰਣ ਸਿਧੇ-ਪਧਰੇ ਜੇਹੇ ਰੂਪ ਵਿਚ ਹੀ ਲਿਖ ਲਿਆ ਜਾਂਦਾ ਸੀ, ਪਰ ਹੁਣ ਉਨ੍ਹਾਂ ਨੂੰ ਸ਼ੁਧ ਤਤਸਮ ਰੂਪ ਵਿਚ ਲਿਖਿਆ ਜਾਣ ਲਗ ਪਿਆ ਹੈ। ਪਤਾ ਨਹੀਂ ਇਹ ਸਜਨ ਇਨ੍ਹਾਂ ਦੀ ਸ਼ੁਧ ਵਰਤੋਂ ਤੋਂ ਕਿਉਂ ਚਿੜਦੇ ਹਨ। ਇਨ੍ਹਾਂ ਸ਼ਬਦਾਂ ਦੀ ਇਕ ਵਡੀ ਸ਼੍ਰੇਣੀ ਵਿਸ਼ੇਸਣਾਂ ਦੀ ਹੈ। ਬਹੁਤ ਲਿਖਾਰੀਆਂ ਦਾ ਨਿਯਮ ਹੈ ਕਿ ਉਹ ਕ-ਅੰਤ ਵਾਲੇ ਵਿਸ਼ੇਸਣ ਵਿਚ ਕ ਤੋਂ ਪਹਿਲੇ ਵਰਣ ਅੱਗੇ ਸਿਹਾਰੀ ਲਗਾ ਦੇਂਦੇ ਹਨ, ਜੇ ਇਨ੍ਹਾਂ ਵਿਚ ਪਹਿਲੇ ਵਰਣ ਦੀ ਲਘੂ ਮਾਤ੍ਰਾ ਦੀਰਘ ਹੋ ਗਈ ਹੋਵੇ, ਅਰਥਾਤ ਜੇ

ਵਿਰਧੀ ਹੋ ਗਈ ਹੋਵੇ । ਕੁਝ ਅਜੇਹੇ ਸ਼ਬਦ ਹਨ : ਧਾਰਮਿਕ, ਆਰਥਿਕ, ਹਾਰਦਿਕ, ਵਾਰਸ਼ਿਕ । ਇਹ ਲਿਖਾਰੀ ਕ ਤੋਂ ਪਹਲੇ ਵਰਣ ਨੂੰ ਸਿਹਾਰੀ ਲਗਾਣ ਤੋਂ ਸੰਕੋਚ ਕਰਦੇ ਹਨ, ਜੇ ਸ਼ਬਦ ਵਿਚ ਪਹਲਾਂ ਹੀ ਇਕ ਲੰਮੀ ਮਾਤ੍ਰਾ ਆ ਗਈ ਹੋਵੇ, ਜਿਵੇਂ, ਇਤਿਹਾਸਕ, ਵਿਵਹਾਰਕ, ਪ੍ਰਭਾਵਕ ਆਦਿ ।

ਇਸ ਦੇ ਉਲਟ ਪੰਜਾਬੀ ਵਿਭਾਗ ਦਾ ਵਿਵਹਾਰ ਕਿਧਰੇ ਵੀ ਇਹ ਸਿਹਾਰੀ ਨਾ ਲਗਾਣ ਦਾ ਸੀ । ਪਰ ਇਸ ਨਾਲ ਧਾਰਮਿਕ, ਆਰਥਿਕ, ਆਦਿ, ਸ਼ਬਦਾਂ ਨੂੰ ਧਾਰਮਕ, ਆਰਥਕ, ਆਦਿ, ਲਿਖਣ ਲਈ ਕੋਈ ਯੋਗ ਕਾਰਣ ਨਹੀਂ ਬਣਦਾ ਸੀ । ਉਨ੍ਹਾਂ ਦੇ ਵਿਵਹਾਰ ਨੂੰ ਨਿਯਮਕ ਬਣਾਣ ਲਈ ਤਾਂ ਇਨ੍ਹਾਂ ਸ਼ਬਦਾਂ ਨੂੰ ਵੀ ਧਰਮਕ, ਅਰਥਕ, ਆਦਿ, ਲਿਖਣਾ ਚਾਹੀਦਾ ਸੀ ।

ਦੂਜੇ ਪਾਸੇ ਪੰਜਾਬੀ ਯੂਨੀਵਰਸਿਟੀ ਅਜੇਹੇ ਵਿਸ਼ੇਸ਼ਣਾਂ ਵਿਚ ਸਿਹਾਰੀ ਦੀ ਵਰਤੋਂ ਕਰਦੀ ਹੈ ਜਿਵੇਂ ਇਤਿਹਾਸਿਕ, ਵਿਵਹਾਰਿਕ ਆਦਿ । ਇਹ ਵਰਤੋਂ ਵੀ ਬੇਨਿਯਮੀ ਹੈ, ਭਾਵੇਂ ਪਹਲੀ ਜਿਤਨੀ ਅਨਰਥਕ ਨਹੀਂ ।

ਇਸੇ ਤਰ੍ਹਾਂ ਹੁਣ ਸੰਸਕ੍ਰਿਤ ਵਿਚੋਂ ਬਹੁਤ ਤਧਿਤਾਂ ਨੂੰ ਪ੍ਰਵਿਸ਼ਟ ਕੀਤਾ ਜਾ ਰਿਹਾ ਹੈ । ਇਥੇ ਵੀ ਸ਼ਬਦ ਦੇ ਅੰਤਿਮ ਤੋਂ ਪਹਲੇ ਵਰਣ ਨੂੰ ਸਿਹਾਰੀ ਲਗਾਣਾ ਵਿਆਕਰਣ ਦਾ ਨਿਯਮ ਹੈ । ਬਹੁਤੇ ਪੰਜਾਬੀ ਲੇਖਕਾਂ ਨੂੰ ਇਹ ਗਿਆਨ ਨਹੀਂ ਤੇ ਉਹ ਸਿਹਾਰੀ ਨਹੀਂ ਲਗਾਂਦੇ, ਤੇ ਇਸ ਖੁਲ ਜਾਂ ਊਣਤਾਈ ਨੂੰ ਉਹ ਆਪਣਾ ਅਧਿਕਾਰ ਸਮਝੀ ਬੈਠੇ ਹਨ ।

ਇਹ ਉਪਰੋਕਤ ਪ੍ਰਕਰਣ ਸ਼ਬਦਾਵਲੀ ਤੋਂ ਉਪਰੰਤ ਸ਼ਬਦ ਜੋੜਾਂ ਦੀ ਸਮਸਿਆ ਦੇ ਪ੍ਰਕਰਣ ਹਨ । ਇਸ ਲਈ ਇਥੇ ਸ਼ਬਦ-ਜੋੜਾਂ ਦੇ ਦੋ ਹੋਰ ਮਾਮਲੇ ਵੀ ਵਿਚਾਰ ਅਧੀਨ ਲੈ ਲੈਣੇ ਚਾਹੀਦੇ ਹਨ । ਬਹੁਤਾ ਮਤਭੇਦ ਗਿਆ/ਗਇਆ, ਪਿਆ/ਪਇਆ ਦੇ ਰੂਪਾਂ ਬਾਰੇ ਹੈ । ਪਹਲੇ ਗਿਆ ਆਦਿ ਰੂਪ ਪ੍ਰਚਲਿਤ ਹਨ, ਤੇ ਦੂਜੇ ਅਪਭ੍ਰੰਸ਼ ਬਣਤਰ ਦੇ ਵਧੇਰੇ ਅਨੁਕੂਲ । ਇਨ੍ਹਾਂ ਦੋਹਾਂ ਵਿਚ ਮੇਰੀ ਰੁਚੀ ਬਹੁਤੀ ਪਹਲੇ ਰੂਪ, ਗਿਆ, ਆਦਿ, ਵਲ ਹੈ, ਕਿਉਂਕਿ ਜਿਸ ਅਪਭਰੰਸ਼ ਨਿਯਮ ਅਨੁਸਾਰ 'ਗਤ' ਤੋਂ 'ਗਇਆ' ਬਣਿਆ ਹੈ । ਉਸੇ ਨਿਯਮ ਨੂੰ ਹੋਰ ਅੱਗੇ ਲੈ ਜਾ ਕੇ 'ਗਇ' ਦਾ 'ਗਿ' ਵੀ ਬਣ ਸਕਦਾ ਹੈ ।

ਦੂਜਾ ਮਾਮਲਾ ਮਧ ਵਿਚਕਾਰਲੇ ਹ ਅਗੇ ਸਿਹਾਰੀ ਲਗਾਣ ਜਾਂ ਨਾ ਲਗਾਣ ਦਾ ਹੈ, ਜਿਵੇਂ, ਸ਼ਹਰ/ਸ਼ਹਿਰ. ਲਹਰ/ਲਹਿਰ । ਇਥੇ ਮੇਰੀ ਰਾਇ ਵਿਚ ਸਿਹਾਰੀ ਰਹਿਤ ਰੂਪ ਅਪਣਾ ਲੈਣਾ ਚਾਹੀਦਾ ਹੈ । ਇਕ ਤਾਂ ਇਹ ਮੂਲ-ਭਾਸ਼ਾ ਦੇ ਸ਼ਬਦ-ਜੋੜਾਂ ਦੇ ਅਨੁਸਾਰ ਹੈ, ਤੇ ਦੂਜਾ ਇਸ ਵਿਚ ਇਕ ਬਚਤ ਵੀ ਹੁੰਦੀ ਹੈ । ਐਵੇਂ ਖਾਹਮਖਾਹ ਕਿਉਂ ਇਕ ਸਿਹਾਰੀ ਦੀ ਵਰਤੋਂ ਵਧਾ ਲਈ ਜਾਵੇ ? ਹਾਂ ਰਹਿੰਦਾ/ਰਹੰਦਾ ਰੂਪਾਂ ਵਿਚੋਂ ਸਪਸ਼ਟਤਾ ਦੀ ਖਾਤਿਰ 'ਰਹਿੰਦਾ' ਰੂਪ ਹੀ ਪ੍ਰਵਾਨ ਕਰ ਲੈਣਾ ਚਾਹੀਦਾ ਹੈ ।

ਇਸੇ ਪ੍ਰਕਰਣ ਵਿਚ ਸੰਸਕ੍ਰਿਤ ਪ੍ਰਤਿਐ 'ਸਹ' ਦੀ ਗੱਲ ਆ ਜਾਂਦੀ ਹੈ । ਪੰਜਾਬੀ ਲਿਖਤ ਵਿਚ ਹੁਣ ਤਕ ਸਾਧਾਰਣ ਬੋਲਚਾਲ ਦੇ ਮਗਰ ਲਗ ਕੇ 'ਸਹ' ਦੇ 'ਹ' ਨੂੰ ਸਿਹਾਰੀ ਲਗਾਣ ਦਾ ਰਿਵਾਜ ਹੈ । ਪਰ ਇਹ ਇਕ ਵਿਆਕਰਣਕ ਭੁਲ ਹੈ, ਤੇ ਇਸ ਨੂੰ ਦੂਰ ਕਰ ਲੈਣ ਵਿਚ ਕੋਈ ਮੇਹਣਾ ਨਹੀਂ । ਨਾਲੇ ਇਸ ਵਿਚ ਵੀ ਇਕ ਸਿਹਾਰੀ ਦੀ ਬਚਤ ਕਿਉਂ ਨਾ ਕੀਤੀ ਜਾਵੇ ?

ਇਕ ਹੋਰ ਗਲ 'ਪ੍ਰ', 'ਪਰਿ' ਤੇ 'ਪਰ' ਪ੍ਰਤਿਆਵਾਂ ਦੀ ਵਰਤੋਂ ਹੈ। ਹੁਣ ਤਕ ਪੰਜਾਬੀ ਲਿਖਤ ਦਾ ਖੇਤਰ ਕੁਝ ਸੌੜਾ ਰਿਹਾ ਹੈ, ਤੇ ਇਸ ਵਿਚ ਲਿਖਣ ਵਾਲੇ ਬਹੁਤੇ ਪੜ੍ਹੇ ਲਿਖੇ ਨਹੀਂ ਹੁੰਦੇ ਸਨ। ਇਸ ਲਈ ਉਹ ਇਨ੍ਹਾਂ ਤਿੰਨਾਂ ਪ੍ਰਤਿਆਵਾਂ ਨੂੰ 'ਪਰ' ਦਾ ਰੂਪ ਦੇ ਦੇਂਦੇ ਸਨ। ਇਥੇ ਫਿਰ ਮੇਰੀ ਬੇਨਤੀ ਹੈ ਕਿ ਇਕ ਭੁੱਲ ਨੂੰ ਦੂਰ ਕਰ ਲੈਣਾ ਬੁਰੀ ਗੱਲ ਨਹੀਂ, ਖਾਸ ਕਰਕੇ ਹੁਣ ਜਦੋਂ ਪੰਜਾਬੀਆਂ ਵਿਚ ਸੰਸਕ੍ਰਿਤ ਦਾ ਗਿਆਨ ਵਧ ਰਿਹਾ ਹੈ। 'ਪ੍ਰਵਾਨ', 'ਪ੍ਰਧਾਨ', ਆਦਿ, ਸ਼ਬਦਾਂ ਨੂੰ 'ਪਰਵਾਨ', 'ਪਰਧਾਨ', ਰੂਪਾਂ ਵਿਚ ਲਿਖਣ ਵਿਚ ਕੋਈ ਵਡਿਆਈ ਨਹੀਂ। ਜੇ ਸਾਧਾਰਣ ਬੋਲ-ਚਾਲ ਮਗਰ ਵੀ ਜਾਈਏ, ਤਾਂ ਇਹ ਠੀਕ ਨਹੀਂ ਕਿ ਅਸੀਂ 'ਪਰਵਾਨ' ਨੂੰ 'ਪਰ-ਵਾਨ' ਕਰ ਕੇ ਬੋਲਦੇ ਹਾਂ। ਅਸੀਂ 'ਰ' ਨੂੰ ਸਹਜੇ ਹੀ 'ਪ' ਜਾਂ 'ਵ' ਵਿਚ ਮਿਲਾ ਦੇਂਦੇ ਹਨ।

ਇਸੇ ਤਰ੍ਹਾਂ 'ਪਰਿਵਾਰ', 'ਪਰਿਣਾਮ', ਆਦਿ, ਸ਼ਬਦਾਂ ਵਿਚ 'ਰ' ਨੂੰ ਸਿਹਾਰੀ ਨਾ ਲਗਾਣੀ ਵਿਆਕਰਣਕ ਭੁੱਲ ਹੈ।

'ਪਰ' ਪ੍ਰਤਿਐ ਦੇ ਅਰਥ 'ਉਪਰ' ਜਾਂ 'ਪਰਾਏ' ਦੇ ਹਨ, ਤੇ 'ਪਰਦੇਸ', 'ਪਰਲੋਕ' ਆਦਿ, ਸ਼ਬਦਾਂ ਵਿਚ ਇਹ ਪ੍ਰਤਿਐ ਵਰਤਣਾ ਹੀ ਯੋਗ ਹੈ।

---


## ਸੰਤ ਸਿੰਘ ਸੇਖੋਂ

ਦਾ ਨਵਾਂ ਨਾਟਕ

## ਸਿਆਲਾਂ ਦੀ ਨੱਢੀ

ਹੀਰ ਰਾਂਝੇ ਦੀ ਪ੍ਰੇਮ-ਕਥਾ ਨੂੰ ਸਾਡੇ ਕਵੀਆਂ ਅਤੇ ਕਥਾਕਾਰਾਂ ਨੇ ਹੁਣ ਤੱਕ ਆਦਰਸ਼ਕ ਅਤੇ ਰੁਮਾਂਚਿਕ ਰੂਪ ਵਿਚ ਹੀ ਬਿਆਨ ਕੀਤਾ ਹੈ। ਸੰਤ ਸਿੰਘ ਸੇਖੋਂ ਦਾ ਇਹ ਨਾਟਕ ਪੰਜਾਬ ਦੀ ਇਸ ਲੋਕ—ਗਾਥਾ ਨੂੰ ਯਥਾਰਥਕ ਰੂਪ ਵਿਚ ਪ੍ਰਸਤੁਤ ਕਰਕੇ ਨਵੇਂ ਸਮਾਜਕ ਅਰਥ ਪ੍ਰਦਾਨ ਕਰਦਾ ਹੈ।

ਪ੍ਰਕਾਸ਼ਕ : ਲਾਹੌਰ ਬੁਕ ਸ਼ਾਪ, ਲੁਧਿਆਣਾ।

## ਪੰਜਾਬੀ ਭਾਸ਼ਾ ਦੀ ਸਮਸਿਆ / ਹਰਕਿਸ਼ਨ ਸਿੰਘ ਸੁਰਜੀਤ

ਸਾਡੇ ਸਾਹਮਣੇ ਵਿਚਾਰ ਗੋਚਰੇ ਸਵਾਲਾਂ ਵਿਚ ਜਾਣ ਤੋਂ ਪਹਿਲਾਂ ਇਹ ਸਮਝਣਾ ਜ਼ਰੂਰੀ ਹੈ ਕਿ ਬੋਲੀ ਕਿਵੇਂ ਹੋਂਦ ਵਿਚ ਆਈ, ਇਸ ਦਾ ਰੋਲ ਕੀ ਹੈ, ਅਤੇ ਇਹ ਕਿਵੇਂ ਤਰੱਕੀ ਕਰਦੀ ਹੈ ?

ਇਸ ਸਬੰਧ ਵਿਚ ਸਾਥੀ ਸਤਾਲਿਨ ਨੇ ਆਪਣੇ ਕਤਾਬਚੇ "ਬੋਲੀਆਂ ਵਿਚ ਮਾਰਕਸਵਾਦ ਦੇ ਸਬੰਧ ਵਿਚ" ਇਉਂ ਲਿਖਿਆ ਹੈ :

"ਇਤਿਹਾਸ ਗਵਾਹ ਹੈ ਕਿ ਭਾਸ਼ਾਵਾਂ ਵਿਚ ਬੜੀ ਸਥਿਰਤਾ ਹੁੰਦੀ ਹੈ ਅਤੇ ਇਹ ਜਬਰੀ ਰਚਣ ਦਾ ਮੁਕਾਬਲਾ ਕਰਨ ਦੀ ਮਹਾਨ ਸ਼ਕਤੀ ਰਖਦੀਆਂ ਹਨ। ਕੁਝ ਇਤਿਹਾਸਕਾਰ, ਇਸ ਪ੍ਰਤੱਖ ਹਕੀਕਤ ਦੀ ਵਿਆਖਿਆ ਕਰਨ ਦੀ ਥਾਂ ਇਸ ਉਤੇ ਹੈਰਾਨ ਹਣ ਤੱਕ ਹੀ ਆਪਣੇ ਆਪ ਨੂੰ ਸੀਮਤ ਕਰ ਲੈਂਦੇ ਹਨ। ਪਰ ਜੋ ਕੁਝ ਵੀ ਸਾਹਮਣੇ ਹੈ ਉਸ ਬਾਰੇ ਹੈਰਾਨ ਹੋਣ ਦਾ ਕੋਈ ਕਾਰਨ ਨਹੀਂ। ਭਾਸ਼ਾਵਾਂ ਆਪਣੀ ਵਿਆਕਰਣ ਪ੍ਰਣਾਲੀ ਅਤੇ ਮੁਢਲੇ ਸ਼ਬਦ ਭੰਡਾਰਾਂ ਦੀ ਸਥਿਰਤਾ ਵਿਚੋਂ ਆਪਣੀ ਸਥਿਰਤਾ ਹਾਸਲ ਕਰਦੀਆਂ ਹਨ। ਤੁਰਕੀ ਬੋਲੀ ਦੇ ਜੱਫਾ ਮਾਰੂਆਂ ਨੇ ਬਲਕਾਨ ਲੋਕਾਂ ਦੀ ਭਾਸ਼ਾ ਨੂੰ ਤਬਾਹ ਕਰਨ,ਮਿਟਾਉਣ ਦੇ ਸੈਂਕੜੇ ਸਾਲ ਯਤਨ ਕੀਤੇ। ਇਸ ਸਮੇਂ ਦੇ ਦੌਰਾਨ ਬਲਕਾਨ ਭਾਸ਼ਾਵਾਂ ਦਾ ਸ਼ਬਦ ਭੰਡਾਰ ਕੁਝ ਹੱਦ ਤੱਕ ਤਬਦੀਲ ਹੋਇਆ: ਕੁਝ ਕੁ ਤੁਰਕੀ ਸ਼ਬਦ ਤੇ ਉਹਨਾਂ ਦੇ ਉਚਾਰਨ ਇਸ ਵਿਚ ਜਜ਼ਬ ਹੋਏ; ਪਰ ਇਸ ਸਭ ਕੁਝ ਦੇ ਬਾਵਜੂਦ ਬਲਕਾਨ ਭਾਸ਼ਾਵਾਂ ਦੀ ਬੁਨਿਆਦ ਓਸੇ ਰੂਪ ਵਿਚ ਕਾਇਮ ਰਹੀ ਅਤੇ ਇਹ ਵਧੀਆ ਫੁਲੀਆਂ। ਕਿਉਂ ? ਇਸ ਲਈ ਕਿ ਇਹਨਾਂ ਦੀ ਵਿਆਕਰਣ ਪ੍ਰਣਾਲੀ ਅਤੇ ਮਢਲਾ ਸ਼ਬਦ ਭੰਡਾਰ ਮੁਖ ਤੌਰ 'ਤੇ ਕਾਇਮ ਰਿਹਾ।"

ਇਸ ਸਭ ਕੁਝ ਵਿਚੋਂ ਇਹ ਗੱਲ ਪਰਗਟ ਹੁੰਦੀ ਹੈ ਕਿ ਕਿਸੇ ਭਾਸ਼ਾ ਅਤੇ ਇਸ ਦੇ ਢਾਂਚੇ ਨੂੰ ਕਿਸੇ ਇਕ ਦੌਰ ਦੀ ਪੈਦਾਵਾਰ ਖਿਆਲ ਨਹੀਂ ਕੀਤਾ ਜਾ ਸਕਦਾ। ਕਿਸੇ ਭਾਸ਼ਾ ਦਾ ਢਾਂਚਾ, ਉਸ ਦੀ ਵਿਆਕਰਣ ਪ੍ਰਣਾਲੀ ਅਤੇ ਮੁਢੱਲਾ ਸ਼ਬਦ ਭੰਡਾਰ ਬਹੁਤ ਸਾਰੇ ਦੌਰਾਂ ਦੀ ਪੈਦਾਵਾਰ ਹਨ।

ਅਸੀਂ ਇਹ ਖਿਆਲ ਕਰ ਸਕਦੇ ਹਾਂ ਕਿ ਨਵੀਨ ਭਾਸ਼ਾ ਦੀਆਂ ਮੁਢਲੀਆਂ ਗੱਲਾਂ, ਗੁਲਾਮੀ ਦੇ ਦੌਰ ਤੋਂ ਪਹਿਲਾਂ, ਪ੍ਰਾਚੀਨ ਕਾਲ ਵਿਚ, ਪਹਿਲਾਂ ਹੀ ਮੌਜੂਦ ਸਨ। ਇਹ ਬਹੁਤ ਹੀ ਸਾਦਾ ਭਾਸ਼ਾ ਸੀ, ਜਿਸ ਦਾ ਕਿ ਬਹੁਤ ਹੀ ਸੀਮਤ ਸ਼ਬਦ ਭੰਡਾਰ ਸੀ ਪਰ ਇਸ ਦੀ ਵਿਆਕਰਣ ਪ੍ਰਣਾਲੀ ਸੀ, ਭਾਵੇਂ ਕਿ ਇਹ ਅਨਘੜਤ ਸੀ—ਪਰ ਵਿਆਕਰਣ ਪ੍ਰਬੰਧ ਫੇਰ ਵੀ ਸੀ।

ਪੈਦਾਵਾਰ ਦੀ ਉਨਤੀ ਦਾ ਹੋਰ ਅਗੇ ਵਧਣਾ-ਜਮਾਤਾਂ ਦਾ ਹੋਂਦ ਵਿਚ ਆਉਣਾ, ਲਿਖਣ ਢੰਗ ਦਾ ਚਾਲੂ ਹੋਣਾ, ਰਾਜ ਦਾ ਤਰੱਕੀ ਕਰਨਾ; ਜਿਸ ਲਈ ਕਿ ਆਪਣੇ ਰਾਜ ਪ੍ਰਬੰਧ

ਲਈ ਘਟ ਵਧ ਚੰਗੀ ਤਰਤੀਬ ਵਾਲਾ ਚਿੱਠੀ ਪੱਤਰ ਲਾਜ਼ਮੀ ਹੈ, ਵਪਾਰ ਦੀ ਉਨਤੀ; ਜਿਸ ਲਈ ਕਿ ਹੋਰ ਵੀ ਬਣਿਆਂ ਠਣਿਆ ਚਿੱਠੀ ਪੱਤਰ ਲਾਜ਼ਮੀ ਹੈ, ਪ੍ਰਿੰਟਿੰਗ ਪ੍ਰੈਸਾਂ ਦਾ ਹੋਂਦ ਵਿਚ ਆਉਣਾ, ਸਾਹਿਤ ਦੀ ਉਨਤੀ—ਇਹ ਸਭ ਕੁਝ ਭਾਸ਼ਾ ਦੀ ਉਨਤੀ ਵਿਚ ਵੱਡੀ ਤਬਦੀਲੀ ਦਾ ਕਾਰਨ ਬਣਦੇ ਹਨ। ਇਸ ਸਮੇਂ ਵਿਚ ਕਬੀਲੇ ਅਤੇ ਕੌਮੀਅਤਾਂ ਟੁੱਟੀਆਂ ਭੱਜੀਆਂ ਤੇ ਖਿਲਰ ਗਈਆਂ, ਰਲ ਗੱਲ ਹੋਈਆਂ ਅਤੇ ਇਹਨਾਂ ਦਾ ਇਕ ਦੂਜੀ ਉਤੇ ਪ੍ਰਭਾਵ ਪਿਆ ਇਸ ਪਿਛੋਂ ਕੌਮੀ ਭਾਸ਼ਾਵਾਂ ਅਤੇ ਰਾਜ ਹੋਂਦ ਵਿਚ ਆਏ, ਇਨਕਲਾਬ ਹੋਏ ਅਤੇ ਪੁਰਾਣੇ ਸਮਾਜੀ ਪ੍ਰਬੰਧ ਦੀ ਥਾਂ ਨਵਾਂ ਪ੍ਰਬੰਧ ਕਾਇਮ ਹੋਇਆ। ਇਸ ਸਭ ਕੁਝ ਨਾਲ ਭਾਸ਼ਾ ਵਿਚ ਮਹਾਨ ਤਬਦਲੀਆਂ ਆਈਆਂ ਅਤੇ ਇਹ ਹੋਰ ਵੀ ਉਨਤ ਹੋਈ।

ਕੁਝ ਵੀ ਹੋਵੇ, ਇਹ ਖਿਆਲ ਕਰਨਾ ਕਿ ਉਤਲੀ ਉਸਾਰੀ, ਜੋ ਹੋਂਦ ਰੱਖਦੀ ਹੈ, ਉਸ ਦੀ ਤਬਾਹੀ ਅਤੇ ਕਿਸੇ ਨਵੀਂ ਦੀ ਉਸਾਰੀ ਦੀ ਉਨਤੀ ਦੇ ਦੌਰਾਨ ਭਾਸ਼ਾ ਉਨਤੀ ਕਰਦੀ ਹੈ ਗੰਭੀਰ ਗਲਤੀ ਕਰਨਾ ਹੋਵੇਗਾ। ਦਰਅਸਲ ਹਕੀਕਤ ਇਹ ਹੈ ਕਿ ਭਾਸ਼ਾਵਾਂ, ਹੋਂਦ ਰਖਦੀਆਂ ਭਾਸ਼ਾਵਾਂ ਦੇ ਖਾਤਮੇ ਅਤੇ ਇਸ ਦੀ ਥਾਂ ਨਵੀਆਂ ਦੀ ਪੈਦਾਇਸ਼ ਨਾਲ ਉੱਨਤੀ ਨਹੀਂ ਕਰਦੀਆਂ ਸਗੋਂ ਇਹ ਹੋਂਦ ਰਖਦੀਆਂ ਭਾਸ਼ਾਵਾਂ ਦੇ ਮੁਢਲੇ ਤੱਤਾਂ ਨੂੰ ਵਿਸ਼ਾਲ ਰੂਪ ਦੇਣ ਅਤੇ ਬਿਹਤਰ ਬਣਾਉਣ ਨਾਲ ਉੱਨਤੀ ਕਰਦੀਆਂ ਹਨ। ਭਾਸ਼ਾ ਦੀ ਕਿਸੇ ਇਕ ਗੁਣ ਵਿਚੋਂ ਦੂਜੇ ਵਿਚ ਤਬਦੀਲੀ ਕਿਸੇ ਧਮਾਕੇ ਦੀ ਸ਼ਕਲ ਵਿਚ ਨਹੀਂ ਹੁੰਦੀ, ਨਾ ਹੀ ਪੁਰਾਣੀ ਨੂੰ ਖਤਮ ਕਰਕੇ ਅਤੇ ਨਵੀਂ ਦੀ ਸਿਰਜਣਾ ਕਰਕੇ ਸਗੋਂ ਨਵੇਂ ਗੁਣਾਂ ਤੇ ਤੱਤਾਂ ਨੂੰ, ਨਵੇਂ ਭਾਸ਼ਾਈ ਢਾਂਚੇ ਨੂੰ ਸਹਿਜੇ ਸਹਿਜੇ ਲੰਮੇਂ ਸਮੇਂ ਵਿਚ ਆਪਣੇ ਵਿਚ ਸਮੋਕੇ।

ਏਸੇ ਤਰ੍ਹਾਂ ਭਾਸ਼ਾ ਦੇ ਰੋਲ ਬਾਰੇ ਸਾਥੀ ਲੈਨਿਨ ਨੇ ਲਿਖਿਆ ਹੈ :

"ਭਾਸ਼ਾ ਮਨੁਖੀ ਮੇਲ ਜੋਲ ਦਾ ਅਤਿਅੰਤ ਮਹਤੱਵ-ਪੂਰਨ ਸਾਧਨ ਹੈ। ਭਾਸ਼ਾ ਦੀ ਏਕਤਾ ਅਤੇ ਇਸ ਦਾ ਬੇਰੋਕ ਵਿਕਾਸ ਆਧੁਨਿਕ ਪੂੰਜੀਵਾਦ ਦੀ ਪੱਧਰ ਅਨੁਸਾਰ ਹਕੀਕੀ ਆਜ਼ਾਦ ਵਿਸਤ੍ਰਿਤ ਵਿਉਪਾਰਕ ਮੇਲ ਜੋਲ ਲਈ, ਆਪਣੀਆਂ ਵਿਭੰਨ ਸ਼ਰੇਣੀਆਂ ਸਹਿਤ ਵਸੋਂ ਦੀ ਆਜ਼ਾਦ ਤੇ ਵਿਸ਼ਾਲ ਕਤਾਰ ਬੰਦੀ ਵਾਸਤੇ ਅਤਿਅੰਤ ਮਹੱਤਵ ਪੂਰਣ ਸ਼ਰਤਾਂ ਹਨ।"

ਇਹਨਾਂ ਹਵਾਲਿਆਂ ਤੋਂ ਭਾਸ਼ਾ ਦੇ ਰੋਲ ਅਤੇ ਤਰੱਕੀ ਬਾਰੇ ਵਿਗਿਆਨਕ ਪੱਖ ਸਪਸ਼ਟ ਹੋ ਜਾਂਦਾ ਹੈ। ਇਹ ਹਵਾਲੇ ਸਪਸ਼ਟ ਕਰ ਦਿੰਦੇ ਹਨ ਕਿ ਭਾਸ਼ਾ ਸਮਾਜ ਦੇ ਵਿਕਾਸ ਦੇ ਕਿਸੇ ਇਕ ਦੌਰ ਦੀ ਪੈਦਾਵਾਰ ਨਹੀਂ ਸਗੋਂ ਸਾਰੇ ਦੌਰਾਂ ਦੀ ਪੈਦਾਵਾਰ ਹੈ ਜਿੰਨ੍ਹਾਂ ਵਿਚ ਇਹ ਹੋਂਦ ਵਿਚ ਆਉਂਦੀ ਹੈ, ਉਨਤੀ ਕਰਦੀ ਹੈ ਅਤੇ ਅਮੀਰ ਹੁੰਦੀ ਹੈ। ਇਸ ਲਈ ਬੋਲੀ ਸਮਾਜੀ ਬੁਨਿਆਦ ਤੇ ਢਾਂਚੇ ਨਾਲੋਂ ਲੰਮੇ ਸਮੇਂ ਲਈ ਕਾਇਮ ਰਹਿੰਦੀ ਹੈ ਅਤੇ ਇਹ ਸਮਾਜ ਦੀ ਤਬਦੀਲੀ ਨਾਲ ਬਦਲਦੀ ਨਹੀਂ। ਭਾਸ਼ਾ ਦਾ ਸਬੰਧ ਸਿੱਧੇ ਤੌਰ ਤੇ ਮਨੁਖ ਦੀ ਪੈਦਾਵਾਰੀ ਸਰਗਰਮੀ ਅਤੇ ਹੋਰ ਸਾਰਿਆਂ ਖੇਤਰਾਂ ਵਿਚ ਉਸ ਦੀਆਂ ਸਾਰੀਆਂ ਸਰਗਰਮੀਆਂ ਨਾਲ ਹੈ। ਜੇ ਕਰ ਪੈਦਾਵਾਰ ਦੇ ਸਾਧਨਾਂ ਵਿਚ ਕੋਈ ਤਬਦੀਲੀ ਆਉਂਦੀ ਹੈ ਉਸ ਦਾ ਬੋਲੀ ਵਿਚ ਝਟ ਪਟ ਜ਼ਾਹਿਰ ਹੋਣਾ ਅਵੱਸ਼ ਹੈ। ਸਾਇੰਸ ਜਾਂ ਟੈਕਨੀਕ ਲਈ ਤਰੱਕੀ ਬੋਲੀ ਦੇ ਰੂਪ ਵਿਚ ਹੋਣੀ ਜ਼ਰੂਰੀ ਹੈ। ਏਸੇ ਤਰ੍ਹਾਂ ਹੋਰਨਾਂ ਮਨੁਖ ਦੇ ਦੂਸਰੇ ਸਬੰਧਾਂ ਦਾ ਵੀ ਇਸ ਵਿਚ ਹੋਣਾ ਜ਼ਰੂਰੀ ਹੈ। ਇਸ ਲਈ ਬੋਲੀ ਦਾ ਸ਼ਬਦ ਭੰਡਾਰ ਹਮੇਸ਼ਾ ਵਧਦਾ ਰਹਿੰਦਾ ਹੈ। ਸਨ-

ਅਤੀ ਤਰੱਕੀ ਦੀਆਂ ਲੋੜਾਂ, ਖੇਤੀ ਦੀ ਤਰੱਕੀ, ਵਪਾਰ, ਟਰਾਂਸਪੋਰਟ ਦੀ ਤਰੱਕੀ, ਟੈਕਨਾਲੋਜੀ ਅਤੇ ਸਾਇੰਸ ਦੀ ਤਰੱਕੀ ਇਸ ਗੱਲ ਦੀ ਮੰਗ ਕਰਦੀ ਰਹਿੰਦੀ ਹੈ ਕਿ ਬੋਲੀ ਆਪਣੇ ਸ਼ਬਦ ਭੰਡਾਰ ਵਿਚ ਨਵੇਂ ਤੋਂ ਨਵਾਂ ਵਾਧਾ ਕਰੇ, ਜਿਸ ਨਾਲ ਉਹ ਸਰਬ-ਪੱਖੀ ਉਨਤੀ ਦੀਆਂ ਲੋੜਾਂ ਪੂਰੀਆਂ ਕਰ ਸਕੇ।

ਅਜ ਪੰਜਾਬੀ ਬੋਲੀ ਦੀਆਂ ਵੀ ਏਹੋ ਲੋੜਾਂ ਹਨ। ਇਹਨਾਂ ਲੋੜਾਂ ਨੂੰ ਪੂਰਾ ਕਰਨ ਵਿਚ ਝਗੜਾ ਇਹ ਪੈਦਾ ਹੁੰਦਾ ਹੈ ਕਿ ਜਿਥੇ ਪੈਦਾਵਾਰ ਵਿਚ ਜੁਟੇ ਹੋਏ ਆਮ ਲੋਕ ਬੋਲੀ ਨੂੰ ਨਵੇਂ ਨਵੇਂ ਸ਼ਬਦ ਦਿੰਦੇ ਹਨ, ਖਾਸ ਮੁਹਾਵਰੇ ਬਖਸ਼ਦੇ ਹਨ ਜਾਂ ਉਚਾਰਨ ਦਿੰਦੇ ਹਨ ਉਥੇ ਹਾਕਮ ਜਮਾਤਾਂ ਦਾ ਜਾਂ ਰੱਜੇ ਪੁਜੇ ਲੋਕਾਂ ਦਾ ਉਪਰਲਾ ਤਬਕਾ ਜਿਹੜਾ ਲੋਕਾਂ ਤੋਂ ਕੱਟਿਆ ਹੋਇਆ ਹੁੰਦਾ ਹੈ, ਅਥਵਾ ਸਰਮਾਏਦਾਰੀ ਦਾ ਉਪਰਲਾ ਤਬਕਾ, ਬੋਲੀ ਦੀ ਉਨਤੀ ਦੇ ਸਵਾਲ ਉਤੇ ਲੋਕਾਂ ਤੋਂ ਆਪਣੇ ਆਪ ਨੂੰ ਨਖੇੜਕੇ ਰਖਣਾ ਚ ਹੁੰਦਾ ਹੈ ਅਤੇ ਉਹ ਏਹੋ ਜੇਹੇ ਸ਼ਬਦ ਘੜਦਾ ਹੈ ਜਾ ਮੁਹਾਵਰੇ ਤਿਆਰ ਕਰਦਾ ਹੈ ਜਿਹੜੇ ਆਮ ਲੋਕਾਂ ਦੀ ਸਮਝ ਤੇ ਵਰਤੋਂ ਤੋਂ ਬਾਹਰ ਹੋਣ। ਅਤੇ ਅਜਿਹਾ ਕਰਕੇ ਉਹ ਆਪਣੇ ਵਲੋਂ ਬੋਲੀ ਵਿਦ ਦਾਖਲ ਕੀਤੇ ਹੋਏ ਅਜਿਹੇ ਸ਼ਬਦ ਭੰਡਾਰ ਤੇ ਮੁਹਾਵਰਿਆਂ ਨੂੰ ਪੜ੍ਹਿਆਂ ਲਿਖਿਆਂ ਦੀ ਬੋਲੀ ਦਾ ਨਾਂ ਦੇ ਕੇ ਬੋਲੀ ਦੇ ਅਸਲੀ ਸਰੂਪ ਤੋਂ ਵਖਰਿਆਉਣ ਦਾ ਯਤਨ ਕਰਦੇ ਹਨ। ਪਰ ਉਹਨਾਂ ਦੇ ਇਹ ਯਤਨ ਕਦੀ ਸਫਲ ਨਹੀਂ ਹੋ ਸਕਦੇ, ਕਿਉਂਕਿ ਉਹਨਾਂ ਦੇ ਘੜੇ ਹੋਏ ਉਚੇਚੇ ਸ਼ਬਦ ਜਾਂ ਮੁਹਾਵਰੇ ਨਾ ਤਾਂ ਸਮਾਜਕ ਤਰੱਕੀ ਦੀਆਂ ਉਪਰ ਦਸੀਆਂ ਲੋੜਾਂ ਨੂੰ ਪੂਰਿਆਂ ਕਰਦੇ ਹਨ ਅਤੇ ਨਾ ਹੀ ਲੋਕਾਂ ਦੇ ਆਪਸੀ ਸਬੰਧਾਂ ਵਿਚ ਮੇਲ ਮਿਲਾਪ ਵਧਾਉਣ ਦਾ ਕੰਮ ਦਿੰਦੇ ਹਨ। ਏਹੋ ਜੇਹੇ ਸ਼ਬਦ, ਮੁਹਾਵਰੇ ਤੇ ਉਚਾਰਨ ਉਪਰਲੇ ਤਬਕੇ ਦੇ ਚੰਦ ਲੋਕਾਂ ਤੱਕ ਸੀਮਤ ਰਹਿੰਦੇ ਹਨ ਅਤੇ ਉਹ ਆਮ ਲੋਕਾਂ ਦੀ ਵਰਤ ਵਰਤਾ ਦਾ ਸਾਧਨ ਨਹੀਂ ਬਣ ਸਕਦੇ। ਉਹਨਾਂ ਦਾ ਨਾ ਆਪਣਾ ਕੋਈ ਵਿਆਕਰਣ ਪ੍ਰਬੰਧ ਹੁੰਦਾ ਹੈ ਅਤੇ ਨਾ ਹੀ ਅੱਡਰਾ ਬੁਨਿਆਦੀ ਸ਼ਬਦ ਭੰਡਾਰ। ਅੰਤ ਵਿਚ ਅਜਿਹੇ ਯਤਨਾਂ ਦਾ ਫੇਲ੍ਹ ਹੋਣਾ ਅਵੱਸ਼ ਹੈ। ਏਸੇ ਤਰ੍ਹਾਂ ਜਿਹੜੇ ਲੋਕ ਅੱਜ ਪੰਜਾਬੀ ਬੋਲੀ ਵਿਚੋਂ ਆਪਣੀ ਮਨ-ਪਸੰਦ ਦੇ ਸ਼ਬਦ ਲਭਕੇ ਘੁਸੇੜਨ ਦਾ ਯਤਨ ਕਰਨਗੇ ਉਹ ਸਫਲ ਨਹੀਂ ਹੋ ਸਕਦੇ। ਪੰਜਾਬੀ ਬੋਲੀ ਵੀ ਉਹਨਾਂ ਬੋਲੀਆਂ ਵਿਚੋਂ ਹੈ ਜਿਸ ਦਾ ਆਪਣਾ ਬੁਨਿਆਦੀ ਸ਼ਬਦ ਭੰਡਾਰ ਮੌਜੂਦ ਹੈ ਅਤੇ ਜਿਸ ਦਾ ਆਪਣਾ ਵਿਆਕਰਣ ਹੈ। ਬੋਲੀ ਦੇ ਸਵਾਲ ਅਤੇ ਬੋਲੀ ਦੀ ਉਨਤੀ ਦੇ ਕਾਨੂੰਨਾਂ ਨੂੰ ਤਦ ਹੀ ਠੀਕ ਤਰ੍ਹਾਂ ਸਮਝਿਆ ਜਾ ਸਕਦਾ ਹੈ, ਜੇ ਕਰ ਉਹਨਾਂ ਦੇ ਇਤਿਹਾਸ ਨੂੰ ਜਾਂ ਸਮਾਜਕ ਉਨਤੀ ਨੂੰ ਠੀਕ ਤਰ੍ਹਾਂ ਸਮਝਿਆ ਜਾਵੇ, ਜਿਹੜੇ ਬੋਲੀ ਨੂੰ ਉਨਤ ਕਰਨ ਦਾ ਕਾਰਨ ਬਣਦੇ ਹਨ। ਆਖਰ ਬੋਲੀ ਦਾ ਰੋਲ ਕੀ ਹੈ? ਜਿਵੇਂ ਕਿ ਸਾਥੀ ਸਤਾਲਿਨ ਦੇ ਹਵਾਲੇ ਨਾਲ ਉਪਰ ਦਸਿਆ ਜਾ ਚੁਕਿਆ ਹੈ, ਬੋਲੀ ਇਕ ਅਜਿਹਾ ਸਾਧਨ ਹੈ ਜਿਸ ਦੀ ਮਦਦ ਨਾਲ ਲੋਕੀਂ ਇਕ ਦੂਸਰੇ ਨਾਲ ਗਲਕੱਥ ਕਰਦੇ ਹਨ, ਆਪਣੇ ਵਿਚਾਰ ਵਟਾਉਂਦੇ ਹਨ ਅਤੇ ਇਕ ਦੂਸਰੇ ਨੂੰ ਸਮਝਦੇ ਹਨ। ਸਾਥੀ ਸਤਾਲਿਨ ਦੇ ਕਹਿਣ ਅਨੁਸਾਰ, "ਵਿਚਾਰਾਂ ਨਾਲ ਸਿਧਾ ਸਬੰਧ ਹੋਣ ਕਰਕੇ ਬੋਲੀ ਵਿਚਾਰਾਂ ਨੂੰ ਵਿਉਂਤਬੰਦ ਕਰਦੀ ਹੈ ਤੇ ਸ਼ਬਦਾਂ ਵਿਚ ਪਰੋ ਦਿੰਦੀ ਹੈ। ਅਜਿਹੇ ਸ਼ਬਦ ਜਿਹੜੇ ਫਿਕਰਿਆਂ ਵਿਚ ਜੜੇ ਹੁੰਦੇ ਹਨ ਉਹ ਵਿਚਾਰਾਂ ਦੇ ਸਿੱਟੇ ਹੁੰਦੇ ਹਨ ਜਿਹੜੇ ਮਨੁਖ ਗਿਆਨ ਦੀ ਖੋਜ ਵਿਚ ਸਫਲਤਾ ਵਜੋਂ ਹਾਸਲ ਕਰਦਾ ਹੈ ਅਤੇ ਇਸ ਤਰ੍ਹਾਂ ਕਰਕੇ ਵਿਚਾਰਾਂ ਦਾ ਵਟਾਂਦਰਾ ਸੰਭਵ ਬਣਦਾ ਹੈ।"

ਇਹ ਅਟੱਲ ਸਚਿਆਈ ਹੈ ਕਿ ਵਿਚਾਰਾਂ ਦਾ ਵਟਾਂਦਰਾ ਲਗਾਤਾਰ ਅਤੇ ਜ਼ਰੂਰੀ ਲੋੜ ਹੈ ਜਿਸ ਤੋਂ ਬਿਨਾਂ ਲੋਕੀਂ ਆਪਸੀ ਤਾਲਮੇਲ ਕਰਕੇ ਨਾ ਕੁਦਰਤ ਦੀਆਂ ਸ਼ਕਤੀਆਂ ਨਾਲ ਜੂਝ ਸਕਦੇ ਹਨ ਅਤੇ ਨਾ ਹੀ ਪਦਾਰਥਕ ਲੋੜਾਂ ਪੂਰੀਆਂ ਕਰਨ ਵਾਸਤੇ ਪੈਦਾਵਾਰ ਲਈ ਜਦੋ-ਜਹਿਦ ਕਰ ਸਕਦੇ ਹਨ। ਇਸ ਲਈ ਬੋਲੀ ਤੋਂ ਬਿਨਾਂ, ਜਿਸ ਨੂੰ ਸਮਾਜ ਦੇ ਸਾਰੇ ਮੈਂਬਰ ਸਮਝਦੇ ਹੋਣ, ਸੁਸਾਇਟੀ ਨਾ ਪੈਦਾ ਹੋ ਸਕਦੀ ਹੈ ਤੇ ਨਾ ਸੁਸਾਇਟੀ ਦੀ ਹੈਸੀਅਤ ਵਿਚ ਕਾਇਮ ਰਹਿ ਸਕਦੀ ਹੈ। ਇਸ ਲਈ ਬੋਲੀ ਜਿਥੇ ਆਪਸੀ ਮੇਲ ਮਿਲਾਪ ਦਾ ਸਾਧਨ ਬਣਦੀ ਹੈ ਉਥੇ ਸਮਾਜ ਦੀ ਤਰੱਕੀ ਵਿਚ ਵੀ ਆਪਣਾ ਰੋਲ ਅਦਾ ਕਰਦੀ ਹੈ।

ਸ਼ਬਦ ਭੰਡਾਰ ਨੂੰ ਬੋਲੀ ਵਿਚ ਅਹਿਮ ਥਾਂ ਹਾਸਲ ਹੈ। ਬੋਲੀ ਵਿਚ ਆਏ ਸਾਰੇ ਸ਼ਬਦਾਂ ਨੂੰ ਮਿਲਾ ਕੇ ਸ਼ਬਦ ਭੰਡਾਰ ਆਖਦੇ ਹਨ। ਇਹ ਇਸ ਦਾ ਬੁਨਿਆਦੀ ਭੰਡਾਰ ਹੁੰਦਾ ਹੈ। ਜਿਸ ਵਿਚ ਸਾਰੇ ਜੜ੍ਹ ਸ਼ਬਦ ਮੁਢ ਦੇ ਤੌਰ ਤੇ ਸ਼ਾਮਲ ਹੁੰਦੇ ਹਨ। ਅਤੇ ਇਹ ਬੁਨਿਆਦੀ ਸ਼ਬਦ ਭੰਡਾਰ ਸਦੀਆਂ ਤਕ ਕਾਇਮ ਰਹਿੰਦਾ ਹੈ ਅਤੇ ਇਹ ਬੁਨਿਆਦੀ ਸ਼ਬਦ ਭੰਡਾਰ ਹੀ ਬੋਲੀ ਨੂੰ ਨਵੇਂ ਸ਼ਬਦ ਅਪਨਾਉਣ ਦਾ ਆਧਾਰ ਪਰਦਾਨ ਕਰਦਾ ਹੈ। ਜਿੰਨਾ ਅਮੀਰ ਤੇ ਵਿਸਤ੍ਰਿਤ ਸ਼ਬਦ ਭੰਡਾਰ ਹੋਵੇਗਾ ਓਨੀ ਹੀ ਅਮੀਰ ਤੇ ਤਰੱਕੀ ਕਰ ਚੁਕੀ ਉਹ ਬੋਲੀ ਹੋਵੇਗੀ। ਇਹ ਇਮਾਰਤੀ ਸਮਾਨ ਦਾ ਕੰਮ ਦੇਂਦਾ ਹੈ। ਈਮਾਰਤ ਤਦ ਖੜੀ ਹੁੰਦੀ ਹੈ ਜੇਕਰ ਉਸਦੀ ਚਿਣਾਈ ਕੀਤੀ ਜਾਵੇ। ਸ਼ਬਦਾਂ ਦੀ ਚਿਣਾਈ ਦੇ ਕੰਮ ਨੂੰ ਹੀ ਵਿਆਕਰਣ ਪੂਰਾ ਕਰਦਾ ਹੈ। ਸ਼ਬਦ ਭੰਡਾਰ ਅਤੇ ਵਿਆਕਰਣ ਰਲ ਕੇ ਹੀ ਬੋਲੀ ਕਾਇਮ ਕਰਦੇ ਹਨ।

ਬੋਲੀ ਦੇ ਸਬੰਧ ਵਿਚ ਇਕ ਹੋਰ ਸਵਾਲ ਵੇਖਣਾ ਜ਼ਰੂਰੀ ਹੈ ਕਿ ਕੀ ਦੋ ਬੋਲੀਆਂ ਮਿਲਕੇ ਇਕ ਬੋਲੀ ਪੈਦਾ ਹੋ ਸਕਦੀ ਹੈ। ਮਾਰਕਸਵਾਦ ਨੇ ਇਸ ਦਾ ਜਵਾਬ ਨਾਂਹ ਵਿਚ ਦਿਤਾ ਹੈ। ਇਹ ਤਾਂ ਸੰਭਵ ਹੈ ਕਿ ਇਕ ਵਿਕਸਤ ਬੋਲੀ ਢੇਰ ਲੰਮੇ ਸਮੇਂ ਵਿਚ ਕਿਸੇ ਗੈਰ ਅਵਿਕਸਤ ਬੋਲੀ ਨੂੰ ਖਾ ਜਾਵੇ। ਉਸ ਵੇਲੇ ਵਿਕਸਤ ਬੋਲੀ ਪਛੜੀ ਬੋਲੀ ਦੇ ਕੁਝ ਸ਼ਬਦ ਹਾਸਲ ਕਰ ਲੈਂਦੀ ਹੈ। ਪਰ ਉਹ ਆਪਣੀ ਵਿਆਕਰਣ ਤੇ ਮੁਢਲੇ ਸ਼ਬਦ ਭੰਡਾਰ ਨੂੰ ਕਾਇਮ ਰਖਦੀ ਹੈ। ਇਹ ਗੱਲ ਬਹੁਤ ਲੰਮੇਂ ਅਮਲ ਵਿਚ ਵਾਪਰ ਸਕਦੀ ਹੈ ਉਹ ਵੀ ਤਦ ਜੇ ਬੋਲੀ ਅੱਤ ਪਛੜੀ ਹੋਵੇ ਤੇ ਉਸ ਦਾ ਕੋਈ ਸਾਈਂ ਨਾ ਹੋਵੇ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਬੋਲੀ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਅੱਡ ਅੱਡ ਬੋਲੀਆਂ ਕਿਸੇ ਸਮੇਂ ਲਈ ਉਸ ਦੀ ਤਰੱਕੀ ਵਿਚ ਰੁਕਾਵਟ ਪੈਦਾ ਕਰ ਸਕਦੀਆਂ ਹਨ ਪਰ ਇਸ ਦਾ ਮੂਲ ਨਹੀਂ ਉਡਾ ਸਕਦੀਆਂ। ਪੰਜਾਬੀ ਬੋਲੀ ਵੀ ਏਸੇ ਗੱਲ ਨੂੰ ਸਿੱਧ ਕਰਦੀ ਹੈ।

ਇਸ ਪਿਛੋਕੜ ਵਿਚ ਵੇਖਣ ਵਾਲੀ ਗੱਲ ਇਹ ਹੈ ਕਿ ਪੰਜਾਬੀ ਬੋਲੀ ਵਿਚ ਸ਼ਬਦ ਕਿਵੇਂ ਲਏ ਜਾਣ ਅਤੇ ਜਿਹੜੇ ਨਵੇਂ ਸ਼ਬਦ ਲੈਣੇ ਹਨ ਉਹ ਕਿਵੇਂ ਅਤੇ ਕਿਸ ਆਧਾਰ ਨਾਲ ਲਏ ਜਾਣ? ਸੰਸਕ੍ਰਿਤ ਜਾਂ ਫਾਰਸੀ ਅਰਬੀ ਤੋਂ। ਇਸ ਤਰ੍ਹਾਂ ਦੀ ਬਹਿਸ ਬੋਲੀ ਦੀ ਤਰੱਕੀ ਬਾਰੇ ਵਿਗਿਆਨਕ ਪਹੁੰਚ ਨਹੀਂ ਦੇ ਸਕਦੀ ਅਤੇ ਨਾ ਹੀ ਕੋਈ ਇਕ ਸੰਸਥਾ ਸ਼ਬਦ ਭੰਡਾਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਸ਼ਬਦ ਘੜਕੇ ਬੋਲੀ ਦੀਆਂ ਲੋੜਾਂ ਪੂਰੀਆਂ ਕਰ ਸਕਦੀ ਹੈ।

ਦਰਅਸਲ ਬੋਲੀ ਦੇ ਵਾਧੇ ਵਿਚ ਉਸ ਖੇਤਰ ਵਿਚ ਰਹਿਣ ਵਾਲੇ ਸਾਰੇ ਲੋਕੀਂ ਹਿਸਾ

ਪਾਉਂਦੇ ਹਨ, ਭਾਵੇਂ ਉਹ ਸਨਅੱਤ ਵਿਚ ਕੰਮ ਕਰਦੇ ਹੋਣ, ਖੇਤੀ ਵਿਚ, ਵਿਦਿਅਕ ਕੰਮਾਂ ਵਿਚ, ਵਿਗਿਆਨ ਤੇ ਤਕਨੀਕ ਦੀ ਖੋਜ ਵਿਚ ਜਾਂ ਹੋਰ ਸਮਾਜੀ ਕੰਮਾਂ ਵਿਚ। ਸਮਾਜ ਦੀ ਤਰੱਕੀ ਦੀਆਂ ਲੋੜਾਂ ਨਵੇਂ ਸ਼ਬਦ ਢੂੰਡਦੀਆਂ ਹਨ ਤੇ ਉਹਨਾਂ ਲੋੜਾਂ ਨੂੰ ਪੂਰੀਆਂ ਕਰਨ ਲਈ ਸਬੰਧ ਵਿਚ ਆਉਣ ਵਾਲੇ ਮਨੁਖ ਉਸ ਵਿਚ ਹਿੱਸਾ ਪਾਉਂਦੇ ਹਨ। ਅਸੀਂ ਇਸ ਗੱਲ ਵਿਚ ਨਹੀਂ ਜਾਂਦੇ ਕਿ ਹੁਣ ਤੱਕ ਪੰਜਾਬੀ ਬੋਲੀ ਦਾ ਵਿਕਾਸ ਕਿਵੇਂ ਹੋਇਆ। ਪਰ ਇਹ ਹਕੀਕਤ ਹੈ ਕਿ ਇਸ ਨੇ ਉਰਦੂ, ਫਾਰਿਸੀ ਤੇ ਅੰਗਰੇਜ਼ੀ ਦੇ ਬਹੁਤ ਸਾਰੇ ਸ਼ਬਦ ਸਮੋ ਲਏ ਹਨ। ਉਸ ਦੇ ਕੁਝ ਇਤਿਹਾਸਕ ਕਾਰਨ ਸਨ। ਮੁਗਲ ਬਾਦਸ਼ਾਹਾਂ ਦੇ ਰਾਜ ਵਿਚ ਜਾਂ ਸਕੰਦਰ ਦੇ ਹਮਲੇ ਵੇਲੇ ਭਾਰਤ ਦੇ ਇਸ ਹਿਸੇ ਦਾ ਮੇਲ ਮਿਲਾਪ ਈਰਾਨ, ਤੁਰਕੀ, ਉਜ਼ਬੇਕਸਤਾਨ ਆਦਿ ਨਾਲ ਬੜਾ ਵਧਿਆ। ਉਸ ਤੋਂ ਪਹਿਲੋਂ ਸਾਡੇ ਦੇਸ ਦੇ ਵਪਾਰ ਦਾ ਮੂੰਹ ਵੀ ਉਸ ਪਾਸੇ ਸੀ। ਅਵੱਸ਼ ਸੀ ਕਿ ਇਸ ਮੇਲ ਮਿਲਾਪ ਨਾਲ ਸਾਡੀ ਬੋਲੀ ਉਤੇ ਫਾਰਿਸੀ, ਅਰਬੀ ਦੇ ਸ਼ਬਦਾਂ ਦਾ ਪ੍ਰਭਾਵ ਪੈਂਦਾ। ਕਈ ਖਾਣ ਪੀਣ ਦੀਆਂ ਨਵੀਆਂ ਚੀਜ਼ਾਂ ਏਥੇ ਚਾਲੂ ਹੋਈਆਂ, ਜਿਹਨਾਂ ਦੇ ਨਾਂ ਵੀ ਉਹਨਾਂ ਦੇ ਨਾਲ ਹੀ ਏਥੇ ਪ੍ਰਚਲਿਤ ਹੋ ਗਏ। ਪਹਿਰਾਵੇ ਦੇ ਕਈ ਨਾਂ ਪਹਿਰਾਵੇ ਦੇ ਨਾਲ ਹੀ ਏਥੇ ਆ ਗਏ ਅਤੇ ਜਿਹੜੀਆਂ ਚੀਜ਼ਾਂ ਸਾਡੀ ਮੰਡੀ ਵਿਚ ਉਥੋਂ ਆ ਕੇ ਵਿਕਦੀਆਂ ਸਨ ਉਹ ਵੀ ਆਪਣਾ ਨਾਂ ਨਾਲ ਲੈ ਕੇ ਆਈਆਂ। ਹੋ ਸਕਦਾ ਹੈ ਕਿ ਸਾਡੀ ਬੋਲੀ ਦਾ ਵੀ ਉਹਨਾਂ ਦੀਆਂ ਬੋਲੀਆਂ ਉਤੇ ਕੁਝ ਪ੍ਰਭਾਵ ਪਿਆ ਹੋਵੇ। ਪਰ ਸਭ ਤੋਂ ਵੱਡੀ ਗੱਲ ਇਹ ਹੈ ਕਿ ਮੁਗਲ ਰਾਜ ਵੇਲੇ ਸਾਡੇ ਦੇਸ ਦੇ ਵਡੇ ਹਿੱਸੇ ਅੰਦਰ ਰਾਜ ਪ੍ਰਬੰਧ ਦੀਆਂ ਸੰਸਥਾਵਾਂ ਵਿਚ ਖਾਸ ਤਬਦੀਲੀ ਆਈ ਅਤੇ ਮਾਲ ਦੇ ਕਾਗਜ਼ ਨਵੇਂ ਸਿਰਿਉਂ ਬਣੇ। ਦੂਸਰੇ ਬਹੁਤ ਸਾਰੇ ਅਦਾਰੇ ਵੀ ਪ੍ਰਚਲਿਤ ਹੋਏ। ਇਸ ਲਈ ਮਹਿਕਮਾ ਮਾਲ ਵਿਚ ਮਾਲੀਆ, ਲਗਾਨ, ਖਸਰਾ ਨੰਬਰ, ਪਟਵਾਰ, ਗਰਦਾਵਰੀ, ਨਾਇਬ ਤਹਿਸੀਲਦਾਰ, ਤਹਿਸੀਲ, ਖੇਵਟ, ਖਤੂਨੀ, ਰਬੀ, ਖਰੀਫ ਸਾਰੇ ਸ਼ਬਦ ਮੁਲਕ ਭਰ ਵਿਚ ਹੀ ਪ੍ਰਚਲਤ ਹੋ ਗਏ। ਹੁਣ ਇਹਨਾਂ ਵਿਚੋਂ ਬਹੁਤ ਸਾਰੇ ਸ਼ਬਦ ਹਿੰਦੁਸਤਾਨ ਦੇ ਬਹੁਤੇ ਰਾਜਾਂ ਦੀਆਂ ਬੋਲੀਆਂ ਦਾ ਅਟੁਟ ਅੰਗ ਬਣੇ ਹੋਏ ਹਨ।

ਪੰਜਾਬੀ ਵਿਚ ਵੀ ਇਹਨਾਂ ਸ਼ਬਦਾਂ ਦੀ ਵਰਤੋਂ ਆਮ ਹੈ ਅਤੇ ਪੰਜਾਬੀ ਬੋਲੀ ਦਾ ਹਿੱਸਾ ਬਣ ਗਈ ਹੈ। ਉਸਦੀ ਥਾਂ ਉਤੇ ਸਾਨੂੰ ਕੋਈ ਕੋਈ ਢੁਕਵਾਂ ਸ਼ਬਦ ਪੰਜਾਬੀ ਵਿਚ ਮਿਲਦਾ ਹੈ, ਜਿਵੇਂ ਹਾੜੀ ਸੌਣੀ ਆਦਿ, ਨਹੀਂ ਤਾਂ ਦੂਸਰੇ ਸ਼ਬਦ ਪੰਜਾਬੀ ਦੇ ਹੀ ਬਣ ਗਏ ਹਨ। ਇਨ੍ਹਾਂ ਇਤਿਹਾਸਕ ਕਾਰਨਾਂ ਕਰਕੇ ਪੰਜਾਬੀ ਨੇ ਉਰਦੂ ਫ਼ਾਰਿਸੀ ਤੋਂ ਬੜਾ ਕੁਝ ਜਜ਼ਬ ਕੀਤਾ ਹੈ ਕਿਉਂਕਿ ਇਹ ਬੋਲੀਆਂ ਢੇਰ ਚਿਰ ਸਰਕਾਰੀ ਅਦਾਲਤੀ ਬੋਲੀਆਂ ਰਹੀਆਂ ਹਨ। ਹੁਣ ਇਹਨਾਂ ਅੱਖਰਾਂ ਨੂੰ ਖੰਡਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ, ਕਿਉਂਕਿ ਪੰਜਾਬੀ ਬੋਲੀ ਨੇ ਆਪਣੇ ਅੰਦਰ ਇਹਨਾਂ ਨੂੰ ਸਮੋ ਲਿਆ ਹੈ। ਪਰ ਅਗੋਂ ਤੋਂ ਉਰਦੂ, ਫਾਰਿਸੀ, ਅਰਬੀ ਪੰਜਾਬੀ ਦੇ ਸ਼ਬਦ ਭੰਡਾਰ ਨੂੰ ਸੰਪੂਰਣ ਕਰਨ ਲਈ ਸੋਮੇ ਨਹੀਂ ਬਣ ਸਕਦੇ ਕਿਉਂਕਿ ਸਾਡਾ ਮੇਲ ਜੋਲ ਇਸ ਪਾਸੇ ਨੂੰ ਨਹੀਂ ਸਗੋਂ ਯੂਰਪ ਦੇ ਤਰੱਕੀ ਕਰ ਰਹੇ ਦੇਸਾਂ ਵਲ ਨੂੰ ਹੈ ਅਤੇ ਨਾ ਹੀ ਇਹਨਾਂ ਦੀਆਂ ਆਪਣੀਆਂ ਬੋਲੀਆਂ ਏਨੀਆਂ ਉਨਤ ਹੋ ਰਹੀਆਂ ਹਨ ਜਿਹੜੀਆਂ ਸਾਡੀ ਬੋਲੀ ਦੀ ਉਨਤੀ ਦੇ ਘਾਟੇ ਨੂੰ ਪੂਰਾ ਕਰ ਸਕਣ।

ਇਸ ਤਰ੍ਹਾਂ ਅੰਗਰੇਜ਼ੀ ਜ਼ਬਾਨ ਦਾ ਵੀ, ਢੇਰ ਚਿਰ ਅੰਗਰੇਜ਼ੀ ਰਾਜ ਰਹਿਣ ਕਰਕੇ, ਸਾਡੀ

ਬੋਲੀ ਉਤੇ ਪ੍ਰਭਾਵ ਪਿਆ ਹੈ ਅਤੇ ਅਸੀਂ ਸਨਅਤ, ਆਵਾਜਾਈ, ਸਾਇੰਸ, ਵਿਦਿਆ ਆਦਿ ਦੇ ਕਈ ਸ਼ਬਦ ਅੰਗਰੇਜ਼ੀ ਵਿਚੋਂ ਜਜ਼ਬ ਕੀਤੇ ਹਨ ਜਿਹਾ ਕਿ ਇੰਜੀਨੀਅਰ, ਮਸ਼ੀਨ, ਸਟੇਸ਼ਨ ਮੋਟਰ, ਕਾਰ, ਟਰੱਕ, ਟਰੈਕਟਰ, ਮੋਟਰ ਸਾਈਕਲ, ਸਕੂਲ, ਸਾਇੰਸ, ਮਾਸਟਰ, ਪਰੋਫੈਸਰ, ਲੈਕਚਰ ਆਦਿ। ਇਹ ਸ਼ਬਦ ਤੇ ਏਹੋ ਜੇਹੇ ਕਈ ਹੋਰ ਸ਼ਬਦ ਹੁਣ ਪੰਜਾਬੀ ਬੋਲੀ ਵਿਚ ਜਜ਼ਬ ਹੋ ਚੁਕੇ ਹਨ ਜਿੰਨ੍ਹਾਂ ਨੂੰ ਹਰ ਇਕ ਸਮਝਦਾ ਹੈ ਅਤੇ ਜਿਹੜੇ ਬੋਲੀ ਦੀਆਂ ਲੋੜਾਂ ਪੂਰੀਆਂ ਕਰਦੇ ਹਨ। ਇਹਨਾਂ ਨੂੰ ਛਡਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਪਰ ਅਜ ਅੰਗਰੇਜ਼ੀ ਹਰ ਖੇਤਰ ਵਿਚ ਪੰਜਾਬੀ ਦੇ ਸ਼ਬਦ ਭੰਡਾਰ ਦਾ ਸੋਮਾਂ ਨਹੀਂ ਬਣ ਸਕਦੀ।

ਆਓ ਬੋਲੀ ਦੀ ਤਰੱਕੀ ਦੇ ਅੱਡ ਅੱਡ ਪਹਿਲੂ ਲਈਏ। ਸਨਅਤੀ ਤਰੱਕੀ ਦੇ ਖੇਤਰ ਵਿਚ ਕੁਝ ਮਸ਼ੀਨਾਂ, ਜਿਹੜੀਆਂ ਯੂਰਪ ਵਿਚ ਈਜਾਦ ਹੋਈਆਂ ਹਨ, ਸ਼ਾਇਦ ਸਾਨੂੰ ਉਹਨਾਂ ਦੇ ਢੁਕਵੇਂ ਲਫਜ਼ ਨਾ ਮਿਲ ਸਕਣ ਪਰੰਤੂ ਸਨਅਤੀ ਤਰੱਕੀ ਦੇ ਦੌਰਾਨ ਕੀਤੀ ਜਾ ਰਹੀ ਸਨਅਤੀ ਪੈਦਾਵਾਰ ਲਈ ਜਿੰਨ੍ਹਾਂ ਮਜ਼ਦੂਰਾਂ ਅਤੇ ਕਾਰੀਗਰਾਂ ਨੂੰ ਪੈਦਾਵਾਰ ਨਾਲ ਵਾਹ ਪੈਂਦਾ ਹੈ ਉਹ ਉਸ ਦੀਆਂ ਲੋੜਾਂ ਪੂਰੀਆਂ ਕਰਨ ਲਈ ਅਜਿਹੇ ਢੁਕਵੇਂ ਸ਼ਬਦ ਘੜਨਗੇ ਜਿਹੜੇ ਬੋਲੀ ਦੀਆਂ ਲੋੜਾਂ ਪੂਰੀਆਂ ਕਰ ਸਕਣ। ਅਜ ਤੁਸੀਂ ਮਾਰਕੀਟ ਵਿਚ ਚਲੇ ਜਾਓ ਜਾਂ ਕਿਸੇ ਕਾਰਖਾਨੇ ਵਿਚ, ਤੁਹਾਨੂੰ ਮਜ਼ਦੂਰ ਹਰ ਬਣ ਰਹੀ ਨਵੀਂ ਚੀਜ਼ ਦਾ ਨਾਂ ਦੱਸ ਦੇਣਗੇ। ਸ਼ਬਦ ਭੰਡਾਰ ਦਾ ਇਹ ਇਕ ਤਕੜਾ ਸੋਮਾ ਹੈ। ਏਸੇ ਤਰ੍ਹਾਂ ਖੇਤੀ ਲੈ ਲਓ। ਖੇਤੀ ਵਿਚ ਉਹ ਮਸ਼ੀਨਰੀ ਜੋ ਯੂਰਪ ਤੋਂ ਆਉਂਦੀ ਹੈ ਤੇ ਜਿਸ ਦਾ ਬਦਲ ਅਗੇ ਏਥੇ ਮੌਜੂਦ ਨਹੀਂ ਸੀ ਉਹ ਤਾਂ ਆਪਣਾ ਨਾਂ ਹੀ ਪੰਜਾਬੀ ਨੂੰ ਦੇ ਦੇਵੇਗੀ, ਜਿਹਾ ਕਿ ਟਰੈਕਟਰ. ਪਰ ਉਸ ਮਸ਼ੀਨਰੀ ਵਿਚੋਂ ਵੀ ਬਹੁਤ ਸਾਰੀ ਦਾ ਨਾਂ ਮਸ਼ੀਨਰੀ ਵਰਤਣ ਵਾਲੇ ਆਪ ਹੀ ਧਰ ਲੈਣਗੇ ਜਿਹਾ ਕਿ ਹਾਰਵੈਸਟਰ ਕੰਬਾਈਨ ਦੀ ਥਾਂ ਕਣਕ ਵਢਣ ਦੀ ਮਸ਼ੀਨ, ਗਾਹੁਣ ਦੀ ਮਸ਼ੀਨ। ਫਰਟੇਲਾਈਜ਼ਰ ਦੀ ਥਾਂ ਖਾਦ। ਪਰ ਉਸ ਦਾ ਵਖਰੇਵਾਂ ਪਾਉਣ ਲਈ ਫੇਰ ਅਮੋਨੀਅਮ ਸਲਫੇਟ ਆਦਿ ਦੇ ਅੰਗਰੇਜ਼ੀ ਨਾਂ ਹੀ ਵਰਤਣੇ ਪੈਣਗੇ। ਖੇਤੀ ਵਿਚ ਵਿਗਿਆਨ ਦੇ ਦਾਖਲੇ ਨਾਲ ਤਰ੍ਹਾਂ ਤਰ੍ਹਾਂ ਦੇ ਨਵੇਂ ਬੀਜ ਪੈਦਾ ਹੋ ਰਹੇ ਹਨ। ਹੁਣ ਤੱਕ ਉਸ ਨੂੰ ਨੰਬਰ ਦੇ ਕੇ ਪੰਜਾਬੀ ਵਿਚ ਜਜ਼ਬ ਕੀਤਾ ਗਿਆ ਹੈ ਪਰ ਅਗੇ ਨੂੰ ਕਈ ਨਾਂ ਵੀ ਧਰੇ ਜਾਣ ਲਗ ਪਏ ਹਨ, ਭਾਵੇਂ ਕਾਢ ਕਢਣ ਵਾਲੇ ਦੇ ਨਾਂ ਨਾਲ ਹੀ ਸਬੰਧ ਰਖਦੇ ਹੋਣ ਜੇਹਾ ਕਿ ਕਲਿਆਣ ਕਣਕ। ਟਿਊਬਵੈਲ ਅੰਗਰੇਜ਼ੀ ਦਾ ਸ਼ਬਦ ਸੀ ਪਰ ਇਸ ਨੂੰ ਪੰਜਾਬੀ ਨੇ ਵੀ ਅਪਨਾ ਲਿਆ ਹੈ। ਸ਼ਬਦਾਂ ਵਿਚ ਉਚਾਰਨ ਦੇ ਲਿਹਾਜ਼ ਨਾਲ ਕੁਝ ਅਦਲਾ ਬਦਲੀਆਂ ਬੋਲੀ ਆਪ ਹੀ ਕਰ ਲੈਂਦੀ ਹੈ।

ਵਿਗਿਆਨ ਅਤੇ ਟੈਕਨੀਕ ਦਾ ਖੇਤਰ ਲੈ ਲਓ। ਇਸ ਵਿਚ ਯੂਰਪ ਤੇ ਅਮਰੀਕਾ ਸਭ ਤੋਂ ਅੱਗੇ ਸਨ ਅਤੇ ਇਸ ਕਰਕੇ ਅੰਗਰੇਜ਼ੀ, ਜਰਮਨੀ ਜਾਂ ਰੂਸੀ ਤਿੰਨ ਬੋਲੀਆਂ ਇਹਨਾਂ ਖੇਤਰਾਂ ਵਿਚ ਤਰੱਕੀ ਦੀਆਂ ਲੋੜਾਂ ਨੂੰ ਪੂਰੀਆਂ ਕਰਦੀਆਂ ਹਨ। ਸਾਡਾ ਵਾਹ ਬਹੁਤਾ ਹੁਣ ਤੱਕ ਅੰਗਰੇਜ਼ੀ ਨਾਲ ਰਿਹਾ ਹੈ ਅਤੇ ਅਜੇ ਵੀ ਪੰਜਾਬੀ ਨੂੰ ਤੇ ਭਾਰਤ ਦੀਆਂ ਦੂਜੀਆਂ ਰਾਜ ਬੋਲੀਆਂ ਨੂੰ ਵੀ ਸਾਇੰਸ ਅਤੇ ਤਕਨੀਕ ਦੀ ਤਰੱਕੀ ਵਿਚ ਵਧੇਰੇ ਸ਼ਬਦ ਅੰਗਰੇਜ਼ੀ ਤੋਂ ਹੀ ਲੈਣੇ ਪੈਣਗੇ। ਦਰਅਸਲ ਦੁਨੀਆਂ ਭਰ ਵਿਚ ਅੱਜ ਇਹ ਯਤਨ ਹੋ ਰਿਹਾ ਹੈ ਕਿ ਸਾਇੰਸ ਦੇ ਵਿਸ਼ੇਸ਼ ਸ਼ਬਦ (ਟਰਮੀਨਾਲੋਜੀ) ਵਾਹ ਲਗਦੀ ਹਰ ਬੋਲੀ ਵਿਚ ਇਕੋ ਤਰ੍ਹਾਂ ਦੇ ਹੀ ਵਰਤੇ ਜਾਣ।

ਸਭਿਆਰਚਾਰ ਵਿਚ ਪੰਜਾਬੀ ਬੋਲੀ ਨਵੀਆਂ ਲੋੜਾਂ ਪੂਰੀਆਂ ਕਰਨ ਲਈ ਆਪਣੀ ਮੌਚ ਦੇ ਸ਼ਬਦ ਹਰ ਵੇਲੇ ਘੜਨ ਦੀ ਸ਼ਕਤੀ ਰਖਦੀ ਹੈ ਅਤੇ ਲਿਖਾਰੀਆਂ ਨੂੰ ਸਦਾ ਇਹ ਖਿਆਲ ਰਖਣਾ ਚਾਹੀਦਾ ਹੈ ਕਿ ਉਹ ਅਜਿਹੇ ਸ਼ਬਦ ਘੜਨ ਜਿਹੜੇ ਸਾਡੇ ਮੁਢਲੇ ਸ਼ਬਦ ਭੰਡਾਰ ਅਤੇ ਉਚਾਰਨ ਦੇ ਅਨਕੂਲ ਹੋਣ।

ਬੋਲੀ ਉਤੇ ਸਾਡੇ ਵਪਾਰ ਦੇ ਮੂੰਹ, ਸਾਡੇ ਸਮਾਜੀ ਸਬੰਧਾਂ ਦਾ ਅਸਰ ਪੈਣਾ ਵੀ ਲਾਜ਼ਮੀ ਹੈ। ਸਾਡੇ ਗਵਾਂਢ ਹਰਿਆਣਾ, ਪੱਛਮੀ ਯੂ. ਪੀ., ਰਾਜਿਸਥਾਨ ਲਗਦੇ ਹਨ। ਅਵੱਸ਼ ਹੈ ਕਿ ਸਾਡੇ ਇਹਨਾਂ ਰਾਜਾਂ ਨਾਲ ਮੇਲ ਮਿਲਾਪ ਦਾ ਅਸਰ ਸਾਡੀ ਬੋਲੀ ਉਤੇ ਕੁਝ ਹੋਵੇਗਾ। ਇਹ ਇਕ ਦਿਨ ਵਿਚ ਪਰਗਟ ਨਹੀਂ ਹੁੰਦਾ. ਇਹ ਹੌਲੀ ਹੌਲੀ ਨਜ਼ਰ ਆਉਂਦਾ ਹੈ। ਪ੍ਰਸਪਰ ਸਬੰਧਾਂ ਕਰਕੇ ਅਸੀਂ ਆਪਣੀ ਬੋਲੀ ਵਿਚੋਂ ਕੁਝ ਉਹਨਾਂ ਦੇ ਘਾਟੇ ਪੂਰੇ ਕਰਾਂਗੇ ਤੇ ਕੁਝ ਉਹਨਾਂ ਦੀ ਬੋਲੀ ਤੋਂ ਆਪਣੀ ਬੋ ੀ ਦੀਆਂ ਲੋੜਾਂ ਪੂਰੀਆਂ ਕਰਾਂਗੇ। ਜਿਹੜੀਆਂ ਜਿਨਸਾਂ ਕਲ੍ਹ ਉਥੇ ਪੈਦਾ ਹੁੰਦੀਆਂ ਸਨ ਅਜ ਏਥੇ ਪੈਦਾ ਕਰਾਂਗੇ ਤਾਂ ਉਹ ਆਪਣੇ ਨਾਂ ਵੀ ਨਾਲ ਹੀ ਲੈ ਕੇ ਆਉਣਗੀਆਂ।

ਬੋਲੀ ਉਤੇ ਹੋਰ ਪ੍ਰਭਾਵ ਪੈਦਾ ਕਰਨ ਵਾਲਾ ਅਦਾਰਾ ਫਿਲਮ ਦੀ ਸਨਅਤ ਹੈ। ਇਸ ਉਤੇ ਹਿੰਦੀ ਬੋਲੀ ਭਾਰੂ ਹੈ। ਲੱਖਾਂ ਦੀ ਗਿਣਤੀ ਵਿਚ ਲੋਕ ਇਸ ਬੋਲੀ ਵਿਚ ਫਿਲਮਾਂ ਵੇਖਦੇ ਹਨ, ਉਚਾਰਨ ਸੁਣਦੇ ਹਨ। ਇਸ ਦਾ ਵੀ ਅਸਰ ਸਾਡੀ ਬੋਲੀ ਉਤੇ ਹੋਣਾ ਅਵੱਸ਼ ਹੈ।

ਭਾਰਤ ਦੇ ਦੂਜੇ ਹਿਸਿਆਂ ਨਾਲ ਮੇਲ ਮਿਲਾਪ ਦੇ ਰਾਹੀਂ ਵੀ ਬੋਲੀ ਨੂੰ ਸ਼ਬਦ ਮਿਲਦੇ ਹਨ ਤੇ ਸਾਡੀ ਬੋਲੀ ਦੂਸਰੀਆਂ ਨੂੰ ਸ਼ਬਦ ਦੇਂਦੀ ਹੈ।

ਸਾਡਾ ਪਰੌਠਾ ਤਾਮਲਨਾਡ ਅਤੇ ਆਂਧਰਾ 'ਚ ਆਪਣਾ ਨਾਂ ਨਾਲ ਲੈ ਗਿਆ ਹੈ। ਤੇ ਤਾਮਲਨਾਡ ਦਾ ਦੋਸ਼ਾ ਆਪਣਾ ਨਾਂ ਏਥੇ ਨਾਲ ਲੈ ਆਇਆ ਹੈ। ਸਾਡੇ ਪਾਸ ਦੋਸ਼ੇ ਦੇ ਬਦਲ ਵਿਚ ਪੂੜਾ ਸ਼ਬਦ ਮੌਜੂਦ ਸੀ ਪਰ ਉਹ ਦੋਸ਼ੇ ਦੇ ਵਖਰੇਵੇਂ ਨੂੰ ਪੂਰੀ ਤਰ੍ਹਾਂ ਬਿਆਨ ਨਹੀਂ ਕਰਦਾ। ਇਹਨਾਂ ਸਾਰੀਆਂ ਗੱਲਾਂ ਤੋਂ ਸਪਸ਼ਟ ਹੈ ਕਿ ਸ਼ਬਦ ਭੰਡਾਰ ਲਈ ਮੂਲ ਸੋਮਾਂ ਪੰਜਾਬੀ ਲੋਕਾਂ ਲਈ ਪੈਦਾਵਾਰ ਵਿਚ ਪ੍ਰਸਪਰ ਸਬੰਧ ਹੋਣਗੇ ਅਤੇ ਉਹ ਪੈਦਾਵਾਰ ਦੀ ਤਰੱਕੀ ਦੇ ਨਾਲ ਨਾਲ ਆਪ ਸ਼ਬਦ ਭੰਡਾਰ ਵਿਚ ਵਾਧਾ ਕਰਨਗੇ। ਇਸ ਦੇ ਨਾਲ ਨਾਲ ਪੰਜਾਬੀ ਆਪਣੇ ਸਬੰਧਾਂ ਦੀ ਸੇਧ ਵਿਚ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਅੱਡ ਅੱਡ ਬੋਲੀਆਂ 'ਚੋਂ ਅਜਿਹੇ ਸ਼ਬਦ ਹਾਸਲ ਕਰੇਗੀ ਜਿਹੜੇ ਪੰਜਾਬੀ ਦੇ ਸ਼ਬਦ-ਭੰਡਾਰ ਦੇ ਚੌਖਟੇ ਵਿਚ ਆ ਸਕਣ ਤੇ ਉਸ ਦੇ ਉਚਾਰਨ ਦੇ ਮੁਤਾਬਿਕ ਹੋਣ। ਇਹ ਪਹੁੰਚ ਕਦਾਚਿਤ ਠੀਕ ਨਹੀਂ ਕਿ ਇਹ ਸ਼ਬਦ ਹਿੰਦੀ ਸੰਸਕ੍ਰਿਤ ਵਿਚੋਂ ਲਏ ਜਾਣ ਜਾਂ ਫਾਰਿਸੀ ਅਰਬੀ ਵਿਚੋਂ। ਬੋਲੀਆਂ ਕਦੀ ਇਸ ਢੰਗ ਨਾਲ ਉੱਨਤੀ ਨਹੀਂ ਕਰਦੀਆਂ। ਇਹ ਬੋਲੀਆਂ ਦੀ ਉਨਤੀ ਦਾ ਤਰੀਕਾ ਨਹੀਂ, ਉਹਨਾਂ ਨੂੰ ਵਿਗਾੜਨ ਦਾ ਢੰਗ ਹੈ।

ਪੰਜਾਬੀ ਬੋਲੀ ਵਿਚ ਉਨਤੀ ਦੀਆਂ ਵਿਸ਼ੇਸ਼ਤਾਵਾਂ ਮੌਜੂਦ ਹਨ। ਆਓ ਵਿਗਿਆਨਕ ਦ੍ਰਿਸ਼ਟੀ ਤੋਂ ਇਸ ਵਿਚ ਭਾਗ ਪਾ ਕੇ ਇਸ ਨੂੰ ਭਾਰਤ ਦੇ ਦੂਜੇ ਰਾਜਾਂ ਦੀਆਂ ਰਾਜ ਬੋਲੀਆਂ ਦੇ ਮੁਕਾਬਲੇ ਉਤੇ ਤਰੱਕੀ ਦੇਣ ਵਿਚ ਸਹਾਇਕ ਬਣੀਏ। ਇਸ ਉਦਮ ਵਿਚ ਮਜ਼ਦੂਰ, ਕਿਸਾਨ ਵਿਦਵਾਨ, ਵਿਗਿਆਨੀ, ਪੱਤਰਕਾਰ, ਲੇਖਕ ਸਭਆਪਣਾ ਭਾਗ ਪਾਉਣਗੇ।

# ਵ. ਇ. ਲੈਨਿਨ



ਸੰਸਾਰ ਦੇ ਪਹਲੇ ਸਮਾਜਵਾਦੀ ਰਾਜ ਦੇ ਬਾਨੀ ਅਤੇ ਪ੍ਰੋਲਤਾਰੀ ਵਰਗ ਤੇ ਮਿਹਨਤਕਸ਼ ਜਨਤਾ ਦੇ ਮਹਾਨ ਆਗੂ ਵਲਾਦੀਮੀਰ ਈਲਿਅਚ ਲੈਨਿਨ ਦੀ ਜਨਮ ਸ਼ਤਾਬਦੀ 22 ਅਪਰੈਲ 1969 ਤੋਂ 22 ਅਪਰੈਲ 1970 ਤਕ ਸੰਸਾਰ ਵਿਆਪੀ ਪੱਧਰ ਉਪਰ ਮਨਾਈ ਜਾ ਰਹੀ ਹੈ ।

ਲੈਨਿਨ ਨਾ ਕੇਵਲ ਰੂਸ ਦੀ ਪ੍ਰੋਲਤਾਰੀ ਕ੍ਰਾਂਤੀ ਅਤੇ ਉਥੋਂ ਦੀ ਮਜ਼ਦੂਰ ਸ਼੍ਰੇਣੀ ਦਾ ਮੁਖੀ ਸੀ ਸਗੋਂ ਕਾਰਲ ਮਾਰਕਸ ਅਤੇ ਫਰੈਡਰਿਕ ਐਂਗਲਜ਼ ਤੋਂ ਪਿਛੋਂ ਸੰਸਾਰ ਦਾ ਪ੍ਰਮੁੱਖ ਵਿਗਿਆਨਕ ਵਿਚਾਰਵਾਨ ਸੀ । ਮਾਰਕਸਵਾਦੀ ਦਰਸ਼ਨ ਨੂੰ ਪ੍ਰਫੁਲਤ ਕਰਨ ਅਤੇ ਵਿਸਤਾਰ ਦੇਣ ਵਿਚ ਉਸ ਨੇ ਉੱਘਾ ਹਿੱਸਾ ਪਾਇਆ ਹੈ ।

'ਸਿਰਜਣਾ' ਦੇ ਅਗਲੇ ਅੰਕਾਂ ਵਿਚ ਅਸੀਂ ਸਾਥੀ ਲੈਨਿਨ ਦੀ ਜਨਮ ਸ਼ਤਾਬਦੀ ਦੇ ਸਮਾਰੋਹਾਂ ਦੇ ਪ੍ਰਸੰਗ ਵਿਚ ਉਸ ਦੇ ਵਿਚਾਰਧਾਰਕ ਅਤੇ ਸਾਹਿਤਕ ਯੋਗਦਾਨ ਦੇ ਸਬੰਧ ਵਿਚ ਲਿਖਤਾਂ ਪ੍ਰਕਾਸ਼ਤ ਕਰਨ ਦਾ ਯਤਨ ਕਰਾਂਗੇ ।

## ਲੈਨਿਨ ਅਤੇ ਤਾਲਸਤਾਏ / ਅਨਾਤੋਲੀ ਵਿਰਬੀਤਸਕੀ

ਮੂਹਲੇਧਾਰ ਮੀਂਹ ਪੈ ਰਿਹਾ ਸੀ। ਲੈਨਿਨ ਤੇ ਉਨ੍ਹਾਂ ਦੇ ਸਾਥੀ ਕਾਰ ਤੋਂ ਉਤਰਕੇ ਪਸ਼ੂਆਂ ਦੇ ਡਾਕਟਰ, ਦਾਸ਼ੂਨਨ, ਦੇ ਘਰ ਵੱਲ ਨੱਸ ਗਏ। ਦਰਸ਼ੂਨਨ ਬਹੁਤ ਹੀ ਨੇਕ ਕਲਮ-ਕੱਲੇ ਮਨੁੱਖ ਸਨ। ਮਹਿਮਾਨਾਂ ਨੇ ਜਾਕਟਾਂ ਤੇ ਬੂਟ ਲਾਹੇ ਤੇ ਮੇਜ਼ ਦੁਆਲੇ ਬਹਿ ਗਏ। ਖਾਣਾ ਬੜਾ ਥੋੜਾ ਸੀ—ਕੁਝ ਇਕ ਸੈਂਡਵਿਚ ਤੇ ਕੁਝ ਭੁੰਨੀਆਂ ਹੋਈਆਂ ਚੀਜ਼ਾਂ। ਮੀਜ਼ਬਾਨ ਨੇ ਉਹਨਾਂ ਅੱਗੇ ਸ਼ਹਿਦ ਤੇ ਬੇਰਾਂ ਦੀ ਪਲੇਟ ਰਖੀ। ਵਲਾਦੀਮੀਰ ਲੈਨਿਨ ਨੇ ਖੁਸ਼ੀ ਤੇ ਬੜੇ ਚਾਅ ਨਾਲ ਖਾਂਦਿਆਂ ਮੀਜ਼ਬਾਨ ਨੂੰ ਕਿਹਾ :

"ਵੇਖੋ ਨਾ ਸਰਗੇਈ ਕੁਜ਼ਮਿਚ, ਮੈਂ ਤਾਂ ਸ਼ਰਤ ਹਾਰ ਗਿਆ, ਮੈਂ ਕਿਹਾ ਸੀ ਕਿ ਮੌਸਮ ਅੱਜ ਸੁਹਣਾ ਰਹੇਗਾ ਤੇ ਮੀਂਹ ਸਾਡੇ ਸੈਲ-ਸਪਾਟੇ ਨੂੰ ਖਰਾਬ ਨਹੀਂ ਕਰਨ ਲਗਾ, ਪਰ ਮੇਰੇ ਸਤਿਕਾਰ-ਯੋਗ ਮਿਤਰ, ਗਿੱਲ ਨੇ ਕਿਹਾ ਸੀ ਕਿ ਮੀਂਹ ਜ਼ਰੂਰ ਵਰ੍ਹੇਗਾ। ਝਟ ਸ਼ਰਤ ਲਗ ਗਈ ਕਿ ਹਾਰਨ ਵਾਲਾ ਆਪਣੇ ਜੀਵਨ ਦੀ ਕੋਈ ਪੁਰਾਣੀ ਤੇ ਸਵਾਦਲੀ ਕਹਾਣੀ ਸੁਣਾਵੇਗਾ, ਠੀਕ ਏ ਨਾ, ਦੋਸਤੋ ?"

"ਬਿਲਕੁਲ, ਵਲਾਦੀਮੀਰ ਇਲੀਚ", ਗਿੱਲ ਨੇ ਪ੍ਰੋੜਤਾ ਕੀਤੀ।

"ਹੁਣ ਕੁਝ ਨਹੀਂ ਹੋ ਸਕਦਾ, ਵਲਾਦੀਮੀਰ ਇਲੀਅਚ, ਹੁਣ ਤਾਂ ਤੁਹਾਨੂੰ ਕਹਾਣੀ ਸੁਣਾਣੀ ਹੀ ਪਵੇਗੀ; ਕਰਜ਼ਾ ਤਾਰਨਾ ਹੀ ਪਵੇਗਾ।" ਮੀਜ਼ਬਾਨ ਨੇ ਕਿਹਾ, "ਮੇਰੇ ਨਾਲ ਵੀ ਇਕ ਵਾਰ ਇਵੇਂ ਵਾਪਰੀ ਸੀ........."

"ਕੀ ਵਾਪਰੀ ਸੀ, ਦਸੋ ਖਾਂ ?" ਲੈਨਿਨ ਨੇ ਚਾਅ ਨਾਲ ਪੁਛਿਆ।

"ਕਈ ਸਾਲ ਦੀ ਗੱਲ ਏ, ਮੈਂ ਜਵਾਨ ਸਾਂ। ਉਦੋਂ ਮੈਂ ਸ਼ਰਤ ਲਾਈ ਕਿ ਓਕਾ ਦਰਿਆ ਨੂੰ ਬਿਨਾਂ ਸਾਹ ਲਿਆਂ ਇਕ ਕੰਢੇ ਤੋਂ ਦੂਜੇ ਤਕ ਤੇ ਉਥੋਂ ਮੁੜ ਪਹਿਲੇ ਕੰਢੇ ਤਕ ਤੈਰ ਕੇ ਪਾਰ ਕਰਾਂਗਾ। ਬੜਾ ਜ਼ਿੱਦੀ ਤੇ ਹਠੀ ਸਾਂ ਮੈਂ। ਤੇ ਹਾਰਿਆ ਕੀ ? ਕੋਈ ਮਾਮੂਲੀ ਚੀਜ਼ ਨਹੀਂ, ਸਗੋਂ ਇਕ ਘੋੜਾ। ਪਰ ਮਹੀਨੇ ਕੁ ਪਿਛੋਂ ਉਹ ਘੋੜਾ ਮੈਨੂੰ ਮਿਲ ਗਿਆ। ਹੁਣ ਮੈਂ ਇਕ ਹੋਰ ਘੋੜੇ ਦੀ ਸ਼ਰਤ ਲਾਈ ਸੀ ਤੇ ਜਿੱਤ ਗਿਆ ਸਾਂ, ਸਾਰੀ ਕਸਰ ਨਿਕਲ ਗਈ।"

ਦਾਸ਼ੂਨਨ ਨੇ ਕਹਾਣੀ ਸੁਣਾਂਦਿਆਂ ਸੁਣਾਂਦਿਆਂ ਉਠ ਕੇ ਅਲਮਾਰੀ ਵਿਚੋਂ ਇਕ ਪਾਟੀ ਪੁਰਾਣੀ ਕਿਤਾਬ ਕਢੀ ਜਿਸ ਦੇ ਨਾ ਮੁਢਲੇ ਪੰਨੇ ਸਨ, ਨਾ ਅਖੀਰਲੇ। ਕਿਤਾਬ ਦਾ ਇਕ ਕਾਗਜ਼ ਪਾੜਿਆ, ਇਸ ਉਤੇ ਥੋੜਾ ਜਿਹਾ ਤੰਬਾਕੂ ਰਖਿਆ ਤੇ ਵਲ੍ਹੇਟ ਕੇ ਕਸ਼ ਲਾਉਣ ਲਗਾ। ਲੈਨਿਨ

ਕਿਤਾਬ ਫੜੀ, ਕੁਝ ਵਰਕੇ ਉੱਥਲੇ, ਸਿਰ ਹਿਲਾਇਆ ਤੇ ਹਉਕਾ ਭਰਿਆ :

"ਸ਼......ਸ਼ ! ਅਜਿਹੀ ਕਿਤਾਬ ਦਾ ਧੂੰਆਂ ਪਏ ਉਡਾਂਦੇ ਓ।"

"ਇਹਦੇ ਲੇਖਕ ਦਾ ਨਾਂਅ ਜਾਣਦੇ ਹੋ ਤੁਸੀਂ, ਵਲਾਦੀਮੀਰ ਇਲੀਅਚ ?" ਦਾਸ਼ੂਨਨ ਨੇ ਪੁਛਿਆ।

"ਜਾਣਦਾ ਹਾਂ, ਲੌ ਇਹ ਟੂਕ ਸੁਣੋ : 'ਹਾਂ ਕੂਪਨ ਗੁਆਚਣ ਬਾਰੇ ਯੇਵਗੇਨੀ ਮਿਖਾ-ਇਲੋਵਿਚ ਨੇ ਮੁੜ ਸੋਚਿਆ ਹੀ ਨਾ। ਪਰ ਉਹਦੀ ਪਤਨੀ, ਮਾਰੀਆ ਵਾਸਿਲੀਯੇਵਨਾ, ਇਹਨੂੰ ਭੁਲ ਨਾ ਸਕੀ। ਉਹਨੂੰ ਬੜਾ ਦੁਖ ਸੀ ਕਿ ਉਹ ਧੋਖੇ ਵਿਚ ਆ ਗਈ। ਉਹਨੇ ਆਪਣੇ ਪਤੀ ਨੂੰ ਉਹਦੇ ਬੇ-ਫਿਕਰ ਲਫਜ਼ਾਂ ਲਈ ਵੀ ਖਿਮਾ ਨਾ ਕੀਤੀ ਖਾਸ ਕਰਕੇ ਉਹਨਾਂ ਦੋਹਾਂ ਬਦਮਾਸ਼ ਮੁੰਡਿਆਂ ਨੂੰ ਖਿਮਾ ਕਰਨਾ ਉਹਦੇ ਲਈ ਬਹੁਤ ਮੁਸ਼ਕਲ ਸੀ ਜਿਨ੍ਹਾਂ ਨੇ ਏਨੀ ਸਫਾਈ ਨਾਲ ਉਹਨੂੰ ਉਲੂ ਬਣਾਇਆ ਸੀ।'

"ਹਾਂ, ਛੇਤੀ ਦੇ ਕੇ ਦੱਸੋ ਇਹਦਾ ਲੇਖਕ ਕੌਣ ਹੈ?" ਲੈਨਿਨ ਨੇ ਪੁਛਿਆ। "ਇਹ ਸਤਰਾਂ ਕਿਹੜੀ ਕਿਤਾਬ ਵਿਚੋਂ ਨੇ ? ਨਹੀਂ ਪਤਾ ? ਬੜੇ ਸ਼ਰਮ ਦੀ ਗੱਲ ਏ। ਇਹ ਸਤਰਾਂ ਹਨ ਤਾਲਸਤਾਏ ਦੀ ਕਹਾਣੀ 'ਝੂਠਾ ਕੂਪਨ' ਦੀਆਂ।"

"ਚੰਗਾ ਮੈਂ ਸੰਖੇਪ ਤੌਰ ਤੇ ਦਸਦਾਂ ਹਾਂ," ਵਲਾਦੀਮੀਰ ਨੇ ਇਹ ਕਹਿੰਦਿਆਂ ਇਕ ਸ਼ਾਨਦਾਰ ਕਹਾਣੀ ਦਾ ਸਾਰ ਪੇਸ਼ ਕੀਤਾ। ਇਹ ਪੂਰੀ ਕਹਾਣੀ, ਜਿਸ ਦਾ ਮੁੱਢ ਦੋ ਰੂਬਲ ਦੇ ਕਪਨ (ਨੋਟ) ਉਤੇ ਜਾਅਲੀ ਅੰਕ ਦੇ ਵਾਧੇ ਨਾਲ ਬਝਦਾ ਹੈ।

ਥੋੜੇ ਜਿਹੇ ਚਿਰ ਲਈ ਚੁਪ ਛਾ ਗਈ। ਮੇਜ਼ਬਾਨ ਨੇ ਲੈਨਿਨ ਦੀਆਂ ਅੱਖਾਂ ਵਿਚ ਤਕਿਆ ਤੇ ਉਂਗਲ ਹਿਲਾਈ।

"ਵੇਖੋ ਨਾ ਵਲਾਦੀਮੀਰ ਈਲੀਅਚ, ਹੁਣ ਤੁਸੀਂ ਸਾਡੀ ਹਾਸੀ ਉਡਾਣ ਦਾ ਯਤਨ ਕਰ ਰਹੇ ਹੋ। ਇੰਜ ਕੰਮ ਨਹੀਂ ਚੱਲਣ ਲੱਗਾ। ਕਰਜ਼ਾ ਤਾਰੋ। ਤੁਸੀਂ ਆਪਣੇ ਜੀਵਨ ਦੀ ਇਕ ਕਹਾਣੀ ਸੁਣਾਓ," ਦਾਸ਼ੂਨਨ ਨੇ ਕਿਹਾ ਤੇ ਸਭ ਜਣੇ ਹਸ ਪਏ।

"ਹਾਂ ਹਾਂ ..." ਲੈਨਿਨ ਸੋਚਦੇ ਸੋਚਦੇ ਇੰਜ ਮੁਸਕਰਾਏ ਜਿਵੇਂ ਕੋਈ ਯਾਦ ਕਰਨ ਦਾ ਯਤਨ ਕਰ ਰਹੇ ਹੋਣ। "ਹੁਣ ਮੈਂ ਕਰਜ਼ਾ ਤਾਰਦਾ ਹਾਂ। ਹਾਂ ਮੈਂ ਤੁਹਾਨੂੰ ਦਸਾਂਗਾ ਕਿ ਇਸ ਕਿਤਾਬ ਦੇ ਲੇਖਕ ਨਾਲ ਮੇਰੀ ਜਾਣ ਪਛਾਣ ਕਿਵੇਂ ਹੋਈ। ਉਹਨਾਂ ਨਾਲ ਮੇਰੀ ਮੁਲਾਕਾਤ ਇਕ ਪ੍ਰਤੀਨਿਧ ਮੁਲਾਕਾਤ ਹੀ ਸੀ।"

"ਹਾਂ ਹਾਂ, ਉਹਨਾਂ ਨਾਲ"। 1905 ਦੇ ਪਹਿਲੇ ਇਨਕਲਾਬ ਤੋਂ ਕਈ ਸਾਲ ਪਹਿਲਾਂ, ਜਦੋਂ ਮੈਂ ਜਨੀਵਾ ਰਹਿੰਦਾ ਸਾਂ, ਮੈਨੂੰ ਸਥਾਨਕ ਥੇਟਰ ਮੰਚ ਉਤੇ ਹਾਪਟਮਾਨ ਦਾ 'ਬੌਣੇ' ਵੇਖਣ ਦਾ ਅਵਸਰ ਮਿਲਿਆ। ਇਸ ਨਾਟਕ ਨੇ ਮੈਨੂੰ ਬਹੁਤ ਪ੍ਰਭਾਵਤ ਕੀਤਾ। ਲੇਖਕ ਨੇ ਨਾਟਕ ਵਿਚ ਸਰਮਾਏਦਾਰ ਲੁਟੇਰੇ ਦਾ ਪਸ਼ੂ ਵਾਲਾ ਚਿੱਤਰ ਉਘਾੜਿਆ ਹੈ ਤੇ ਬਾਗੀ ਮਜ਼ਦੂਰਾਂ ਦੀ ਸਾਫ ਝਾਤੀ ਪੇਸ਼ ਕੀਤੀ ਹੈ। ਇਸੇ ਕਾਰਨ ਮੈਂ ਇਸ ਨਾਟਕ ਦਾ ਰੂਸੀ ਜ਼ਬਾਨ ਵਿਚ ਅਨੁਵਾਦ ਕਰਨ ਦਾ ਫੈਸਲਾ ਕੀਤਾ। ਇਸ ਕੰਮ ਵਿਚ ਮੇਰੀ ਭੈਣ ਐਨਾ ਨੇ ਮੇਰਾ ਹੱਥ ਵਟਾਇਆ, ਜਿਸਨੂੰ ਤੁਸੀਂ ਸੱਭੇ ਜਾਣਦੇ

ਹੈ । ਨਾਟਕ ਛੇਤੀ ਹੀ ਛਪ ਗਿਆ ਤੇ ਰੂਸ ਘਲ ਦਿਤਾ ਗਿਆ।''

'' ਸਾਰੀਆਂ ਕਾਪੀਆਂ ਡਾਕ ਰਾਹੀਂ ਘੱਲਿਆਂ ਸਨ ਤੁਸਾਂ ? ''

'' ਹਾਂ, ਅਸਾਂ ਲਗਭਗ ਸਾਰੀਆਂ ਕਾਪੀਆਂ ਹੀ ਭੇਜ ਦਿਤੀਆਂ,ਪਰ ਡਾਕ ਰਾਹੀਂ ਨਹੀਂ । ਸਾਡੇ ਲੋਕਾਂ ਨੇ ਇਸ ਕੰਮ ਦਾ ਬੀੜਾ ਚੁਕ ਲਿਆ ਤੇ ਸੰਭਾਲ ਕੇ ਕਾਪੀਆਂ ਰੂਸ ਪੁਚਾ ਦਿਤੀਆਂ। ਰੂਸੀ ਜ਼ਬਾਨ ਵਿਚ ਇਹ ਕਾਪੀਆਂ ਮਜ਼ਦੂਰਾਂ ਵਿਚ ਵੰਡ ਦਿਤੀਆਂ ਗਈਆਂ, ਤੇ ਇਹਦਾ ਚੰਗਾ ਅਸਰ ਪਿਆ । ਇਹ ਕਿਤਾਬ ਮੁੜ ਮੁੜ ਪੜ੍ਹੀ ਗਈ ।''

''ਕੀ ਕੋਈ ਕਾਪੀ ਬਚੀ ਹੈ । ''

''ਨਹੀਂ ਅਭਾਗ ਨੂੰ ਕੋਈ ਨਹੀਂ ਬਚੀ । ਸ਼ਾਇਦ ਇਕ ਅਧ ਕਿਤੋਂ ਮਿਲ ਸਕੇ । ਹਾਂ, ਸੁਣੋਂ, ਮੇਰੇ ਪੱਕੇ ਮਿਤਰ, ਪੱਤਰਕਾਰ ਤੇ ਇਨਕਲਾਬੀ, ਬੋਂਚ-ਬੁਰੇਵਿਚ, ਨੇ ਜਿਸਨੂੰ ਤੁਸੀਂ ਜਾਣਦੇ ਹੀ ਹੋ, ਇਹ ਨਾਟਕ ਪਤਾ ਕਿਸ ਨੂੰ ਭਿਜਵਾਣ ਦਾ ਫੈਸਲਾ ਕੀਤਾ ? ਲਿਓ ਤਾਲਸਤਾਏ ਨੂੰ ।''

''ਇਕ ਇਨਕਲਾਬੀ ਨਾਟਕ ਤੇ ਲਿਓ ਤਾਲਸਤਾਏ ਨੂੰ ? ਕੀ ਕਹਿਣੇ !'' ਦਾਸ਼ੂਨਨ ਨੇ ਆਖਿਆ ।

''ਹਾਂ, ਪਰ ਇਹ ਵੀ ਦੱਸ ਦਿਆਂ ਕਿ ਉਹਨਾਂ ਇਹ ਫੈਸਲਾ ਆਪੀਂ ਨਹੀਂ ਕੀਤਾ, ਮੇਰੀ ਪ੍ਰਵਾਨਗੀ ਪ੍ਰਾਪਤ ਕਰ ਲਈ ਸੀ । ਪਹਿਲਾਂ ਤਾਂ ਮੈਂ ਝਕਿਆ, ਪਰ ਫੇਰ ਮੰਨ ਗਿਆ । ਉਹਨਾਂ ਨੇ ਨਾਟਕ ਤਾਲਸਤਾਏ ਨੂੰ ਯਾਸਨਾਇਆ ਪੋਲੀਆਨਾ ਘੱਲ ਦਿਤਾ । ਇਸ ਤਰ੍ਹਾਂ ਦੀ ''ਖਤਰਨਾਕ'' ਕਿਤਾਬ ਡਾਕ ਰਾਹੀਂ ਘੱਲਣੀ ਖਤਰੇ ਤੋਂ ਖਾਲੀ ਨਹੀਂ ਸੀ । ਪਰ ਇਹ ਤਾਲਸਤਾਏ ਨੂੰ ਮਿਲ ਗਈ । ਕੁਝ ਸਾਤੇ ਪਿਛੋਂ ਮੈਨੂੰ ਜਾ ਕੇ ਪਤਾ ਲਗਾ, ਤਾਲਸਤਾਏ ਨੇ ਇਕ ਪੱਤਰ ਬੋਂਚ-ਬੁਰੇਵਿਚ ਨੂੰ ਲਿਖਿਆ । ਉਹ ਮਾਸਕੋ ਆਏ ਹੋਏ ਸਨ ਤੇ ਬੇਨਤੀ ਕੀਤੀ ਸੀ ਕਿ ਉਹ ਸਲਾਵੀਆਂਸਕੀ ਬਾਜ਼ਾਰ ਹੋਟਲ ਵਿਚ ਆ ਕੇ ਉਹਨਾਂ ਨੂੰ ਮਿਲਣ । ਬੋਂਚ-ਬੁਰੇਵਿਚ ਖੁਸ਼ ਵੀ ਸਨ ਤੇ ਚਿੰਤਾਤੁਰ ਵੀ, ਖਬਰੇ ਇਹ ਉਘਾ ਲੇਖਕ ਕੀ ਆਖੇ ? ਕਿਤੇ ਵਰ੍ਹ ਹੀ ਨਾ ਪਏ ?''

... ... ...

ਗੱਲ ਇੰਜ ਵਾਪਰੀ : ਉਸੇ ਦਿਨ ਬੋਂਚ-ਬੁਰੇਵਿਚ ਹੋਟਲ ਦੇ ਇਕ ਛੋਟੇ ਜਿਹੇ ਕਮਰੇ ਵਿਚ ਦਾਖਲ ਹੋਏ ਤੇ ਤਾਲਸਤਾਏ ਸਾਹਮਣੇ ਜਾ ਖਲੋਤੇ । ਤਾਲਸਤਾਏ ਇਕ ਛੋਟੇ ਜਿਹੇ ਗੋਲ ਮੇਜ਼ ਲਾਗੇ ਬੈਠੇ ਸਨ ਤੇ ਕੁਝ ਲਿਖ ਰਹੇ ਸਨ । ਉਹਨਾਂ ਸਾਹਮਣੇ ਅਧੀ ਪਿਆਲੀ ਚਾਹ ਤੇ ਅੱਧਾ ਰੋਲ ਪਿਆ ਸੀ । ਉਘੇ ਲੇਖਕ ਨੇ ਚਾਣਚਕ ਸਿਰ ਚੁਕਿਆ ਤੇ ਪੁਛਿਆ ।

''ਤੁਸੀਂ ਮੈਨੂੰ ਮਿਲਣਾ ਚਾਹੁੰਦੇ ਓ ? ਕਿਰਪਾ ਕਰਕੇ ਸੋਫੇ ਤੇ ਬਹਿ ਜਾਓ; ਮੈਂ ਹੁਣੇ ਵਿਹਲਾ ਹੋ ਜਾਵਾਂਗਾ...... ।''

ਤੇ ਉਹ ਲਿਖਦੇ ਰਹੇ । ਕਦੇ ਕਦੇ ਉਹ ਰੁਕਦੇ, ਅੱਖਾਂ ਮੀਟ ਲੈਂਦੇ, ਉਹਨਾਂ ਦੇ ਬੁਲ੍ਹਾਂ 'ਤੇ ਸੂਖਮ ਜਿਹੀ ਮੁਸਕਰਾਹਟ ਖੇਡਦੀ,ਤੇ ਉਹ ਮੁੜ ਛੇਤੀ ਛੇਤੀ ਲਿਖਣ ਲਗਦੇ । ਪੰਜ ਕੁ ਮਿੰਟ ਪਿਛੋਂ ਉਹਨਾਂ ਨੇ ਕਲਮ ਰੱਖ ਦਿਤਾ ਤੇ ਲਿਖਿਆ ਹੋਇਆ ਸਫਾ ਵੀ ਇਕ ਪਾਸੇ ਕਰਕੇ ਰੱਖ ਦਿੱਤਾ ।

''ਹੁਣ ਮੈਂ ਤੁਹਾਡੀ ਸੇਵਾ ਲਈ ਹਾਜ਼ਰ ਹਾਂ,'' ਤਾਲਸਤਾਏ ਕਹਿਣ ਲਗੇ, ''ਕੀ ਮੈਂ

ਤੁਹਾਡਾ ਨਾਂ ਪੁਛ ਸਕਦਾ ਹਾਂ ?"

"ਮੈਨੂੰ ਆਪਣੀ ਜਾਣ-ਪਛਾਣ ਕਰਵਾਣ ਦੀ ਆਗਿਆ ਦਿਓ । ਮੇਰਾ ਨਾਂ ਹੈ ਵਲਾਦੀਮੀਰ ਦਮਿਤ੍ਰੀਏਵਿਚ ਬੋਂਚ-ਬੁਰੇਵਿਚ, ਲੇਵ ਨਿਕੋਲਾਇਏਵਿਚ, ਮੈਨੂੰ ਤੁਹਾਡੇ ਵਲੋਂ ਸੱਦਾ ਪੱਤਰ ਮਿਲਿਆ ਸੀ ।"

"ਓ ਹਾਂ, ਠੀਕ ! ਠੀਕ ! ਬੜੀ ਖੁਸ਼ੀ ਹੋਈ ਤੁਹਾਨੂੰ ਮਿਲ ਕੇ । ਬੈਠੋ, ਇਥੇ ਬੈਠੋ, ਇਥੇ ਬੈਠੋ ! ਬੜੇ ਦਲੇਰ ਆਦਮੀ ਹੋ ਤੁਸੀਂ । ਬੌਣੋ' ਵਰਗੀ ਕਿਤਾਬ ਡਾਕ ਰਾਹੀਂ ਘਲ ਦਿੱਤੀ ?"

"ਮੈਨੂੰ ਪਤਾ ਸੀ, ਨਿਕੋਲਾਈਏਵਿਚ, ਕਿ ਮੈਂਸਰ ਵਾਲੇ ਏਨੇ ਤਿਖੇ ਤੇ ਚਲਾਕ ਬੰਦੇ ਨਹੀਂ ।"

"ਸ਼ਾਇਦ ਤੁਸੀਂ ਠੀਕ ਹੀ ਕਹਿੰਦੇ ਹੋ," ਤਾਲਸਤਾਏ ਨੇ ਖਿੜਦਿਆਂ ਕਿਹਾ । "ਖੁਫੀਆ ਪੁਲਸ ਨਹੀਂ ਸਮਝ ਸਕਦੀ ਕਿ ਕਾਊਂਟ ਤਾਲਸਤਾਏ ਦੇ ਨਾਂਅ ਇਹ ਕਿਤਾਬ ਚਾਰ ਐਕਟ ਦੇ ਨਾਟਕ ਦੇ ਰੂਪ ਵਿਚ, ਇਕ ਐਲਾਨ ਹੈ ।"

"ਬੱਸ ਇਸੇ ਗੱਲ ਤੇ ਮੈਂ ਭਰੋਸਾ ਕੀਤਾ ਸੀ, ਨਿਕੋਲਾਈਏਵਿਚ ।"

"ਹਾਂ, ਹਾਂ", ਤਾਲਸਤਾਏ ਮੁਸਕਰਾਏ । "ਕੀ ਇਸ ਨਾਟਕ ਦੀਆਂ ਬਹੁਤ ਸਾਰੀਆਂ ਕਾਪੀਆਂ ਰੂਸ ਅਪੜ ਚੁਕੀਆਂ ਹਨ ?"

"ਠੀਕ ਗਿਣਤੀ ਤਾਂ ਨਹੀਂ ਦੱਸ ਸਕਦਾ, ਪਰ ਮੇਰੇ ਖਿਆਲ 'ਚ ਕੋਈ ਤੀਹ ਹਜ਼ਾਰ ।"

"ਤੀਹ ਹਜ਼ਾਰ......। ਬੜਾ ਜਫਰ ਜਾਲਣ ਦਾ ਕੰਮ ਹੋਵੇਗਾ ਇਹ । ਤੇ ਕੀ ਇਹ ਨਾਟਕ ਦੁਕਾਨਾਂ ਦੇ ਮਾਮੂਲੀ ਕਾਮੇ ਪੜ੍ਹਦੇ ਹਨ ?"

"ਹਾਂ ਨਿਕੋਲਾਈਏਵਿਚ । ਬੜੇ ਚਾਅ ਨਾਲ ਪੜ੍ਹਦੇ ਹਨ, ਖੋਹਾ ਖੋਹੀ ਲੱਗੀ ਰਹਿੰਦੀ ਹੈ ।"

"ਤਾਂ ਇਹ ਗੱਲ ਏ ? ਬਹੁਤ ਚੰਗਾ ।"

"ਸੱਚ ਮੰਨੋ, ਨਾ ਤਾਂ ਨਾਟਕਾਰ ਨੂੰ ਇਹਦੀ ਆਸ ਸੀ ਨਾ ਅਨੁਵਾਦਕ ਨੂੰ ।"

"ਕਮਾਲ ! ਕਮਾਲ! ਇਹ ਉਲੀਆਨੋਵ ਕੌਣ ਨੇ ਜਿਨ੍ਹਾਂ ਨੇ ਇਹਦਾ ਉਲੱਥਾ ਕੀਤਾ ਹੈ ? ਉਸ ਇਨਕਲਾਬੀ ਦੇ ਸਾਕ ਸਬੰਧੀ ਤਾਂ ਨਹੀਂ ਜਿਸਨੂੰ 1887 ਵਿਚ ਫਾਹੇ ਲਾਇਆ ਗਿਆ ਸੀ ?" ਤਾਲਸਤਾਏ ਨੇ ਪੁਛਿਆ ।

"ਬੜੇ ਨੇੜੇ ਦੇ ਸਬੰਧੀ ਨੇ, ਨਿਕੋਲਾਈਏਵਿਚ । ਇਹ ਦੋਵੇਂ ਭਰਾ ਭੈਣ ਨੇ ਫਾਹੇ ਲਗਣ ਵਾਲੇ ਉਲੀਆਨੋਵ ਦੇ ।

"ਹੂੰ ? ਤੇ ਇਹ ਜਨੀਵਾ ਰਹਿੰਦੇ ਨੇ, ਠੀਕ ਏ ਨਾ? ਉਹਨਾਂ ਨੂੰ ਮੇਰੀ ਯਾਦ ਪੁਚਾ ਦੇਣਾ ।"

"ਧੰਨਵਾਦ ! ਜ਼ਰੂਰ ਪੁਚਾਵਾਂਗਾ । ਮੈਂ ਵਲੀਦੀਮੀਰ ਉਲੀਆਨੋਵ ਦਾ ਪੱਕਾ ਮਿੱਤਰ ਹਾਂ ।"

" ਕੀ ਤੁਹਾਡੇ ਮਿੱਤਰ ਰੂਸ ਆਉਣਾ ਚਾਹੁੰਦੇ ਹਨ ? " ਤਾਲਸਤਾਏ ਨੇ ਪੁਛਿਆ ।

" ਚਿਰਾਂ ਤੋਂ ਇਸ ਬਾਰੇ ਪਏ ਸੋਚਦੇ ਨੇ ਪਰ ਰਾਹ 'ਚ ਬੜੀਆਂ ਰੋਕਾਂ ਹਨ। ਫਿਰ ਵੀ ਉਹਨਾਂ ਆਪਣੇ ਆਖਰੀ ਖਤ ਵਿਚ ਲਿਖਿਆ ਹੈ ਕਿ ਦੋ ਮਹੀਨੇ ਤਕ ਆਉਣਗੇ। "

" ਠੀਕ ! ਕੀ ਉਹਨਾਂ ਨਾਲ ਇਥੇ ਯਾਸਨਾਇਆ ਪੋਲੀਆਨਾ ਆ ਸਕੋਗੇ ? ਇਕਰਾਰ ? "

" ਇਕਰਾਰ ਕਰਦਾ ਹਾਂ। ਜ਼ਰੂਰ ! ਧੰਨਵਾਦ ਲਿਓ ਤਾਲਸਤਾਏ। "

ਲੈਨਿਨ ਛੇਤੀ ਹੀ ਰੂਸ ਪਰਤੇ ਤੇ ਉਹਨਾਂ ਨੂੰ ਬੋਂਚ-ਬੁਰੇਵਿਚ ਤੇ ਤਾਲਸਤਾਏ ਦੀ ਮੁਲਾਕਾਤ ਦਾ ਹਾਲ ਮਾਲੂਮ ਹੋਇਆ, ਤੇ ਉਹਨਾਂ ਨੇ ਛੇਤੀ ਹੀ ਇਸ ਮਹਾਨ ਲੇਖਕ ਨੂੰ ਮਿਲਣ ਦਾ ਫੈਸਲਾ ਕੀਤਾ।

"ਮੁਲਾਕਾਤ ਹੋਈ ?" ਦਾਸ਼ੂਨਨ ਨੇ ਪੁਛਿਆ।

" ਨਹੀਂ, ਮੁਲਾਕਾਤ ਨਾ ਹੋ ਸਕੀ ", ਲੈਨਿਨ ਨੇ ਜਵਾਬ ਦਿਤਾ। "ਅਭਾਗ ਨੂੰ ਮੈਂ ਉਹਨਾਂ ਕੋਲ ਨਾ ਜਾ ਸਕਿਆ। ਪੁਲਸ ਪੈਰ ਪੈਰ ਤੇ ਪਰਛਾਵੇਂ ਵਾਂਗ ਮੇਰਾ ਪਿਛਾ ਕਰ ਰਹੀ ਸੀ ਤੇ ਉਹਨਾਂ ਦੇ ਘਰ ਜਾਣ ਨਾਲ ਦੋਨਾਂ ਦੇ ਸਿਰ ਤੇ ਬਿਪਤਾ ਆ ਸਕਦੀ ਸੀ। ਬੱਸ ਮੈਂ ਇਕ ਚਿੱਠੀ ਹੀ ਲਿਖ ਸਕਿਆ। ਇਸ ਗਲ ਤੇ ਬੜਾ ਨਿੱਘਾ ਧੰਨਵਾਦ ਕੀਤਾ ਕਿ ਉਹਨਾਂ ਨੇ ਹਾਪਟਮਾਨ ਦੇ ਲੋਕ-ਨਾਟਕ ਤੇ ਇਹਦੇ ਅਨੁਵਾਦ ਨੂੰ ਏਨਾ ਨਿਵਾਜਿਆ ਹੈ।

"ਬੋਂਚ-ਬੁਰੇਵਿਚ ਨੂੰ ਕਹਾਣੀ ਲਿਖਣੀ ਚਾਹੀਦੀ ਸੀ। ਉਹਨਾਂ ਦਾ ਚੇਤਾ ਕਮਾਲ ਦਾ ਐ।"

"ਲਿਖ ਵੀ ਲਈ ਏ ਉਹਨਾਂ ਤਾਂ," ਲੈਨਿਨ ਨੇ ਕਿਹਾ "ਪਰ ਉਹਨਾਂ ਨੂੰ ਛਪਵਾਉਣ ਦੀ ਕਾਹਲ ਨਹੀਂ।"

" ਕਹਾਣੀ ਦਾ ਅੰਤ ਕੀ ਇਹੋ ਸੀ ? "

" ਨਹੀਂ। ਇਕ ਅਜਿਹੀ ਘਟਨਾ ਵਾਪਰ ਗਈ ਜਿਸ ਨੇ ਇਸਦਾ ਅੰਤ ਬਦਲ ਦਿਤਾ। 1905 ਦੇ ਇਨਕਲਾਬ ਤੋਂ ਥੋੜਾ ਚਿਰ ਪਹਿਲਾਂ ਬੋਂਚ-ਬੁਰੇਵਿਚ ਨੂੰ ਚਾਣਚਕ ਮਾਸਕੋ ਦੀ ਖੁਫੀਆ ਪੁਲਸ ਨੇ ਸੱਦ ਭੇਜਿਆ, ਧਮਕਾਇਆ, ਪੁਛਿਆ ਕਿ ਇਸ ਬਾਰੇ ਪੂਰੇ ਵਿਸਥਾਰ ਨਾਲ ਦੱਸੇ ਕਿ 'ਬੌਣੇ' ਨਾਂ ਦੀ ਕਿਤਾਬ ਤਾਲਸਤਾਏ ਨੂੰ ਕਿਵੇਂ ਪੁਚਾਈ ਗਈ ਸੀ। ਤਾਂ ਉਹਨਾਂ ਨੂੰ ਇਹਦੀ ਸੂਹ ਮਿਲ ਗਈ ਸੀ ਸ਼ੈਤਾਨ ! ਜੇ ਮਜ਼ਦੂਰਾਂ ਦੀ ਐਜੀਟੇਸ਼ਨ ਸ਼ੁਰੂ ਨਾ ਹੋ ਜਾਂਦੀ ਤੇ ਇਨਕਲਾਬ ਨਾ ਹੋ ਜਾਂਦਾ ਤਾਂ ਇਹ ਦਸਣਾ ਮੁਸ਼ਕਲ ਹੈ ਕਿ ਇਹਦਾ ਅੰਤ ਕੀ ਹੁੰਦਾ। "

"ਬੜੀ ਦਿਲਚਸਪ ਕਹਾਣੀ ਏ। ਜੇ ਤੁਸੀਂ ਤਾਲਸਤਾਏ ਨੂੰ ਮਿਲ ਲੈਂਦੇ ਤਾਂ ਚੰਗਾ ਈ ਹੁੰਦਾ। ਠੀਕ ਏ ਨਾ ?" ਗਿੱਲ ਨੇ ਕਿਹਾ।

"ਪਰ ਕੀ ਕੀਤਾ ਜਾ ਸਕਦਾ ਸੀ ? ਸੋ ਤਾਲਸਤਾਏ ਨਾਲ ਮੇਰੀ ਇੰਜ ਪ੍ਰਤੀਨਿਧ ਮੁਲਾਕਾਤ ਹੋਈ। ਮੈਨੂੰ ਅਜ ਤਕ ਅਫਸੋਸ ਹੈ ਕਿ ਇਹ ਮੁਲਾਕਾਤ ਇਸੇ ਰੂਪ ਵਿਚ ਰਹੀ। ਚੰਗਾ ਸਾਥੀਓ, ਹੁਣ ਦਸੋ ਮੈਂ ਕਰਜ਼ਾ ਤਾਰ ਦਿਤਾ ਹੈ ਜਾਂ ਨਹੀਂ। " ਲੈਨਿਨ ਪੁਛਣ ਲੱਗੇ। ਸਭਨਾਂ ਨੇ ਇਕ ਜ਼ਬਾਨ ਹੋ ਕੇ ਹਾਂ ਵਿਚ ਜਵਾਬ ਦਿਤਾ।

---

# ਸਾਹਿਤ ਤੇ ਸ਼੍ਰੇਣੀ ਘੋਲ

ਪਿਆਰੇ ਰਘਬੀਰ ਜੀ,

ਮੈਂ ਆਪਣੇ ਲੇਖ 'ਸ਼੍ਰੇਣੀ ਘੋਲ ਤੇ ਸਾਹਿਤ' ਦੇ ਉਤਰ ਵਿਚ ਪ੍ਰਕਾਸ਼ਤ ਸਭ ਲੇਖਾਂ ਨੂੰ ਬੜੇ ਗਹੁ ਨਾਲ ਪੜ੍ਹਿਆ ਹੈ। ਮੈਨੂੰ ਅਫਸੋਸ ਹੈ ਕਿ ਇਕ ਨੂੰ ਛੱਡਕੇ ਬਾਕੀ ਸਭ ਲੇਖਕਾਂ ਨੇ ਦਲੀਲ ਦੀ ਥਾਂ ਗਾਲੀ ਗਲੋਚ ਦਾ ਬਹੁਤਾ ਸਹਾਰਾ ਲਿਆ ਹੈ। ਪਰ ਇਹ ਗੰਭੀਰ ਸਮੱਸਿਆ ਗਾਲੀ ਗਲੋਚ ਦਾ ਆਸਰਾ ਲੈਕੇ ਸੁਲਝਾਈ ਨਹੀਂ ਜਾ ਸਕਦੀ। ਖਿਆਲਾਂ ਦੀ ਜੰਗ ਜੇ ਕਠੋਰ ਭਾਸ਼ਾ ਦੇ ਪ੍ਰਯੋਗ ਨਾਲ ਜਿੱਤੀ ਜਾ ਸਕਦੀ ਤਾਂ ਕਾਰਲ ਮਾਰਕਸ ਨੂੰ ਏਨਾ ਸਖਤ ਪਰੀਸ਼੍ਰਮ ਕਰਨ ਅਤੇ ਅਪਣੀ ਸਾਰੀ ਉਮਰ ਆਪਣੇ ਸਿਧਾਂਤ ਦੀ ਸਚਾਈ ਸਿੱਧ ਕਰਨ ਲਈ ਖਰਚ ਕਰਨ ਦੀ ਲੋੜ ਨਹੀਂ ਸੀ। ਜਿੰਨੀ ਕਠੋਰ ਭਾਸ਼ਾ ਦੀ ਵਰਤੋਂ ਮਾਰਕਸ ਕਰ ਸਕਦਾ ਸੀ, ਉਨੀ ਸ਼ਾਇਦ ਕੋਈ ਹੋਰ ਵਿਰਲਾ ਹੀ ਕਰ ਸਕੇ।। ਇਹ ਇਕ ਮੰਨਿਆ ਹੋਇਆ ਅਸੂਲ ਹੈ ਕਿ ਜਿਹੜਾ ਘੁਲਾਟੀਆ ਅਖਾੜੇ ਵਿਚ ਨਿਤਰਨ ਮਗਰੋਂ ਗਾਲੀਂ ਛਿੜ ਪਵੇ, ਉਸਨੂੰ ਹਰਿਆ ਹੋਇਆ ਸਮਝਿਆ ਜਾਂਦਾ ਹੈ। ਸੰਜੀਦਾ ਕਿਸਮ ਦੀ ਬਹਿਸ ਵਿਚ ਜਿਹੜੀ ਧਿਰ ਦਲੀਲ ਦੀ ਥਾਂ ਗਾਲ ਦਾ ਆਸਰਾ ਲੈਂਦੀ ਹੈ ਉਹ ਆਪਣੇ ਮਨ ਵਿਚ ਤਾਂ ਭਾਵੇਂ ਸੰਤੁਸ਼ਟ ਹੋਵੇ ਕਿ ਉਸਨੇ ਆਪਣੇ ਵਿਰੋਧੀ ਦੀ ਚੰਗੀ ਭੁਗਤ ਸੰਵਾਰੀ ਹੈ, ਪਰ ਉਹ ਨਿਰਪੱਖ ਦਰਸ਼ਕਾਂ ਨੂੰ ਪ੍ਰਭਾਵਤ ਨਹੀਂ ਕਰ ਸਕਦੀ। ਇਸਦੇ ਬਾਵਜੂਦ ਮੈਂ ਤੁਹਾਡਾ ਰਿਣੀ ਹਾਂ ਕਿ ਤੁਸੀਂ ਇਹਨਾਂ ਲੇਖਕਾਂ ਦੇ ਉਤਰ ਪ੍ਰਕਾਸ਼ਤ ਕਰਕੇ ਨਿਰਪੱਖ ਦਰਸ਼ਕਾਂ ਨੂੰ ਇਹ ਜਾਂਚਣ ਦਾ ਅਵਸਰ ਦਿੱਤਾ ਹੈ ਕਿ ਇਹ ਲੋਕ ਕਿੰਨੇ ਕੁ ਪਾਣੀ ਵਿਚ ਹਨ। ਮੈਂ ਤੁਹਾਡਾ ਇਸ ਲਈ ਹੋਰ ਵੀ ਧੰਨਵਾਦੀ ਹਾਂ ਕਿ ਤੁਸੀਂ ਇਸ 'ਅਬੌਧਿਕ ਬਿਰਤੀ' ਵਿਰੁਧ ਆਵਾਜ਼ ਬੁਲੰਦ ਕੀਤੀ ਹੈ।

ਭਾਵੇਂ ਵਾਦ ਵਿਵਾਦ ਦੇ ਅਸੂਲਾਂ ਅਨੁਸਾਰ ਜਿਨ੍ਹਾਂ ਵਿਅਕਤੀਆਂ ਨੇ ਗਾਲੀ ਗਲੋਚ ਨਾਲ ਬੁੱਤਾ ਸਾਰਨ ਦੀ ਕੋਸ਼ਿਸ਼ ਕੀਤੀ ਹੈ, ਉਹਨਾਂ ਦਾ ਜਵਾਬ ਦੇਣਾ ਉਚਿਤ ਤਾਂ ਨਹੀਂ (ਕਿਉਂਕਿ ਮੈਂ ਗਾਲੀ ਗਲੋਚ ਵਿਚ ਵਿਸ਼ਵਾਸ਼ ਨਹੀਂ ਰਖਦਾ) ਪਰ ਫੇਰ ਵੀ ਮੈਂ ਬਹਿਸ ਨੂੰ ਅੱਗੇ ਵਧਾਉਣ ਲਈ ਕੁਝ ਢੁਕਵੇਂ ਨੁਕਤਿਆਂ ਦਾ ਉਤਰ ਦੇਣ ਦੀ ਕੋਸ਼ਿਸ਼ ਕਰਾਂਗਾ। ਮੈਂ ਸਮਝਦਾ ਹਾਂ ਕਿ ਪੰਜਾਬੀ ਸਾਹਿਤ ਵਿਚ ਕਿਸੇ ਭਖਵੇਂ ਵਾਦ ਵਿਵਾਦ ਦਾ ਜਨਮ, ਜ਼ਿੰਦਗੀ ਦੀ ਨਿਸ਼ਾਨੀ ਹੈ ਅਤੇ ਅਜਿਹੇ ਗੋਸ਼ਟਾਂ ਨੂੰ ਜੇ ਸਾਡੇ ਲੇਖਕਾਂ ਦੀ 'ਅਬੌਧਿਕ ਬਿਰਤੀ' ਨਾ ਦਬੋਚ ਲਵੇ ਤਾਂ ਇਹਨਾਂ ਤੋਂ ਚੰਗੇ ਨਤੀਜਿਆਂ ਦੇ ਨਿਕਲਣ ਦੀ ਆਸ ਕੀਤੀ ਜਾ ਸਕਦੀ ਹੈ।

ਮੈਂ ਸਭ ਤੋਂ ਪਹਿਲਾਂ ਅਮਰਜੀਤ ਸਿੰਘ ਵਲੋਂ ਉਠਾਏ ਗਏ ਕੁਝ ਨੁਕਤਿਆਂ ਦਾ ਉਤਰ ਦੇਣ ਦਾ ਯਤਨ ਕਰਾਂਗਾ ਕਿਉਂਕਿ ਓਹੋ ਕੇਵਲ ਇਕ ਅਜਿਹਾ ਲੇਖਕ ਹੈ ਜਿਸ ਨੇ ਗਾਲੀ ਗਲੋਚ ਦਾ ਸਹਾਰਾ ਨਹੀਂ ਲਿਆ। ਅਮਰਜੀਤ ਸਿੰਘ ਦੇ ਕਥਨ ਅਨੁਸਾਰ ਵਿਅਕਤੀ ਦੀ

ਮਾਨਸਿਕ ਬਣਤਰ ਮੂਲ ਰੂਪ ਵਿਚ ਪਦਾਰਥਕ ਹਾਲਤਾਂ ਰਾਹੀਂ ਹੀ ਕੰਟਰੋਲ ਹੁੰਦੀ ਹੈ। ਮੈਂ ਇਸ ਗੱਲ ਨਾਲ ਸਹਿਮਤ ਨਹੀਂ ਹਾਂ ਅਤੇ ਇਸ ਨੁਕਤੇ ਦਾ ਉਤਰ ਮੈਂ ਬੜੇ ਵਿਸਥਾਰ ਨਾਲ ਆਪਣੇ ਲੇਖ 'ਸਰਵ ਵਿਆਪਕਤਾ' ਵਿਚ ਦੇ ਚੁਕਾ ਹਾਂ । ਵਿਰਾਟ ਵਿਧੀ, ਜਿਸ ਤੋਂ ਇਤਿਹਾਸਕ ਪਦਾਰਥਵਾਦ ਜਨਮਿਆ ਹੈ, ਸਮਅਰਥਕ ਹੁੰਦੀ ਹੈ, ਵਿਅਕਤੀ ਤੇ ਉਸਦਾ ਵਿਹਾਰ ਇਸ ਵਿਧੀ ਦੀ ਪਕੜ ਤੋਂ ਬਾਹਰ ਹੈ। ਮਿਸਾਲ ਦੇ ਤੌਰ ਤੇ ਇੱਕੋ ਜਿਹੇ ਹਾਲਾਤ ਵਿਚ ਇਕ ਵਿਅਕਤੀ ਆਸ਼ਾਵਾਦੀ ਹੁੰਦਾ ਹੈ ਤੇ ਦੂਜਾ ਨਿਰਾਸ਼ਾਵਾਦੀ। ਇਸ ਸਬੰਧ ਵਿਚ ਮਾਰਕਸਵਾਦੀ ਦਾਰਸ਼ਨਿਕ ਸੰਦਾਂ ਦੀ ਊਣਤਾਈ ਦੀ ਪੁਸ਼ਟੀ ਪਲੈਖਾਨੋਵ ਨੇ ਵੀ ਕੀਤੀ ਹੈ। ਉਹ ਲਿਖਦਾ ਹੈ, "ਅਸੀਂ ਕਿਸੇ ਪ੍ਰਤਿਭਾਸ਼ਾਲੀ ਮਨੁਖ ਦੇ ਸਮੁਚੇ ਵਿਅਕਤਿਤਵ ਦੀ ਵਿਆਖਿਆ ਉਸ ਉਤੇ ਉਸ ਦੇ ਦੁਗਿਰਦੇ ਦੇ ਪੈ ਰਹੇ ਪ੍ਰਭਾਵ ਦੇ ਹਵਾਲੇ ਨਾਲ ਨਹੀਂ ਕਰ ਸਕਦੇ।"

ਅਮਰਜੀਤ ਸਿੰਘ ਅਨੁਸਾਰ ਪ੍ਰਕਿਰਤਕ ਕਵਿਤਾ ਦਾ ਵਿਅਕਤੀ ਗੁਣ ਹੁੰਦਾ ਹੈ। ਪਰ ਉਹ ਇਹ ਸਿੱਧ ਕਰਨ ਵਿਚ ਸਫਲ ਨਹੀਂ ਹੋ ਸਕਿਆ ਕਿ ਇਸ ਨਾਲ ਸ਼੍ਰੇਣੀ ਗੁੱਟ ਕਿਵੇਂ ਸਿਧ ਹੁੰਦਾ ਹੈ। ਮਾਰਕਸਵਾਦੀਆਂ ਦੀ ਮੂਲ ਖਾਮੀ ਹੀ ਇਥੋਂ ਉਪਜਦੀ ਹੈ ਕਿ ਉਹ ਸਿਰਜਣਾਤਮਕ ਕਲਾਕਾਰ ਦੇ ਵਿਅਕਤਿਤਵ ਨੂੰ ਕੋਈ ਮਹਤਤਾ ਨਹੀਂ ਦੇਂਦੇ। ਰਹੀ ਗੱਲ ਸਾਹਿਤ ਤੇ ਕਲਾ ਦੇ ਸ਼੍ਰੇਣੀ ਰਹਿਤ ਹੋਣ ਦੀ। ਇਸ ਸਬੰਧ ਵਿਚ ਮੈਂ ਸ਼ੈਕਸਪੀਅਰ ਸਬੰਧੀ ਲੂਨਾਚਾਰਸਕੀ ਦੇ ਵਿਚਾਰ ਪ੍ਰਸਤੁਤ ਕਰ ਚੁਕਾ ਹਾਂ ਪਰ ਕਿਸੇ ਲੇਖਕ ਨੇ ਉਹਨਾਂ ਨੂੰ ਝੁਠਲਾਉਣ ਦਾ ਯਤਨ ਨਹੀਂ ਕੀਤਾ ਅਤੇ ਨਾ ਹੀ ਚਿਤਰ ਕਲਾ, ਮੂਰਤੀ ਕਲਾ, ਸੰਗੀਤ ਤੇ ਸਾਹਿੱਤ ; ਸਬੰਧੀ ਦਿਤੀਆਂ ਗਈਆਂ ਉਧਾਰਨਾਂ ਦਾ ਕੋਈ ਉਤਰ ਦਿਤਾ ਹੈ।

ਅਮਰਜੀਤ ਸਿੰਘ ਅਨੁਸਾਰ ਸੇਧ ਦੀ ਹੋਂਦ ਉਤੇ ਜ਼ੋਰ ਇਸ ਕਰਕੇ ਦੇਣਾ ਪੈਂਦਾ ਹੈ ਕਿਉਂਕਿ ਸੇਧ ਦੀ ਅਣਹੋਂਦ ਅਸੰਭਵ ਹੈ। ਪਰ ਮਾਰਕਸ ਨੇ ਤਾਂ ਇਹ ਵਿਚਾਰ ਪ੍ਰਗਟ ਕੀਤਾ ਸੀ ਕਿ 'ਕਵੀ ਪ੍ਰਯਤਨਸ਼ੀਲ ਪ੍ਰਾਣੀ ਹਨ। ਸਾਨੂੰ ਚਾਹੀਦਾ ਹੈ ਕਿ ਅਸੀਂ ਉਹਨਾਂ ਨੂੰ ਉਨ੍ਹਾਂ ਦੀ ਮਰਜ਼ੀ ਅਨੁਸਾਰ ਚਲਣ ਦੇਈਏ।' ਸੇਧ ਦੀ ਹੋਂਦ ਉਤੇ ਜ਼ੋਰ ਦੇਣ ਦੇ ਜੋ ਨਤੀਜੇ ਨਿਕਲੇ ਹਨ, ਉਹਨਾਂ ਵਲ ਮੈਂ ਅਮਰਜੀਤ ਸਿੰਘ ਦਾ ਧਿਆਨ ਫੇਰ ਦਿਵਾਉਣਾ ਚਾਹਾਂਗਾ। ਇਸੇ ਰੁਚੀ ਨੇ ਲਾਈ ਸੈਂਕੋ ਦੇ ਕਪਟ ਨੂੰ ਜਨਮ ਦਿਤਾ। ਇਸੇ ਕਾਰਨ ਹੀ ਵਿਗਿਆਨਿਕ ਸਚਾਈਆਂ ਨੂੰ ਵੀ ਮੋੜ ਤੋੜ ਕੇ ਪੇਸ਼ ਕੀਤਾ ਜਾਣ ਲੱਗ ਪਿਆ ਹੈ ਇਸੇ ਰੁਚੀ ਦੇ ਸਿਟੇ ਵਜੋਂ ਮਾਓ ਜ਼ੇ ਤੁੰਗ ਨੇ ਲੇਖਕਾਂ ਤੋਂ ਮੰਗ ਕੀਤੀ ਹੈ ਕਿ ਉਹ ਸੋਸ਼ਲਿਸਟ ਦੇਸ਼ਾਂ ਦੇ ਜੀਵਨ ਦੇ ਕੇਵਲ ਉਜਲੇ ਪੱਖ ਦਾ ਹੀ ਪ੍ਰਾਪੇਗੰਡਾ ਕਰਨ। ਇਸ ਸਬੰਧ ਵਿਚ ਰੂਸੀ ਸਾਹਿਤ ਉਤੇ ਜੋ ਬੀਤੀ ਹੈ ਉਸ ਤੋਂ ਜਾਣੂ ਹੋਣ ਲਈ ਮੇਰੇ ਲੇਖ ਵਿਚ ਪ੍ਰਸਤੁਤ ਕੀਤੇ ਗਏ ਈਲੀਆ ਅਹਰਨ ਬਰਗ ਦੇ ਵਿਚਾਰਾਂ ਨੂੰ ਪੜ੍ਹਣ ਦੀ ਖੇਚਲ ਇਕ ਵਾਰੀ ਫੇਰ ਕੀਤੀ ਜਾਵੇ।

ਅਵਤਾਰ ਸਿੰਘ ਸਾਦਿਕ, ਸਾਧੂ ਸਿੰਘ ਤੇ ਹਰਭਜਨ ਹਲਵਾਰਵੀ ਨੇ ਮੇਰੇ ਵਿਰੁਧ ਆਪਣੇ ਦਿਲ ਦੀ ਕਾਫੀ ਭੜਾਸ ਕਢੀ ਹੈ ਕਿਉਂਕਿ ਮੈਂ ਲਿਖਿਆ ਸੀ ਕਿ ਮਾਰਕਸ ਦਾ ਪਰੋਲਤਾਰੀ ਕੋਈ ਹੱਡਮਾਸ ਦਾ ਵਿਅਕਤੀ ਨਹੀਂ। ਮੈਂ ਸਾਧੂ ਸਿੰਘ ਦਾ ਰਿਣੀ ਹਾਂ ਕਿ ਉਸ ਨੇ ਪਰੋਲਤਾਰੀ ਦੀ ਪਰਿਭਾਸ਼ਾ ਦਿਤੀ ਹੈ। ਜਿਸ ਤੋਂ ਮੇਰੇ ਖਿਆਲ ਨੂੰ ਪੁਸ਼ਟੀ ਮਿਲਦੀ ਹੈ। ਪਰੋਲਤਾਰੀ ਉਹ ਹੁੰਦਾ ਹੈ ਜਿਸ ਕੋਲ ਆਪਣੀ ਕਿਰਤ ਸ਼ਕਤੀ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਹੁੰਦਾ। ਇੰਗਲੈਂਡ ਤੇ

ਅਮਰੀਕਾ ਉਦਯੋਗਿਕ ਖੇਤਰ ਵਿਚ ਬਾਕੀ ਦੇਸ਼ਾਂ ਨਾਲੋਂ ਬਹੁਤ ਅਗੇ ਹਨ। ਇਹਨਾਂ ਦੇਸ਼ਾਂ ਦੇ ਮਜ਼ਦੂਰ ਪਰੋਲਤਾਰੀ ਦੀ ਇਸ ਪਰਿਭਾਸ਼ਾ ਉਤੇ ਜ਼ਰੂਰ ਪੂਰੇ ਉਤਰਨੇ ਚਾਹੀਦੇ ਹਨ। ਪਰ ਅਜਿਹਾ ਨਹੀਂ ਹੈ। ਅਮਰੀਕਾ ਤੇ ਇੰਗਲੈਂਡ ਦੇ ਮਜ਼ਦੂਰਾਂ ਦੀ ਇਕ ਵਡੀ ਗਿਣਤੀ ਕਿਰਤ ਸ਼ਕਤੀ ਤੋਂ ਇਲਾਵਾ ਕਾਫੀ ਸੰਪਤੀ ਦੀ ਵੀ ਮਾਲਿਕ ਹੈ ਅਤੇ ਇਸ ਕਰਕੇ ਉਹ ਇਸ ਪਰਿਭਾਸ਼ਾ ਉਤੇ ਪੂਰੀ ਨਹੀਂ ਉੱਤਰਦੀ। ਬੇਰੋਜ਼ਗਾਰੀ ਬੀਮਾ ਸਕੀਮ ਲਾਗੂ ਹੋਣ ਅਤੇ ਵੈਲਫੇਅਰ ਸਟੇਟ ਦੀ ਸਥਾਪਣਾ ਨਾਲ ਸਥਿਤੀ ਹੋਰ ਵੀ ਬਦਲ ਗਈ ਹੈ। ਪਰ ਜੇ ਕਿਰਤ ਸ਼ਕਤੀ ਨੂੰ ਵੇਚ ਕੇ ਰੋਜ਼ੀ ਕਮਾਉਣ ਨਾਲ ਹੀ ਕੋਈ ਵਿਅਕਤੀ ਪਰੋਲਤਾਰੀ ਬਣ ਜਾਂਦਾ ਹੈ ਤਾਂ ਇੰਜਨੀਅਰ, ਡਾਕਟਰ, ਵਕੀਲ, ਅਧਿਆਪਕ ਆਦਿ ਵੀ ਪਰੋਲਤਾਰੀ ਹੀ ਹੋ ਗਏ, ਕਿਉਂਕਿ ਉਹ ਵੀ ਆਪਣੀ ਕਿਰਤ ਸ਼ਕਤੀ ਵੇਚਕੇ ਹੀ ਰੋਜ਼ੀ ਕਮਾਉਂਦੇ ਹਨ। ਇਸੇ ਤਰ੍ਹਾਂ ਭਾਰਤੀ ਮਜ਼ਦੂਰਾਂ ਵਿਚ ਬਹੁ ਗਿਣਤੀ ਉਹਨਾਂ ਦੀ ਹੈ ਜੋ ਭੂਮੀਦਾਰ ਵੀ ਹਨ, ਪਰ ਭੂਮੀ ਤੋਂ ਆਪਣੀ ਉਪਜੀਵਕਾ ਪੂਰੀ ਤਰ੍ਹਾਂ ਨਾ ਕਮਾ ਸਕਣ ਕਰਕੇ ਫੈਕਟਰੀਆਂ ਵਿਚ ਕੰਮ ਕਰਦੇ ਹਨ। ਮੰਨਣਾ ਪਵੇਗਾ ਕਿ ਇਹਨਾਂ ਸੱਜਣਾਂ ਨੇ ਸਮੱਸਿਆ ਦੀ ਡੂੰਘਾਈ ਵਿਚ ਜਾਏ ਬਿਨਾ ਹੀ, ਆਪਣੀ ਗੱਲ ਮੰਨਵਾਉਣ ਲਈ ਗਾਲੀ ਗਲੋਚ ਦਾ ਸਹਾਰਾ ਲਿਆ ਹੈ। ਉਹਨਾਂ ਨੂੰ ਚਾਹੀਦਾ ਹੈ ਕਿ ਇਸ ਸਮੱਸਿਆ ਨੂੰ ਫੇਰ ਘੋਖਣ ਅਤੇ ਮਜ਼ਦੂਰ ਸ਼ਰੇਣੀ ਤੇ ਪਰੋਲਤਾਰੀ ਵਿਚਲੇ ਅੰਤਰ ਨੂੰ ਸਮਝਣ। ਚੀਨ ਅਤੇ ਵੀਅਤਨਾਮ ਦੀ ਕਰਾਂਤੀ ਪਰੋਲਤਾਰੀ ਕਰਾਂਤੀ ਨਹੀਂ। ਇਹ ਦੋਨੋਂ ਦੇਸ਼ ਉਦਯੋਗਿਕ ਖੇਤਰ ਵਿਚ ਬਹੁਤ ਪੱਛੜੇ ਹੋਏ ਸਨ। ਇਸੇ ਤਰ੍ਹਾਂ ਹੀ ਪੂਰਬੀ ਯੂਰਪ ਦੇ ਸਾਰੇ ਦੇਸ਼ਾਂ ਵਿਚ ਸੋਸ਼ਲਿਸਟ ਰਾਜ ਪਰੋਲਤਾਰੀ ਕ੍ਰਾਂਤੀ ਰਾਹੀਂ ਸਥਾਪਤ ਨਹੀਂ ਹੋਇਆ। ਹਾਂ ਅਸੀਂ ਇਸਨੂੰ ਸਮੁਚੇ ਕਾਮਿਆਂ ਦੀ ਜਿੱਤ ਦਾ ਫਲ ਸਰੂਪ ਆਖ ਸਕਦੇ ਹਾਂ।

ਅਵਤਾਰ ਸਿੰਘ ਸਾਦਿਕ ਨੇ ਮੇਰੀ ਇਸ ਗੱਲ ਤੇ ਵੀ ਕਿੰਤੂ ਕੀਤਾ ਹੈ ਕਿ ਮਾਰਕਸ ਨੇ 'ਸ਼ਰੇਣੀ' ਨੂੰ ਕਿਧਰੇ ਪ੍ਰੀਭਾਸ਼ਤ ਨਹੀਂ ਕੀਤਾ ਹੈ। ਪਰ ਆਪਣੀ ਗੱਲ ਸਿਧ ਕਰਨ ਲਈ ਜੋ ਟੂਕ ਦਿੱਤੀ ਹੈ, ਉਸ ਨਾਲ ਗਲ ਸਿਰੇ ਨਹੀਂ ਚੜ੍ਹਦੀ। ਇਹ ਗੱਲ ਅਜਿਹੀ ਹੈ ਜਿਵੇਂ ਕੋਈ ਆਖੇ ਕਿ ਰੰਗ ਕੀ ਹੈ ਅਤੇ ਫੇਰ ਉਤਰ ਦੇਵੇ ਕਿ ਰੰਗ ਕਾਲਾ ਵੀ ਹੁੰਦਾ ਹੈ, ਹਰਾ, ਪੀਲਾ, ਚਿਟਾ ਤੇ ਲਾਲ ਵੀ। ਪਰਿਭਾਸ਼ਾ ਦੀ ਸਮਸਿਆ ਕੇਵਲ ਸ਼ਰੇਣੀਆਂ ਦੇ ਨਾਂ ਗਿਣਵਾਕੇ ਨਹੀਂ ਸੁਲਝਾਈ ਜਾ ਸਕਦੀ। ਅਤੇ ਕਰਿਸਟੋਫਰ ਕਾਡਵੇਲ ਦੀ ਪਰਿਭਾਸ਼ਾ ਉਤੇ ਉਹਨਾਂ ਨੂੰ ਕੀ ਇਤਰਾਜ਼ ਹੈ ? ਕੀ ਉਹ ਮਾਰਕਸਵਾਦੀ ਨਹੀਂ ?

ਸੁਰਜੀਤ ਅਨੁਸਾਰ ਮਜ਼ਦੂਰ ਸ਼ਰੇਣੀ ਦਾ ਆਪਣਾ ਸਾਹਿਤ ਹੁੰਦਾ ਹੈ ਤੇ ਕਾਬਜ਼ ਸ਼ਰੇਣੀ ਦਾ ਆਪਣਾ। ਸਾਹਿਤ ਦਾ ਕੋਈ ਵੀ ਵਿਦਿਆਰਥੀ ਇਸ ਸਿਧਾਂਤ ਨਾਲ ਸਹਿਮਤੀ ਪਰਗਟ ਨਹੀਂ ਕਰ ਸਕਦਾ। ਰਾਮਾਇਣ ਤੇ ਮਹਾਂਭਾਰਤ ਰਾਜਿਆਂ ਦੀਆਂ ਗਾਥਾਵਾਂ ਹਨ। ਕੀ ਮਜ਼ਦੂਰ ਸ਼ਰੇਣੀ ਨੇ ਇਹਨਾਂ ਨੂੰ ਤਿਆਗ ਦਿਤਾ ਹੈ ? ਹੋਮਰ, ਦਾਂਤੇ, ਗੈਟੇ, ਸ਼ੈਕਸਪੀਅਰ, ਕਾਲੀਦਾਸ, ਗਾਲਿਬ ਦੀਆਂ ਰਚਨਾਵਾਂ ਮਜ਼ਦੂਰ ਸ਼ਰੇਣੀ ਦੇ ਹਿਤ ਨੂੰ ਦਰਿਸ਼ਟੀ ਗੋਚਰ ਰਖਕੇ ਨਹੀਂ ਲਿਖੀਆਂ ਗਈਆਂ। ਪਰ ਕੀ ਮਜ਼ਦੂਰ ਸ਼ਰੇਣੀ ਦੇ ਹਿਰਦੇ ਵਿਚ ਇਹਨਾਂ ਮਹਾਨ ਕਲਾਕਾਰਾਂ ਦੀਆਂ ਰਚਨਾਵਾਂ ਲਈ ਕੋਈ ਥਾਂ ਨਹੀਂ। ਸਾਹਿਤ ਨੂੰ ਆਰਥਕ ਸ਼ਰੇਣੀਆਂ ਦੇ ਘੋਲ ਦਾ ਅਖਾੜਾ ਨਹੀਂ ਬਣਾ-ਇਆ ਜਾ ਸਕਦਾ। ਜੇ ਅਜਿਹਾ ਹੁੰਦਾ ਤਾਂ ਮਾਰਕਸ ਨੇ ਸ਼ੈਕਸਪੀਅਰ ਦੀ ਕਦੇ ਏਨੀ ਸ਼ਲਾਘਾ

ਨਹੀਂ ਕਰਨੀ ਸੀ।

ਸੁਰਜੀਤ ਨੇ ਇਹ ਵੀ ਵਿਚਾਰ ਪਰਗਟ ਕੀਤਾ ਹੈ ਕਿ ਕਲਾਕਾਰ ਆਪਣੇ ਵਿਚਾਰ ਤਾਂ ਹੀ ਸਹੀ ਸਾਬਤ ਕਰ ਸਕਦਾ ਹੈ ਜੇ ਉਹ ਮਨੁੱਖ ਮਾਤਰ ਦੇ ਕਿਸੇ ਅੰਗ, ਕਿਸੇ ਸ਼ਰੇਣੀ ਜਾਂ ਸਾਰੀ ਮਨੁਖਤਾ ਦੇ ਵਿਚਾਰਾਂ ਨਾਲ ਮੇਲ ਖਾਵੇ। ਜੇ ਕਲਾਕਾਰ ਦੇ ਵਿਚਾਰਾਂ ਨੇ ਸਾਰੀ ਮਨੁੱਖਤਾ ਦੇ ਵਿਚਾਰਾਂ ਨਾਲ ਹੀ ਮੇਲ ਖਾਣਾ ਹੈ ਤਾਂ ਸ਼ਰੇਣੀ ਘੋਲ ਵਾਲੀ ਸਾਰੀ ਦਲੀਲ ਗਲਤ ਸਿੱਧ ਹੋ ਜਾਂਦੀ ਹੈ। ਇਸ ਗੱਲ ਨੂੰ ਸਵੀਕਾਰ ਕਰਕੇ ਉਹਨਾਂ ਨੇ ਆਪਣੀ ਦਲੀਲ ਦਾ ਆਪ ਹੀ ਗਲਾ ਕੱਟ ਦਿਤਾ ਹੈ। ਪਰ ਮੈਂ ਇਹ ਵੀ ਸਪੱਸ਼ਟ ਕਰ ਦਿਆਂ ਕਿ ਕਲਾਕਾਰ ਨੂੰ ਆਪਣੇ ਵਿਚਾਰਾਂ ਨੂੰ ਸਹੀ ਸਾਬਤ ਕਰਨ ਦੀ ਲੋੜ ਨਹੀਂ ਹੁੰਦੀ। ਹੋਮਰ ਦੇਵੀ ਦੇਵਤਿਆਂ ਵਿਚ ਵਿਸ਼ਵਾਸ਼ ਰਖਦਾ ਸੀ, ਪਰ ਅਸੀਂ ਅਜਿਹਾ ਨਾ ਕਰਦੇ ਹੋਏ ਵੀ ਉਸਦੀ ਰਚਨਾ ਦਾ ਰਸ ਮਾਣਦੇ ਹਾਂ। ਸ਼ੇਕਸੀ-ਪੀਅਰ ਨੇ ਹੈਮਲਟ ਵਿਚ ਭੂਤਾਂ ਦਾ ਜ਼ਿਕਰ ਕੀਤਾ ਹੈ ਪਰ ਜੇ ਅਸੀਂ ਭੂਤਾਂ ਪਰੇਤਾਂ ਵਿਚ ਵਿਸ਼ਵਾਸ਼ ਨਾ ਵੀ ਕਰੀਏ ਤਾਂ ਵੀ ਸ਼ੇਕਸਪੀਅਰ ਦੀ ਕਲਾਤਮਕ ਸ਼ਕਤੀ ਤੋਂ ਮੁਨਕਰ ਨਹੀਂ ਹੋ ਸਕਦੇ। ਉਹ ਆਪਣੀ ਅਵਿਗਿਆਨਿਕ ਦਰਿਸ਼ਟੀ ਦੇ ਬਾਵਜੂਦ ਆਪਣੀ ਕਲਾ ਦਾ ਲੋਹਾ ਮੰਨਵਾ ਲੈਂਦਾ ਹੈ। ਸੁਰਜੀਤ, ਡਾ: ਗੁਰਚਰਨ ਸਿੰਘ ਅਤੇ ਸਾਧੂ ਸਿੰਘ ਅਨੁਸਾਰ ਸਾਹਿਤ ਨੂੰ ਰਾਜਨੀਤੀ ਨਾਲੋਂ ਨਖੇੜਿਆਂ ਨਹੀਂ ਜਾ ਸਕਦਾ। ਮੇਰੇ ਇਹਨਾਂ ਮਿੱਤਰਾਂ ਨੂੰ ਇਸ ਗੱਲ ਦਾ ਬੜਾ ਗੁੱਸਾ ਲਗਾ ਹੈ ਕਿ ਮੈਂ ਗੋਰਕੀ ਦੇ ਕਥਨਾਂ ਦੀਆਂ ਟੂਕਾਂ ਆਪਣੇ ਵਿਚਾਰਾਂ ਦੀ ਪੁਸ਼ਟੀ ਵਿਚ ਕਿਉਂ ਦਿਤੀਆਂ। ਮੈਂ ਇਸ ਸਬੰਧ ਵਿਚ ਪਹਿਲਾਂ ਕਾਫੀ ਵਿਸਥਾਰ ਨਾਲ ਲਿਖ ਚੁਕਾ ਹਾਂ। ਹੁਣ ਕੇਵਲ ਉਹਨਾਂ ਨੂੰ ਇਹ ਯਾਦ ਕਰਵਾਉਣਾ ਉਚਿਤ ਸਮਝਦਾ ਹਾਂ ਕਿ ਫਰਾਂਜ਼ ਮਿਹਰੰਗ ਅਨੁਸਾਰ, ਮਾਰਕਸ ਆਪਣੇ ਸਾਹਿਤਕ ਮੂਲ ਅੰਕਣ ਵਿਚ ਸਮਾਜਕ ਅਤੇ ਰਾਜਸੀ ਤੁਅੱਸਬ ਤੋਂ ਪੂਰਨ ਤੌਰ ਤੇ ਆਜ਼ਾਦ ਸੀ ਜਿਵੇਂ ਕਿ ਉਸਦੀ ਸ਼ੇਕਸਪੀਅਰ ਦੀ ਪ੍ਰਸੰਸਾ ਤੋਂ ਪਤਾ ਲਗਦਾ ਹੈ।

ਸੁਰਜੀਤ ਅਤੇ ਡਾ: ਗੁਰਚਰਨ ਸਿੰਘ ਅਨੁਸਾਰ ਸਮੂਹ ਸਿਰਜਣਾ ਕਰਦਾ ਹੈ, ਅਤੇ ਵਿਅਕਤੀ ਇਸ ਸਮਹੂਕ ਸਿਰਜਣਾ ਨੂੰ ਆਪਣੀਆਂ ਕਿਰਤਾਂ ਵਿਚ ਉਲਥਾਂਦਾ ਹੈ। ਇਸ ਬਾਰੇ ਈਲੀਆ ਅਹਰਨ ਬਰਗ ਦੀ ਟਿੱਪਣੀ ਬੜੀ ਮਹੱਤਵ ਪੂਰਨ ਹੈ, "ਜੇ ਸਮਾਜ ਹੀ ਨਿਊਟਨ, ਕੋਪਰਨੀਕਸ ਮੈਂਡਲ ਜਾਂ ਆਇਨਸਟਾਇਨ ਨੂੰ ਇਸ ਗੱਲ ਤੇ ਪਰੇਰਨ ਲਈ ਕਾਫੀ ਹੁੰਦੀ ਕਿ ਉਨ੍ਹਾਂ ਕਿਸ ਗੱਲ ਦੀ ਖੋਜ ਕਰਨੀ ਹੈ ਤੇ ਕੀ ਲੱਭਣਾ ਹੈ ਤਾਂ ਉਨ੍ਹਾਂ ਦੀ ਪ੍ਰਤਿਭਾ ਦੀ ਲੋੜ ਨਾ ਹੁੰਦੀ ਅਤੇ ਨਾ ਹੀ ਕੋਈ ਆਵਿਸ਼ਕਾਰ ਹੋ ਸਕਦਾ। ਨਾ ਹੀ ਹੈਲਵੀਤੀਅਸ, ਰੂਸੋ ਤੇ ਨ ਹੀ ਸੈਂਟ ਸਾਇਮਣ ਸਟੈਂਡਲ ਨੂੰ ਮਨੁੱਖੀ ਆਤਮਾ ਦੇ ਆਵਿਸ਼ਕਾਰ ਲਈ ਪਰੇਰ ਸਕਦੇ।" ਪ੍ਰਾਚੀਨ ਯੂਨਾਨ ਵਿੱਚ ਸਪਾਰਟਾ ਅਤੇ ਏਥਨਜ਼ ਦੀ ਸਮਾਜਿਕ ਸਥਿਤੀ ਇਕੋ ਪੱਧਰ ਦੀ ਸੀ, ਉਨ੍ਹਾਂ ਵਿਚ ਇਕੋ ਤਰ੍ਹਾਂ ਦੀ ਆਰਥਿਕ ਨਜ਼ਾਮ ਸੀ, ਦੋਵੇਂ ਆਰਥਕ ਤੌਰ ਤੇ ਖੁਸ਼ਹਾਲ ਸਨ, ਪਰ ਏਥਨਜ਼ ਵਿਚ ਸੁਕਰਾਤ, ਅਰੱਸਤੂ ਤੇ ਅਫਲਾਤੂਨ ਨੇ ਜਨਮ ਲਿਆ ਪਰ ਇਸ ਦੇ ਟਾਕਰੇ ਵਿਚ ਸਪਾਰਟਾ ਨੇ ਕੋਈ ਮਹਾਨ ਵਿਚਾਰਵਾਨ ਪੈਦਾ ਨ ਕੀਤਾ। ਸਰਵੋਤਮ ਕਲਾ ਦੇ ਇਤਿਹਾਸ ਵਿਚ ਪ੍ਰਤਿਭਾਸ਼ਾਲੀ ਵਿਅਕਤੀ ਹੀ ਪ੍ਰਧਾਨ ਹੈ, ਅਸੀਂ ਉਸਦੇ ਮਹੱਤਵ ਨੂੰ ਅੱਖੋਂ ਉਹਲੇ ਕਰਕੇ ਇਸ ਗੁੰਝਲ ਨੂੰ ਨਹੀਂ ਸੁਲਝਾ ਸਕਦੇ। ਮਾਰਕਸ ਦੇ ਕਥਨ ਅਨੁਸਾਰ "ਕਲਾ ਦੇ ਉੱਤਮ ਵਿਕਾਸ ਦੇ ਕਈ ਯੁਗਾਂ ਦਾ ਨਾ ਤੇ ਸਮਾਜ ਦੇ ਸਾਮਾਨਯ ਵਿਕਾਸ ਨਾਲ ਕੋਈ ਸਬੰਧ ਹੈ ਨਾ ਹੀ ਪਦਾਰਥਕ ਨੀਂਹ ਨਾਲ।"

ਹਰਭਜਨ ਹਲਵਾਰਵੀ ਨੂੰ ਮੇਰੀ ਇਸੇ ਗੱਲ ਤੇ ਬੜਾ ਗੁੱਸਾ ਆਇਆ ਲਗਦਾ ਹੈ ਕਿ ਸਿਰਜਣਾ ਦੇ ਵਿਕਾਸ ਦੇ ਆਪਣੇ ਅਸੂਲ ਹੁੰਦੇ ਹਨ। ਮੈਂ ਏਥੇ ਉਨ੍ਹਾਂ ਦੇ ਸਨਮੁਖ ਮਾਰਕਸ ਦਾ ਇਹ ਕਥਨ ਪ੍ਰਸਤੁਤ ਕਰਨ ਦਾ ਹੀਆ ਕਰਦਾ ਹਾਂ ਕਿ, "ਮਨੁੱਖ ਸੌਂਦਰਯ ਦੇ ਨਿਯਮਾਂ ਅਨੁਸਾਰ ਵੀ ਸਿਰਜਣਾ ਕਰਦਾ ਹੈ।"

ਮੈਨੂੰ ਇਸ ਗੱਲ ਦਾ ਅਫਸੋਸ ਹੈ ਕਿ ਮੈਂ ਇਹ ਲੇਖ ਲਿਖ ਕੇ ਡਾ: ਗੁਰਚਰਨ ਸਿੰਘ ਨੂੰ 'ਸਿਰ ਖਪਾਈ' ਲਈ ਉਤੇਜਤ ਕੀਤਾ। ਸ਼ਾਇਦ ਇਸੇ ਲਈ ਉਨ੍ਹਾਂ ਨੇ ਮੇਰੀ ਕਾਫੀ ਭੁਗਤ ਸੰਵਾਰੀ ਹੈ। ਪਰ ਫੇਰ ਵੀ ਮੈਨੂੰ ਉਨ੍ਹਾਂ ਦੇ ਇਸ 'ਬੜੀ ਮਹੱਤਵ ਪੂਰਨ ਸਮੱਸਿਆ ਤੇ ਵਧੇਰੇ ਨਿਰਣਾ ਮਈ ਤੇ ਵਿਸਤ੍ਰਿਤ ਲੇਖ' ਦਾ ਇੰਤਜ਼ਾਰ ਰਹੇਗਾ, ਜਿਸ ਲਈ ਉਨ੍ਹਾਂ ਨੇ ਅਲੱਗ ਉਪਰਾਲਾ ਕਰਨ ਦਾ ਵਿਚਾਰ ਕੀਤਾ ਹੈ। ਮੈਂ ਸ੍ਰੀ ਹਰਭਜਨ ਹਲਵਾਰਵੀ ਦਾ ਵੀ ਮਸ਼ਕੂਰ ਹਾਂ ਕਿਉਂਕਿ ਉਨ੍ਹਾਂ ਨੇ ਸਭ ਤੋਂ ਵਧ ਗਾਲੀ ਗਲੋਚ ਕਰਕੇ ਇਹ ਸਿਧ ਕਰ ਦਿੱਤਾ ਹੈ ਕਿ ਉਹ ਤੇ ਉਨ੍ਹਾਂ ਦੇ ਹਮਾਇਤੀ ਕਿਸ ਕਿਸਮ ਦੀ ਬਹਿਸ ਕਰ ਸਕਦੇ ਹਨ। ਮੈਂ ਸ੍ਰੀ ਸਾਧੂ ਸਿੰਘ ਜੀ ਦਾ ਵੀ ਰਿਣੀ ਹਾਂ ਜਿਨ੍ਹਾਂ ਨੇ ਮੇਰੇ ਸ਼ੰਕਿਆਂ ਦਾ ਸਮਾਧਾਨ ਕਰਨ ਦਾ ਵਚਨ ਦਿੱਤਾ ਹੈ। ਮੈਂ ਉਨ੍ਹਾਂ ਦੀ ਖਾਹਿਸ਼ ਅਨੁਸਾਰ ਇਸ ਲੇਖ ਵਿਚ ਉਠਾਏ ਗਏ 'ਮਹੱਤਵ ਪੂਰਨ ਨੁਕਤਿਆਂ ਬਾਰੇ ਸਵਾਲਾਂ ਨੂੰ ਗੱਲ ਗੱਡ ਕਰਨ ਦੀ ਥਾਂ, ਹਰ ਇਕ ਬਾਰੇ ਵੱਖਰਾ ਵੱਖਰਾ ਲੇਖ ਲਿਖਣ' ਦਾ ਯਤਨ ਕਰਾਂਗਾ, ਤਾ ਕਿ ਬਹਿਸ ਨੂੰ ਵਧੇਰੇ ਨਿਸ਼ਚਿਤ ਤੇ ਲਾਹੇਵੰਦ ਲੀਹਾਂ ਉਤੇ ਅਗਾਂਹ ਤੋਰਿਆ ਜਾ ਸਕੇ।

ਪਿਆਰ ਨਾਲ, ਤੁਹਾਡਾ,

ਪ੍ਰੀਤਮ ਸਿੰਘ

ਸਿਰਜਣਾ ਮਿਲ ਗਿਆ ਸੀ, ਬੜਾ ਪਿਆਰਾ ਮੈਟਰ ਪੜ੍ਹਨ ਨੂੰ ਮਿਲਿਆ। ਐਤਕੀਂ ਕਵਿਤਾ ਭਾਗ ਵੀ ਬੜਾ ਖੂਬਸੂਰਤ ਸੀ। (ਮੇਰੀਆਂ ਕਵਿਤਾਵਾਂ ਜੁ ਵਿਚ ਸਨ !) ਗਿੱਲ ਦੀ ਕਵਿਤਾ ਸੱਚ ਮੁੱਚ ਉਸਦੇ ਮਨ ਦੀ ਤਰਜਮਾਨੀ ਕਰ ਰਹੀ ਸੀ। ਹੁੰਦਲ ਚੰਗੇ ਸਕੈਚ ਖਿਚਦਾ ਹੈ। ਸੁਖਬੀਰ ਦਾ ਰਾਤ ਦਾ ਅਨੁਭਵ ਗੰਭੀਰ ਹੈ।

ਤਰਸੇਮ ਸੋਹਣਾ ਨਾਟਕ ਆਲੋਚਕ ਹੈ।

ਹੁੰਦਲ ਨੇ ਫਤਿਹਜੀਤ ਦੀ ਪੁਸਤਕ ਦਾ ਬੜਾ ਹੀ ਸ਼ਾਨਦਾਰ ਅਧਿਅਨ ਸਾਹਮਣੇ ਰਖਿਆ ਹੈ। ਮੇਰੀ ਮੁਬਾਰਕਬਾਦ ਦਈਂ ਸੂ ਤੇ ਫਤਿਹਜੀਤ ਨੂੰ ਵੀ।

ਸੇਖੋਂ ਸਾਹਿਬ ਦਾ ਲੇਖ ਵਿਦਵਤਾ ਭਰਿਆ ਹੈ ਅਤੇ ਗੁਰਦਿਆਲ ਸਿੰਘ ਵਲੋਂ ਉਠਾਈ ਸਮਸਿਆ ਯਥਾਰਥਕ।

ਤੇਰੀ ਚਰਚਾ ਦੇ ਇਸ ਵਾਰ ਸਾਰੇ ਲੇਖ ਪ੍ਰਸ਼ੰਸਾ ਜਨਕ ਹਨ। ਮੈਂ ਪ੍ਰੀਤਮ ਸਿੰਘ ਹੋਰਾਂ ਨੂੰ ਲਿਖਿਆ ਹੈ ਕਿ ਉਹ ਸਾਰੀ ਬਹਿਸ ਦੇ ਸਿੱਟੇ ਵਜੋਂ ਉਤਰ ਵਿਚ ਆਪਣੇ ਵਿਚਾਰ ਪੇਸ਼ ਕਰਨ।

ਮੋਹਨਜੀਤ (ਪੱਟੀ)

ਸਿਰਜਣਾ ਦਾ ਜਨਵਰੀ ਮਾਰਚ ਅੰਕ ਮਿਲਿਆ ਹੈ। ਮਿਹਰਬਾਨੀ। ਰਾਤ ਬਾਰੇ ਸੁਖਬੀਰ ਹੋਰਾਂ ਦੀਆ ਨੌਂ ਨਜ਼ਮਾਂ ਪੜ੍ਹਕੇ ਸੋਚਦਾ ਪਿਆਂ ਆਪਣੀ ਖੁਸ਼ਨਸੀਬੀ ਬਾਰੇ। ਇਤਨੀ ਉਚ ਪੱਧਰ ਦੀਆਂ ਨਜ਼ਮਾਂ ਪੜ੍ਹਨਾ ਵਾਕਈ ਮੇਰੀ ਖੁਸ਼ਨਸੀਬੀ ਹੈ। ਹਰਭਜਨ ਹੁੰਦਲ, ਵਰਿਆਮ-ਅਸਰ ਤੇ ਮਹਿੰਦਰ ਦੁਸਾਂਝ ਦੀਆਂ ਨਜ਼ਮਾਂ ਵੀ ਬੜੀਆਂ ਚੰਗੀਆਂ ਲੱਗੀਆਂ। ਸਾਹਿਤ ਤੇ ਸ਼ਰੇਣੀ

ਘੱਲ ਦੇ ਨਾਂ ਹੋਣ ਅਜੇ ਵਿਨੋਦ ਹੋਰਾਂ ਦਾ ਲੇਖ ਹੀ ਪੜ੍ਹ ਸਕਿਆ ਹਾਂ। ਸੇਖੋਂ ਜੀ ਦੇ ਮਜ਼ਮੂਨ ਬਾਰੇ ਪੂਰਾ ਛਪ ਜਾਣ ਮਗਰੋਂ ਹੀ ਕੁਝ ਕਿਹਾ ਜਾ ਸਕਦਾ ਹੈ।

ਸਿਰਜਣਾ ਪਹਿਲੀ ਵਾਰੀ ਵੇਖਿਆ ਹੈ। ਕਾਸ਼ ਇਹ ਖ਼ੂਬਸੂਰਤ ਪਰਚਾ ਮੈਂ ਸ਼ੁਰੂ ਤੋਂ ਹੀ ਪੜ੍ਹ ਰਿਹਾ ਹੁੰਦਾ।

ਅਹਿਮਦ ਸਲੀਮ (ਲਾਹੌਰ)

ਪਰਚੇ ਦਾ ਬਹਿਸ ਵਾਲਾ ਭਾਗ ਬਹੁਤ ਦਿਲਚਸਪ ਤਾਂ ਨਹੀਂ ਪਰ ਸਾਧੂ ਸਿੰਘ ਦਾ ਲੇਖ ਅਸਰਦਾਇਕ ਜ਼ਰੂਰ ਹੈ। "ਅਬੋਧਿਕ ਬਿਰਤੀ" ਬਾਰੇ ਤੁਹਾਡੇ ਵਿਚਾਰ ਚੰਗੇ ਹਨ। ਇਸ ਨਾਲ ਨਿਪਟਣ ਲਈ ਯੁਧ ਨੀਤੀ ਦਾ ਮੈਦਾਨ ਉਸਾਰਨਾ, "ਸਾਹਿਤ ਤੇ ਸ਼ਰੇਣੀ ਘੋਲ" ਬਾਰੇ ਵਿਸ਼ੇ ਨੂੰ ਚਾਲੂ ਰਖਣਾ ਸਮੇਂ ਦੀ ਗੰਭੀਰ ਆਵਸ਼ਕਤਾ ਹੈ। ਪ੍ਰਗਤਿਵਾਦ ਦਾ ਰੂਪ ਘੋਲ ਵਿਚੋਂ ਹੀ ਨਿਖਰੇਗਾ। ਜਿਸ ਵਿਸ਼ੇ ਬਾਰੇ ਗੁਰਦਿਆਲ ਨੇ ਲਿਖਿਆ ਹੈ ਉਸ ਬਾਰੇ ਅਵੇਸਲਾ ਰਹਿਣਾ ਸਾਹਿਤ ਨੂੰ ਲੋਕਾਂ ਤੋਂ ਪਰੇਡੇ ਰੱਖਣਾ ਹੈ।

ਅਵਤਾਰ ਸਾਦਿਕ (ਲਿਸਟਰ, ਬਰਤਾਨੀਆ)

## ਕ੍ਰਾਂਤੀਸ਼ੀਲ ਆਧੁਨਿਕਤਾ

'ਕ੍ਰਾਂਤੀਸ਼ੀਲ ਆਧੁਨਿਕਤਾ' ਬਾਰੇ ਤੇਰਾ ਲੇਖ (ਨਹੀਂ ਐਡੀਟੋਰੀਅਲ) ਪੜ੍ਹਿਆ ਹੈ। ਆਧੁਨਿਕਤਾ ਸਦਾ ਕ੍ਰਾਂਤੀਸ਼ੀਲ ਹੁੰਦੀ ਹੈ। 1965 ਦੇ ਆਰੰਭ ਵਿਚ ਛਾਪੇ ਆਪਣੇ ਪੱਤਰਾਂ 'ਆਧੁਨਿਕਤਾ ਦੀ ਲਹਿਰ,' 'ਅਧੁਨਿਕਤਾ ਤੇ ਰੋਮਾਂਟਕਤਾ' ਵਿਚ ਇਹ ਗੱਲ ਮੈਂ ਖੋਲ੍ਹ ਕੇ ਲਿਖੀ ਸੀ ਕਿ ਆਧੁਨਿਕਤਾ ਪ੍ਰਤਿਗਾਮੀ, ਨਾਂਹ ਵਾਚਕ ਤੇ ਪ੍ਰਗਤੀ ਵਿਰੋਧੀ ਨਹੀਂ—ਗਤੀਸ਼ੀਲ, ਹਾਂ ਵਾਚਕ ਤੇ ਅਗਰਗਾਮੀ ਹੈ। ਨਕਾਰਾਤਮਕਤਾ ਇਸ ਦਾ ਆਰੰਭਕ ਪੜਾ ਸੀ। ਤੁਹਾਡਾ ਦ੍ਰਿਸ਼ਟਾਂਤ ਇਹ ਹੈ ਕਿ ਤੁਸੀਂ ਬਚੇ ਤੇ ਜਵਾਨ ਨੂੰ ਬੁਢੇ ਦੇ ਰੂਪ ਵਿਚ ਪਰਖਣਾ ਚਾਹੁੰਦੇ ਹੋ। ਇਹ ਜਾਇਜ਼ ਨਹੀਂ। ਆਧੁਨਿਕਤਾ ਵਿਕਾਸ ਦੇ ਵੱਖ ਵੱਖ ਪੜਾ ਸਰ ਕਰ ਰਹੀ ਹੈ, ਹਾਲੇ ਮੰਜ਼ਲ ਤੇ ਨਹੀਂ ਪੁਜੀ। ਇਹ ਹਾਲੇ ਭਰ ਜਵਾਨ ਹੋਈ ਹੈ ਬੁਢੀ ਨਹੀਂ। ਬੁਢੇਪੇ ਵਾਲੀ ਬੀਮਾਰ ਆਲੋਚਨਾ ਜਵਾਨ ਖਰਮਸਤੀ 'ਤੇ ਨਹੀਂ ਹੋਣੀ ਚਾਹੀਦੀ। 'ਹੁਣ ਮੈਂ ਜ਼ੀਰੋ ਨਹੀਂ' ਛਪ ਰਹੀ ਹੈ, ਪੜ੍ਹ ਕੇ ਗੱਲ ਕਰੀਂ ਇਹ ਨਕਾਰਾਤਮਕ ਹੈ ਜਾਂ ਕੁਝ ਹੋਰ। ਆਧੁਨਿਕਤਾ ਲਈ ਜ਼ਿੰਦਗੀ ਦਾ ਕੋਈ ਵਿਸ਼ਾ ਵਰਜਿਤ ਨਹੀਂ। ਸਮਗਰਤਾ (Totality of Life) ਇਸਦਾ ਆਧਾਰਸ਼ਿਲਾ ਹੈ। ਜ਼ਿੰਦਗੀ ਦਾ ਇਕ ਵਿਸ਼ਾ ਇਕ ਪੱਖ ਹੀ ਇਸਦਾ ਥੀਮ ਨਹੀਂ। ਅਜਿਹਾ ਕਰਨ ਨਾਲ ਅਸੀਂ ਇਸਦੇ ਅਰਥਾਂ ਨੂੰ ਸੀਮਤ ਕਰ ਦਿਆਂਗੇ। ਇਹ ਉਚਿਤ ਨਹੀਂ। ਬਹਿਸ ਜਾਰੀ ਰਹਿਣੀ ਚਾਹੀਦੀ ਹੈ।

ਅਜਾਇਬ ਕਮਲ (ਨੈਰੋਬੀ, ਕੇਨੀਆ)

ਨਵੇਂ ਵਰ੍ਹੇ ਦਾ ਸਿਰਜਣਾ ਪੜ੍ਹਿਆ, ਕਾਫੀ ਪਸੰਦ ਆਇਆ। ਜ਼ਿਆਦਾ ਕਵਿਤਾਵਾਂ ਪਰਚੇ ਤੇ ਕੁਝ ਵਾਧੂ ਭਾਰ ਲਗਦੀਆਂ ਹਨ। ਕੁਝ ਕੁ ਚੰਗੀਆਂ ਵੀ ਹਨ ਜਿਵੇਂ ਤ੍ਰੈਲੋਚਨ ਦੀ "ਆਪੇ ਦੀ ਕੈਦ ਤੋਂ" ਅਤੇ ਪ੍ਰਮਿੰਦਰਜੀਤ ਦੀ "ਇਕ ਹੋਰ ਸੂਲੀ" ਸਲਾਹੁਣ ਯੋਗ ਹਨ। ਜਰਮਨ ਕਹਾਣੀ ਅਤੇ ਹਮਾਯੂੰ ਕਬੀਰ ਦੀ ਵਿਦਰੋਹੀ ਸਾਹਿਤਕ ਪੱਖ ਤੋਂ ਸਫਲ ਕਹਾਣੀਆਂ ਹਨ। ਸਰਵਣ "ਉਡਦੀ ਧੂੜ ਦਿਸੇ" ਵਿਚ ਆਪ ਖੋ ਗਿਆ ਲਗਦਾ ਹੈ। ਧੂੜ ਦਿਸਦੀ ਹੈ ਪਰ ਸਰਵਣ ਦਾ ਚਿਹਰਾ ਸਾਫ ਨਹੀਂ ਦਿਸਦਾ। ਨਿਬੰਧ ਤਾਂ ਸਦਾ ਹੀ ਸਿਰਜਣਾ ਦੀ ਸ਼ਾਨ

ਹੁੰਦੇ ਹਨ। ਇਸ ਪੱਖ ਤੋਂ ਤਾਂ ਸਿਰਜਣਾ ਬਹੁਤ ਹੀ ਠੋਸ ਹੈ। ਜੇਕਰ ਵਾਧੂ ਕਵਿਤਾਵਾਂ ਦੀ ਥਾਂ ਆਲੋਚਨਾਤਮਕ ਲੇਖ ਦੇ ਦਿਤੇ ਜਾਇਆ ਕਰਨ ਤਾ ਹੋਰ ਵੀ ਜਚ ਜਾਏ।

ਜਗਮੋਹਨ ਸਿੰਘ ਹਾਂਸ (ਪਲਾ ਅਲੂਣਾ, ਲੁਧਿਆਣਾ)

ਸਿਰਜਣਾ ਪੁੱਜਾ। ਸੇਖੋਂ ਸਾਹਿਬ ਦਾ ਲੇਖ ਪੜ੍ਹਨ ਉਪਰੰਤ ਵੀ ਜੇ ਇਹ ਅਣਪੜ੍ਹ ਲੋਕ ਜੋ ਪੰਜਾਬੀ ਮਾਂ ਨੂੰ ਬਚਾਉਣ ਦੇ ਝੰਡੇ ਖੜੇ ਕਰਕੇ ਕੇਵਲ ਆਪਣੇ ਮਨ ਦੀ ਆਪਾ ਪ੍ਰਗਟਾਊ ਰੁਚੀ ਨੂੰ ਸੰਤੁਸ਼ਟ ਕਰਕੇ ਆਪਣੀ ਘੱਟ ਵਿਕਸਤ ਬੁੱਧੀ ਦਾ ਸਬੂਤ ਦਿੰਦੇ ਹਨ, ਕੁਝ ਨਹੀਂ ਸਮਝਦੇ ਤਾਂ ਦੋ ਲੇਖ ਹੋਰ ਲਿਖਣ ਬਾਅਦ ਸੇਖੋਂ ਸਾਹਿਬ ਨੂੰ ਕਹੋ ਸਮਾਂ ਜ਼ਾਇਆ ਨਾ ਕਰਨ—"ਮੂਰਖ ਨਾਲ ਨਾ ਜੂਝੀਐ"—ਤੇਰੀ ਸੰਪਾਦਕੀ ਦ੍ਰਿਸ਼ਟੀ ਤੋਂ ਪਤਾ ਲਗਦਾ ਹੈ ਕਿ ਦੋਨੋ ਧਿਰਾਂ ਅਤਿ ਆਧੁਨਿਕ ਪ੍ਰਯੋਗਵਾਦੀਏ ਅਤੇ ਸਿਰਜਣਾ ਸਮਰੱਥਕ ਕੱਟੜ ਮਾਰਕਸਵਾਦੀ ਇਕ ਦਿਨ ਇਕ ਸਮਝੌਤਾ ਬਿੰਦੂ 'ਤੇ ਮਿਲ ਜਾਣਗੇ ਪਰ ਹਾਏ ਦਿਗੰਬਰ ਪੀੜ੍ਹੀ ਨਾਲ, ਬੀਟਨਿਕਾਂ ਨਾਲ ਸਬੰਧਿਤ 'ਅਨੁਵ੍ਰਤ' ਤੇ 'ਮ੍ਰਿਤਯੁਬੋਧ' ਦਾ ਕੀ ਬਣੇਗਾ......ਬਣਨਾ ਕੀ ਹੈ ਪਹਿਲਾਂ ਹੀ ਮੌਤ ਦਾ ਬੋਧ ਤਾਂ ਹੈ ਹੀ, ਜੁੱਤੀਆਂ ਦਾ ਬੋਧ ਕਿਤੇ ਮੇਰੇ ਵਰਗਾ, ਜੱਟ ਕਰਾ ਦੇਵੇਗਾ। ਸੋ ਘਬਰਾਉ ਨਹੀਂ ਤੁਹਾਡਾ ਰਾਹ ਸਾਫ ਹੈ, ਅੱਗੇ ਵਧੋ। ਬਹਿਰ ਹਾਲ, ਕਵਿਤਾ ਭਾਗ 'ਚ ਸੁਖਬੀਰ ਨਵੀਂ ਕਵਿਤਾ ਨੂੰ ਧੋਖਾ ਦੇ ਰਿਹਾ ਹੈ—ਕੀ ਨਵੀਂ ਡਿਕਸ਼ਨ ਅਰਥਾਤ ਸ਼ਬਦ ਚਿਤਰ ਹੀ ਕਵਿਤਾ ਕਹਾਉਂਦੇ ਹਨ ? ਮੋਹਨਜੀਤ 'ਚ ਜਾਨ ਹੈ—ਹਾਂ ਯਾਰ ਇਹ ਦੇਵ ਕੌਣ ਹੈ। ਕਾਵਿ ਟੇਲੈਂਟ ਉਸ ਵਿਚ ਹੈ। ਉਸਨੂੰ ਆਖੋ ਥੋੜਾ ਜਿਹਾ ਆਧੁਨਿਕ ਕਾਵਿ ਸਾਹਿਤ ਤੇ ਕਾਵਿ ਆਲੋਚਨਾ ਦੀਆਂ ਪੁਸਤਕਾਂ ਪੜ੍ਹੇ। (ਤ੍ਰੈਲੋਚਨ ਨੂੰ ਆਖੋ ਕਿ ਲੋਕਾਂ ਨੂੰ ਨਾਅਰੇ ਦਿੰਦਾ ਆਪ ਕਿਉਂ ਹਨੇਰੇ 'ਚ ਹੈ ?) ਲੇਖਾਂ 'ਚ ਮੇਰੀ ਸ਼ਕਾਇਤ ਓਹੋ ਹੈ ਕਿ ਬਹੁਤ ਕੱਟੜਵਾਦੀ ਨਾ ਹੋਣ। ਵੈਸੇ ਇਕ ਦੋ ਲੇਖਾਂ 'ਚ ਦਲੀਲਾਂ ਹਨ। ਗੁਰਦਿਆਲ ਨੇ ਚੰਗੀ ਝਾੜ ਪਾਈ ਹੈ ਪਰ ਕੋਈ ਅਸਰ ਹੋਵੇ ਤਾਂ ਹੀ ਹੈ।

ਤ੍ਰੈਲੋਚਨ (ਬੱਤਾ)

"ਸਾਹਿਤ ਵਿਚ ਨਕਾਰਾਤਮਕ ਰੁਝਾਨ" ਸਬੰਧੀ ਤੇਰਾ ਲਖ ਮੈਂ 'ਸੁਰਤਾਲ' ਵਿਚ ਪੜ੍ਹਿਆ ਸੀ ਤੇ ਅਸ਼ਲੀਲਤਾ ਸਬੰਧੀ ਵੀ ਕੁਝ ਲੇਖ ਹੋਰ ਪੱਤਰਾਂ 'ਚ ਪੜ੍ਹਨ ਦਾ ਅਵਸਰ ਮਿਲਿਆ। ਸਾਹਿਤ ਵਿਚ ਅਸ਼ਲੀਲਤਾ ਸਬੰਧੀ ਨਕਾਰਾਤਮਕ ਰੁਚੀਆਂ ਬਾਰੇ ਅਜੇ ਨਿਰਣਾ ਹੋਵੇਗਾ। ਲਿੰਗ ਸਾਹਿਤ ਲਈ ਵਰਜਿਤ ਵਿਸ਼ਾ ਨਹੀਂ। ਅਸ਼ਲੀਲਤਾ ਲੇਖਕ ਦੇ ਮਨੋਰਥ ਤੇ ਅਭਿਵਿਅਕਤੀ ਦੇ ਚੱਜ 'ਚ ਹੁੰਦੀ ਹੈ ਉਂਜ ਵੀ ਹਰ ਸਾਹਿੱਤਕ ਕ੍ਰਿਤ ਦੀ ਆਪਣੀ ਨੈਤਿਕਤਾ ਤੇ ਆਪਣੀ ਵੱਖਰੀ ਹੋਂਦ ਹੁੰਦੀ ਹੈ। ਅਜੋਕੇ ਤੇਜ਼ ਰਫਤਾਰੀ ਦੇ ਯੁਗ ਵਿਚ ਸਮੇਂ ਤੇ ਸਥਾਨ ਦੀ ਵਿਥ ਏਨੀ ਸੁੰਗੜ ਗਈ ਹੈ ਕਿ ਇਕ ਕਾਸਮੋਪਾਲੀਟਨ ਵਰਗ ਦੀ ਹੋਂਦ ਸੰਭਵ ਹੋ ਰਹੀ ਹੈ। ਅਫਰੀਕਾ ਵਿਚ ਜਿਥੇ ਹਰ ਦੇਸ਼ ਦੇ ਯਾਤਰੂ ਆਉਂਦੇ ਹਨ ਇਸਦੀ ਹੋਂਦ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਹੁਣ ਅਸੀਂ ਆਪਣੇ ਹੀ Water tight compartments ਵਿਚ ਨਹੀਂ ਰਹਿ ਸਕਦੇ ਸਗੋਂ ਵਿਸ਼ਵ ਪੱਧਰ 'ਤੇ ਪੰਜਾਬੀ ਸਾਹਿਤ ਦੀ ਪੱਧਤੀ ਨੂੰ ਕਾਇਮ ਕਰਨ ਦੀ ਲੋੜ ਹੈ। ਜੋ ਕੁਝ ਭਾਰਤ ਵਿਚ ਅਨੈਤਿਕ ਹੈ ਉਹ ਏਥੇ ਅਫਰੀਕਾ ਅਤੇ ਇੰਗਲੈਂਡ ਅਤੇ ਯੂਰਪ ਦੀ ਸੁਸਾਇਟੀ ਦਾ ਸਰਵ-ਪਰਵਾਨਿਆ ਅੰਗ ਹੈ। ਉਂਜ ਵੀ ਮੈਂ ਸੇਖੋਂ ਦੇ ਇਸ ਕਥਨ ਨਾਲ ਸਹਿਮਤ ਹਾਂ ਕਿ "ਨੈਤਿਕ ਕੀਮਤਾਂ ਬਾਰੇ ਚਿੰਤਾ ਕਰਨ ਦੀ ਲੋੜ ਨਹੀਂ, ਇਹ ਸਮੇਂ ਨਾਲ ਬਦਲਦੀਆਂ

ਰਹਿੰਦੀਆਂ ਹਨ।'' ਬਾਰੀਕ ਬੀਨੀ ਨਾਲ ਵੇਖੀਏ ਤਾਂ ਅਜ ਤੋਂ ਵੀਹ ਸਾਲ ਪਹਿਲਾਂ ਦੇ ਪੰਜਾਬੀ ਸਦਾਚਾਰ ਨਾਲੋਂ ਅਜੋਕਾ ਸਦਾਚਾਰ ਬੁਨਿਆਦੀ ਤੌਰ ਤੇ ਵੱਖਰਾ ਹੈ। ਤੇ ਇਸਦੀ ਸਾਹਿਤ ਵਿਚ ਅਭਿਵਿਅਕਤੀ ਕਿਵੇਂ ਅਸ਼ਲੀਲ ਹੋਈ? ਜੇ ਸਾਹਿਤ ਜੀਵਨ ਚੋਂ ਜਨਮਦਾ ਹੈ ਤਾਂ ਜੀਵਨ ਦੇ ਪ੍ਰਤਿਬਿੰਬ ਦੀ ਡੂੰਘੀ ਛਾਪ ਇਸ ਉਤੇ ਯੋਗ ਤੇ ਕੁਦਰਤੀ ਹੈ।

ਰਹੀ ਗੱਲ 'ਕ੍ਰਾਂਤੀਸ਼ੀਲ ਆਧੁਨਿਕਤਾ' ਦੀ। ਆਧੁਨਿਕਤਾ ਪ੍ਰਤਿਗਾਮੀ ਕਦਾਚਿਤ ਨਹੀਂ ਹੁੰਦੀ। ਹਰ ਆਧੁਨਿਕ ਲੇਖਕ ਜੇ ਆਪਣੇ ਯੁਗ ਬੋਧ ਦਾ ਹਾਣੀ ਹੈ ਤਾਂ ਵਧ ਵਿਗਸ ਰਹੀ ਜ਼ਿੰਦਗੀ ਦੀ ਕ੍ਰਿਆਸ਼ੀਲਤਾ ਦਾ ਅਗਰਗਾਮੀ ਅੰਸ਼ ਉਸਦੀ ਰਚਨਾ ਦਾ ਆਧਾਰ ਬਣੇਗਾ। 1964 ਵਿਚ ਛਪੀ ਆਪਣੀ ਪੁਸਤਕ "ਪ੍ਰਯੋਗਸ਼ੀਲ ਕਾਵਿ ਦਰਪਨ" ਚੋਂ ਇਸ ਨੁਕਤੇ ਸਬੰਧੀ ਕੁਝ ਵਾਕ ਦਹੁਰਾਉਂਦਾ ਹਾਂ—"ਪ੍ਰਯੋਗਸ਼ੀਲ ਲਹਿਰ ਦੀ ਕਵਿਤਾ ਨੂੰ ਕਿਉਂਕਿ ਉਤਰ-ਪ੍ਰਗਤਿਵਾਦੀ ਧਾਰਾ ਦੀ ਕਵਿਤਾ ਸਮਝਿਆ ਜਾਂਦਾ ਹੈ, ਇਸ ਲਈ ਕਈ ਆਲੋਚਕ ਇਸਨੂੰ ਅਪ੍ਰਗਤਿਵਾਦੀ ਸਮਝਣ ਦੀ ਭੁੱਲ ਕਰ ਬਹਿੰਦੇ ਹਨ। ਜਦੋਂ ਕਿ ਅਸਲੀਅਤ ਇਹ ਹੈ ਕਿ ਪ੍ਰਯੋਗਸ਼ੀਲਤਾ ਸਦਾ ਪ੍ਰਗਤਿ-ਵਾਦੀ ਸ਼ਕਤੀਆਂ ਦਾ ਸਾਥ ਦਿੰਦੀ ਹੈ। ਫਿਰ ਮਤਭੇਦ ਕੀ ਹੋਇਆ? ਲੋੜ ਹੈ ਤਾਂ ਕੇਵਲ ਇਸ ਗੱਲ ਦੀ ਕਿ ਅਸੀਂ ਆਲੋਚਨਾ ਦੀ ਪੱਧਰ ਉਤੇ ਕੀਤੀਆਂ ਜ਼ਾਤੀ ਕੁਮਿਟਮੈਂਟਸ ਤੋਂ ਉਪਰ ਉਠਕੇ ਅਤੇ ਆਲੋਚਨਾ ਸੂਤਰਾਂ ਦਾ ਤਿਆਗ ਕਰਕੇ ਪਿਛਲੇ ਸੱਤ ਅੱਠ ਵਰ੍ਹਿਆਂ ਦੀ ਨਵੀਂ ਪੀੜ੍ਹੀ ਦੀ ਕਵਿਤਾ ਨੂੰ ਬਦਲੀਆਂ ਹੋਈਆਂ ਸਮਾਜਕ, ਆਰਥਕ, ਰਾਜਨੀਤਕ ਤੇ ਵਿਅਕਤੀਗਤ ਕੀਮਤਾਂ ਦੇ ਸੰਦਰਭ ਵਿਚ ਪਰਖੀਏ ਤੇ ਉਸਦਾ ਯੋਗ ਮੂਲਾਂਕਣ ਕਰੀਏ। ਇਸ ਸਬੰਧੀ ਮੈਂ ਸਭ ਸਮਕਾਲੀਆਂ ਨੂੰ ਸੱਦਾ ਦਿੰਦਾ ਹਾਂ।

ਰਵਿੰਦਰ ਰਵੀ (ਰੇਰੂ, ਕੇਨੀਆ)

---

## ਤ੍ਰੈਮਾਸਕ 'ਸਿਰਜਣਾ' ਬਾਰੇ ਜਾਣਕਾਰੀ


| | | |
|---|---|---|
| 1. | ਪ੍ਰਕਾਸ਼ਨ ਸਥਾਨ | 225 ਬੀ. ਮਖਦੂਮਪੁਰਾ, ਜਲੰਧਰ। |
| 2. | ਮੁਦ੍ਰਿਕ, ਸੰਪਾਦਕ, ਪ੍ਰਕਾਸ਼ਕ ਤੇ ਮਾਲਕ ਦਾ ਨਾਉਂ | ਸ੍ਰੀਮਤੀ ਸੁਲੇਖਾ |
| | ਕੌਮੀਅਤ | ਭਾਰਤੀ |
| | ਪਤਾ | 225 ਬੀ. ਮਖਦੂਮਪੁਰਾ, ਜਲੰਧਰ। |

ਮੈਂ, ਸੁਲੇਖਾ, ਐਲਾਨ ਕਰਦੀ ਹਾਂ ਕਿ ਉਪਰ ਦਿੱਤਾ ਵੇਰਵਾ ਮੇਰੀ ਜਾਣਕਾਰੀ ਅਤੇ ਵਿਸ਼ਵਾਸ਼ ਅਨੁਸਾਰ ਸਹੀ ਹੈ।

ਦਸਖਤ/ਸੁਲੇਖਾ
ਪ੍ਰਕਾਸ਼ਕ 'ਸਿਰਜਣਾ'

ਮਿਤੀ 28.2.1969.

---

ਮੁਦ੍ਰਿਕ, ਸੰਪਾਦਕ, ਪ੍ਰਕਾਸ਼ਕ ਤੇ ਮਾਲਕ ਸ੍ਰੀਮਤੀ ਸੁਲੇਖਾ ਨੇ ਅਨੂਪਮ ਪ੍ਰਿੰਟਿੰਗ ਪ੍ਰੈਸ, ਚਹਾਰ ਬਾਗ ਜਲੰਧਰ ਤੋਂ ਛਪਵਾਕੇ 225 ਬੀ. ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਪ੍ਰਕਾਸ਼ਨ ਮਿਤੀ 13.4.1969

**SIRJANA** Literary Punjabi Quarterly, Jullundur.
Vol. 5 No. 2 April-June 1969

Registered with the Registrar of Newspapers for India vide R.N. 10215/65

ਵਾਜਬੀ ਰੇਟਾਂ

ਤੇ

ਹਰ ਪ੍ਰਕਾਰ ਦੀ ਸੁੰਦਰ ਛਪਾਈ ਛੇਤੀ ਕਰਵਾਉਣ

ਲਈ

**ਲੇਟੈਸਟ ਪ੍ਰਿੰਟਰਜ਼**

ਵੱਲ ਰਜੂਹ ਕਰੋ

ਸਰਵਉੱਤਮ ਛਪਾਈ ਦਾ ਜ਼ਾਮਨ

**ਲੇਟੈਸਟ ਪ੍ਰਿੰਟਰਜ਼**

ਹੀ ਹੈ

**• ਲੇਟੈਸਟ ਪ੍ਰਿੰਟਰਜ਼**

ਨੇੜੇ ਰੋਜ਼ਾਨਾ ਹਿੰਦ ਸਮਾਚਾਰ ਜਲੰਧਰ-੧ ਫੋਨ : ੬੪੫੦